
ਲਕੀਰ
ਗਜਿੰਦਰ ਸਿੰਘ



ਏਕਤਾ ਦੋ ਬਰਾਬਰ ਦਿਆਂ ਵਿਚ ਹੁੰਦੀ ਹੈ ਅਤੇ ਇਕ ਦੂਜੇ ਦੀਆਂ ਹੱਦਾਂ ਦਾ ਸਤਿਕਾਰ ਕਰਕੇ ਹੁੰਦੀ ਹੈ। ਹਿੰਦੂ-ਸਿੱਖ ਕੌਮਾਂ ਵਿਚ ਅਮਨ ਅਤੇ ਚੰਗੇ ਸਬੰਧ ਸਥਾਈ ਰੂਪ ਵਿਚ ਤਾਂ ਹੀ ਰਹਿ ਸਕਦੇ ਹਨ ਜੇਕਰ ਦੋਹਾਂ ਵਿਚਲੀ ਲਕੀਰ ਨੂੰ ਪ੍ਰਵਾਨ ਕੀਤਾ ਜਾਵੇ। ਇਹ ਲਕੀਰ ਪਾਣੀ ਵਿਚ ਵਾਹੀ ਹੋਈ ਨਹੀਂ ਹੈ । ਇਹ ਲਕੀਰ ਅਕਾਲ ਪੁਰਖ ਦੇ ਹੁਕਮ ਨਾਲ ਦਸ ਗੁਰੂ ਸਾਹਿਬਾਨ ਨੇ ਵਾਹੀ ਹੈ। ਸਦੀਆਂ ਲੰਮੇ ਸੰਘਰਸ਼ਾਂ ਵਿਚ ਸਿੰਘਾਂ ਦੇ ਡੁੱਲ੍ਹੇ ਲਹੂ ਨੇ ਇਸ ਲਕੀਰ ਨੂੰ ਇੰਨਾ ਪੱਕਾ ਕਰ ਦਿੱਤਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸਨੂੰ ਮਿਟਾ ਨਹੀਂ ਸਕਦੀ ....

ਦੁਨੀਆਂ ਦੀ ਤੁਸੀਂ ਕੋਈ ਵੀ ਸਮੱਸਿਆ ਲਵੋ, ਫਿਲਸਤੀਨ-ਇਜ਼ਰਾਇਲ, ਦੱਖਣੀ ਅਫਰੀਕਾ ਜਾਂ ਨਾਮੀਬੀਆ, ਕਸ਼ਮੀਰ ਜਾਂ ਅਫਗਾਨਿਸਤਾਨ, ਨਿਕਾਰਾਗੂਆ ਜਾਂ ਐਲ-ਸਲਵਾਡੋਰ, ਪੱਛਮੀ ਸਹਾਰਾ ਜਾਂ ਐਰੀਟੀਰੀਆ, ਨਾਗਾਲੈਂਡ ਜਾਂ ਖਾਲਿਸਤਾਨ, ਬਾਸਕ ਜਾਂ ਤਾਮਿਲ ਈਲਮ, ਮੋਰੋ ਜਾਂ ਕੁਰਦਿਸਤਾਨ ਦੀ, ਹਰ ਥਾਂ 'ਤੇ ਇਕ ਧਿਰ ਲਈ ਜੋ ਜੁਝਾਰੂ ਹੈ ਦੂਜੇ ਲਈ 'ਆਤੰਕਵਾਦੀ' ਹੈ। ਜੋ ਅੱਜ 'ਆਤੰਕਵਾਦੀ' ਗਰਦਾਨਿਆ ਗਿਆ ਹੈ ਕੱਲ੍ਹ ਸਫਲਤਾ ਤੋਂ ਬਾਅਦ ਜ਼ਿੰਮੇਵਾਰ ਸਿਆਸਤਦਾਨ ਮੰਨਿਆ ਜਾਂਦਾ ਹੈ।

ਲੇਖਕ

ਭਾਈ ਗਜਿੰਦਰ ਸਿੰਘ ਖ਼ਾਲਿਸਤਾਨੀ ਵਿਚਾਰਧਾਰਾ ਨੂੰ ਸਮਰਪਤ ਸਿੱਖ ਆਗੂ ਹਨ ਜਿਨ੍ਹਾਂ ਦੀ ਜ਼ਿੰਦਗੀ ਦਾ ਇਤਿਹਾਸ ਮੂੰਹੋਂ ਬੋਲ ਰਿਹਾ ਹੈ। ਉਨ੍ਹਾਂ ਦੀ ਵਚਨਬੱਧਤਾ ਅਤੇ ਸਿੱਖ ਮਕਸਦ ਲਈ ਕੁਰਬਾਨੀ ਨੇ ਮੈਨੂੰ 'ਦਲ ਖਾਲਸਾ' 'ਚ ਸ਼ਾਮਿਲ ਹੋਣ ਲਈ ਪ੍ਰੇਰਿਆ। ਉਨ੍ਹਾਂ ਨੇ ਆਪਣੀ ਪੂਰੀ ਉਮਰ ਸਿੱਖ ਪ੍ਰਭੂਸਤਾ ਅਤੇ ਆਜ਼ਾਦੀ ਦੇ ਪਵਿੱਤਰ ਉਦੇਸ਼ ਨੂੰ ਸਮਰਪਤ ਕੀਤੀ ਹੋਈ ਹੈ । ਉਹ ਸਿੱਖ ਕੌਮ ਦੇ ਸਹਿਯੋਗ ਦੇ ਹੱਕਦਾਰ ਹਨ।

ਅਜੀਤ ਸਿੰਘ ਪੰਨੂ

ਅਮਰੀਕਾ

ਤਤਕਰਾ
(ਭਾਗ - ਪਹਿਲਾ)

(ਭਾਗ - ਦੂਜਾ)

Lakeer

(Collection of Articles)

By :

Gajinder Singh

ਪਹਿਲੀ ਵਾਰ : ਮੱਘਰ 535 ਸੰਮਤ ਨਾਨਕਸ਼ਾਹੀ
ਨਵੰਬਰ 2003 ਈਸਵੀ

ਦੂਜੀ ਵਾਰ : ਵੈਸਾਖ 536 ਸੰਮਤ ਨਾਨਕਸ਼ਾਹੀ
ਅਪ੍ਰੈਲ 2004 ਈਸਵੀ

ਸੰਪਾਦਕ ਅਤੇ ਪ੍ਰਕਾਸ਼ਕ :

ਕੰਵਰਪਾਲ ਸਿੰਘ

17-ਏ, ਰਾਣੀ ਕਾ ਬਾਗ, ਸ੍ਰੀ ਅੰਮ੍ਰਿਤਸਰ।

ਮਿਲਣ ਦਾ ਪਤਾ :

ਗੁਰਮਤਿ ਪੁਸਤਕ ਭੰਡਾਰ

ਦੁਕਾਨ ਨੰ: 31, ਚੌਂਕ ਘੰਟਾ ਘਰ ਮਾਰਕੀਟ,
ਸ੍ਰੀ ਅੰਮ੍ਰਿਤਸਰ। ਫ਼ੋਨ : 0183-5101231

ਛਾਪਕ :

ਪ੍ਰਿੰਟਵੈੱਲ

ਟਾਈਪ ਸੈਟਿੰਗ :

ਹੋਮਲੈਂਡ ਸਰਵਿਸਿਜ਼

ਲੁਧਿਆਣਾ

ਕੀਮਤ : 120 ਰੁਪਏ

ਸਮਰਪਤ

ਧਰਤੀ ਉੱਤੇ ਪਹਿਲੀ
ਖ਼ਾਲਸਈ ਹਕੂਮਤ ਸਥਾਪਤ ਕਰਨ,
ਨਾਨਕਸ਼ਾਹੀ ਸਿੱਕੇ ਜਾਰੀ ਕਰਨ ਅਤੇ
ਗੁਰੂ ਦੇ ਨਾਂ ਦੀ ਮੋਹਰ ਚਲਾਉਣ ਵਾਲੇ
ਬਾਬਾ ਬੰਦਾ ਸਿੰਘ ਬਹਾਦਰ
ਨੂੰ

ਲੇਖਕ ਬਾਰੇ

14 ਸਾਲ ਦੀ ਕੈਦ ਅਤੇ 22 ਸਾਲ ਦੀ ਜਲਾਵਤਨੀ ਸ੍ਰ. ਗਜਿੰਦਰ ਸਿੰਘ ਅੰਦਰ ਸਿੱਖੀ ਲਈ ਕੁਰਬਾਨੀ ਕਰਨ ਦੀ ਭਾਵਨਾ ਨੂੰ ਖਤਮ ਨਹੀਂ ਕਰ ਸਕੀ। ਸ੍ਰ. ਗਜਿੰਦਰ ਸਿੰਘ ਸਿੱਖ ਕੌਮ ਦੇ ਉਸ ਵਰਗ ਦੀ ਪ੍ਰਤੀਨਿੱਧਤਾ ਕਰਦੇ ਹਨ ਜਿਨ੍ਹਾ ਦਾ ਅਕੀਦਾ ਹੈ ਕਿ ਸਿੱਖਾਂ ਦੀ ਕੌਮੀ ਪਹਿਚਾਣ ਪ੍ਰਭੂਸਤਾ ਸੰਪੰਨ ਸਿੱਖ ਰਾਜ ਅੰਦਰ ਹੀ ਸਦਾ ਲਈ ਸੁਰੱਖਿਅਤ ਰਹਿ ਸਕਦੀ ਹੈ।

ਸ੍ਰ. ਗਜਿੰਦਰ ਸਿੰਘ ਉਸ ਟੀਮ ਦੇ ਆਗੂ ਸਨ ਜਿਨ੍ਹਾਂ ਨੇ 1981 'ਚ ਭਾਰਤੀ ਹਵਾਈ ਜਹਾਜ਼ ਅਗਵ੍ਹਾ ਕੀਤਾ ਸੀ। ਪਿਛਲਾ ਲੰਮਾ ਸਮਾਂ ਸ੍ਰ. ਗਜਿੰਦਰ ਸਿੰਘ ਨੇ ਪਾਕਿਸਤਾਨ ਦੀਆਂ ਜੇਲ੍ਹਾਂ ਅੰਦਰ ਬਿਤਾਇਆ ਹੈ।

ਦਲ ਖ਼ਾਲਸਾ ਦੇ ਅਜੋਕੇ ਸਰੂਪ ਦੇ ਬਾਨੀ ਸ੍ਰ. ਗਜਿੰਦਰ ਸਿੰਘ ਦਾ ਜਨਮ 19 ਨਵੰਬਰ 1951 ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਤਹਿਸੀਲ ਬੱਸੀ ਪਠਾਣਾਂ 'ਚ ਹੋਇਆ ਸੀ। ਪੰਜਾਬ ਦਾ ਹਰ ਚੇਤੰਨ ਵਰਗ ਸ੍ਰ. ਗਜਿੰਦਰ ਸਿੰਘ ਦੀ ਖ਼ਾਲਿਸਤਾਨ ਲਹਿਰ ਪ੍ਰਤੀ ਨਿਭਾਈ ਭੂਮਿਕਾ ਬਾਰੇ ਜਾਣਦਾ ਹੈ। ਗਜਿੰਦਰ ਸਿੰਘ ਨੇ ਵਿਦਿਆਰਥੀ ਕਾਲ ਦੌਰਾਨ ਹੀ ਸਰਗਰਮ ਸਿਆਸਤ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਸਿਰਦਾਰ ਕਪੂਰ ਸਿੰਘ ਦੀ ਅਗਵਾਈ ਮਾਨਣ ਵਾਲੇ ਇਨਕਲਾਬੀ ਸੋਚ ਦੇ ਧਾਰਨੀ ਚੋਣਵੇਂ ਨੌਜਵਾਨਾਂ ਵਿਚੋਂ ਇਕ ਹਨ। ਸ੍ਰ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਨੇ ਗਜਿੰਦਰ ਸਿੰਘ ਨੂੰ ਭਾਰਤੀ ਹੁਕਮਰਾਨਾ ਦੇ ਖਿਲਾਫ ਝੰਡਾ ਬੁਲੰਦ ਕਰਨ ਲਈ ਪ੍ਰੇਰਿਆ।

ਗਜਿੰਦਰ ਸਿੰਘ ਨੂੰ ਉਸ ਵੇਲੇ ਪ੍ਰਸਿੱਧੀ ਮਿਲੀ ਜਦੋਂ ਉਨ੍ਹਾਂ ਆਪਣੇ 2 ਸਾਥੀਆਂ ਸਮੇਤ ਦਸੰਬਰ 1971 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਚੋਣ ਜਲਸੇ ਮੌਕੇ 'ਸਿੱਖ ਹੋਮਲੈਂਡ' ਦੇ ਪੈਂਫਲੇਟ ਸੁੱਟੇ। ਇਸ ਘਟਨਾ ਤੋਂ ਬਾਅਦ ਗਜਿੰਦਰ ਸਿੰਘ ਨੂੰ ਪੁਲਿਸ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਇਨਕਲਾਬੀ ਸੋਚ ਕਾਰਨ ਸਰਕਾਰ ਨੇ ਉਨ੍ਹਾਂ ਨੂੰ ਸਿੱਖਿਆ ਵਿਭਾਗ ਦੀ ਨੌਕਰੀ 'ਚ ਬਰਖਾਸਤ ਕਰ ਦਿੱਤਾ। ਪੁਲਿਸ ਦੀਆਂ ਜ਼ਿਆਦਤੀਆਂ ਨੇ ਗਜਿੰਦਰ ਸਿੰਘ ਦੇ ਅੰਦਰ ਇਕ 'ਇਨਕਲਾਬੀ ਕਵੀ' ਨੂੰ ਜਨਮ ਦਿੱਤਾ। ਸ੍ਰ. ਗਜਿੰਦਰ ਸਿੰਘ ਨੇ ਆਪਣੀ ਪਹਿਲੀ ਕਾਵਿ-ਸੰਗ੍ਰਹਿ 'ਪੰਜ ਤੀਰ ਹੋਰ' 1974 'ਚ ਪੂਰੀ ਕੀਤੀ। ਮਗਰੋਂ ਉਨ੍ਹਾਂ ਨੇ 'ਵਸੀਅਤਨਾਮਾ', 'ਗੰਗੂ ਦੀ ਰੂਹ', 'ਸੂਰਜ ਤੇ ਖ਼ਾਲਿਸਤਾਨ' ਅਤੇ 'ਸਜਣੀ, ਸੰਘਰਸ਼ ਤੇ ਸਲਾਖਾਂ'

ਨਾਮੀ ਕਾਵਿ-ਸੰਗ੍ਰਹਿ ਲਿਖੇ।

ਸ੍ਰ. ਗਜਿੰਦਰ ਸਿੰਘ ਵਲੋਂ ਜਹਾਜ਼ ਅਗਵਾ ਕਰਨ ਦੀ ਖ਼ਬਰ ਨੇ ਉਨ੍ਹਾਂ ਦੇ ਮਾਂ-ਬਾਪ ਨੂੰ ਬਿਲਕੁਲ ਹੈਰਾਨ ਨਹੀਂ ਕੀਤਾ। ਸਗੋਂ ਇਸ ਦੇ ਉਲਟ ਸ੍ਰ. ਗਜਿੰਦਰ ਸਿੰਘ ਦੀ ਮਾਤਾ ਨੇ 'ਪੁੱਤਰ 'ਤੇ ਮਾਣ' ਹੋਣ ਦੀ ਗੱਲ ਕਹਿ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਸ੍ਰ. ਗਜਿੰਦਰ ਸਿੰਘ ਦੇ ਮਾਂ-ਬਾਪ ਦਾ ਦਿਹਾਂਤ ਉਨ੍ਹਾਂ ਦੀ ਕੈਦੀ ਜ਼ਿੰਦਗੀ ਦੌਰਾਨ ਹੀ ਹੋ ਗਿਆ ਸੀ। ਸ੍ਰ. ਗਜਿੰਦਰ ਸਿੰਘ ਦਾ ਆਨੰਦ ਕਾਰਜ ਬੀਬੀ ਮਨਜੀਤ ਕੌਰ ਨਾਲ ਹੋਇਆ। ਉਨ੍ਹਾਂ ਦੀ ਇਕ ਬੱਚੀ ਬਿਕਰਮਜੀਤ ਕੌਰ ਅੱਜ ਕੱਲ੍ਹ ਅਮਰੀਕਾ ਵਿਚ ਆਪਣੀ ਪੜ੍ਹਾਈ ਕਰ ਰਹੀ ਹੈ।

ਭਾਵੇਂ ਕਿ ਭਾਰਤ ਸਰਕਾਰ ਦੀਆਂ ਨਜ਼ਰਾਂ 'ਚ ਉਹ 20 ਅਤਿ-ਲੋੜੀਂਦੇ ਵਿਅਕਤੀਆਂ 'ਚੋਂ ਇਕ ਹਨ, ਪਰ ਸਿੱਖ ਕੌਮ ਲਈ ਉਹ ਆਪਣੇ ਸਮੇਂ ਦੇ ਪ੍ਰਭਾਵਸ਼ਾਲੀ ਅਤੇ ਸਤਿਕਾਰਯੋਗ ਇਨਕਲਾਬੀ ਸਿੱਖ ਹਨ।

– ਸੰਪਾਦਕ

ੴ ਸਤਿਗੁਰ ਪ੍ਰਸਾਦਿ।

ਸ੍ਰ. ਗਜਿੰਦਰ ਸਿੰਘ ਮੇਰੀਆਂ ਨਜ਼ਰਾਂ ਵਿਚ

ਦਲ ਖ਼ਾਲਸਾ ਦੇ ਮੁੱਖ ਸੇਵਾਦਾਰ ਗਜਿੰਦਰ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ ਮਹਾਨ ਸਿੱਖ ਚਿੰਤਕ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਦੇ ਘਰ ਹੋਈ ਸੀ। ਇਸ ਪਹਿਲੀ ਮੁਲਾਕਾਤ ਵਿਚ ਹੀ ਮੈਂ ਉਸ ਦੀ ਪੰਥ-ਪ੍ਰਸਤੀ ਦੀ ਪ੍ਰਬਲ ਭਾਵਨਾ, ਪੰਥ ਲਈ ਕੁਝ ਕਰ ਮਰਨ ਦੀ ਤੜਪ, ਦੂਰ-ਦ੍ਰਿਸ਼ਟੀ ਅਤੇ ਕਮਾਲ ਦੀ ਸੂਝ-ਬੂਝ ਦਾ ਕਾਇਲ ਹੋ ਗਿਆ ਸਾਂ। ਸਮੇਂ ਦੇ ਬੀਤਣ ਨਾਲ ਉਸ ਬਾਰੇ ਮੇਰਾ ਇਹ ਪ੍ਰਭਾਵ ਹੋਰ ਵੀ ਗਹਿਰਾ ਹੋਇਆ ਹੈ।

ਗਜਿੰਦਰ ਸਿੰਘ ਪ੍ਰਤੀਬੱਧਤਾ ਦੀ ਜਿਊਂਦੀ ਜਾਗਦੀ ਮਿਸਾਲ ਹੈ। ਉਹ ਇੱਕ ਪ੍ਰਤੀਬੱਧ ਗੁਰਸਿੱਖ, ਪ੍ਰਤੀਬੱਧ ਲੇਖਕ ਅਤੇ ਪ੍ਰਤੀਬੱਧ ਚਿੰਤਕ ਹੈ। ਪਰ ਉਸ ਦੀ ਪਹਿਲੀ ਪ੍ਰਤੀਬੱਧਤਾ ਖ਼ਾਲਸਾ ਪੰਥ ਲਈ ਇਸ ਦੁਨੀਆਂ ਵਿਚ ਵਿਲੱਖਣ ਅਤੇ ਸਨਮਾਨਯੋਗ ਸਥਾਨ ਬਣਾਉਣ ਦੀ ਹੈ। ਇਸ ਤੜਪ ਵਿਚੋਂ ਹੀ ਉਸ ਦੇ ਅੰਦਰ ਹਿੰਦੁਸਤਾਨ ਵਿਚ ਸਿੱਖਾਂ ਨਾਲ ਤਕਰੀਬਨ ਅੱਧੀ ਸਦੀ ਤੋਂ ਹੁੰਦੀਆਂ ਆ ਰਹੀਆਂ ਬੇਇਨਸਾਫੀਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਜਹਾਜ਼ ਅਗਵਾ ਕਰਨ ਵਾਲੀ ਘਟਨਾ ਨੇ ਜਨਮ ਲਿਆ ਸੀ। ਇਸ ਲਈ ਉਸਨੇ ਕਾਨੂੰਨ ਅਨੁਸਾਰ ਮਿਲਣ ਵਾਲੀ ਸਜ਼ਾ ਵੀ ਹੱਸ-ਹੱਸ ਕੇ ਕੱਟੀ ਹੈ।

ਗਜਿੰਦਰ ਸਿੰਘ ਨੂੰ ਅਕਾਲ ਪੁਰਖ ਨੇ ਕਮਾਲ ਦੀ ਬਿਬੇਕ ਬੁੱਧੀ, ਦੂਰ-ਦ੍ਰਿਸ਼ਟੀ ਅਤੇ ਪੰਥ-ਪ੍ਰਸਤੀ ਦੀ ਭਾਵਨਾ ਬਖਸ਼ੀ ਹੋਈ ਹੈ। ਇਸ ਦੇ ਨਾਲ-ਨਾਲ ਕਲਮ ਚਲਾਉਣ ਦੀ ਤਾਕਤ ਵੀ ਦਿੱਤੀ ਹੋਈ ਹੈ।

ਅਜੋਕੀ ਪੰਥਕ ਸਥਿਤੀ ਵਿਚ ਸ੍ਰ. ਗਜਿੰਦਰ ਸਿੰਘ ਆਪਣੇ ਇਨ੍ਹਾਂ ਗੁਣਾਂ ਦੀ ਵਰਤੋਂ ਸਿੱਖ ਨੌਜਵਾਨ ਪੀੜ੍ਹੀ ਅੰਦਰ ਆਧੁਨਿਕ ਮੁਹਾਵਰੇ ਅਤੇ ਨਵੀਨਤਮ ਤਕਨੀਕ ਰਾਹੀਂ ਵਿਲੱਖਣ ਸਿੱਖ ਸਿਧਾਂਤਾਂ, ਨਰੋਈਆਂ ਪ੍ਰੰਪਰਾਵਾਂ ਅਤੇ ਅਮੀਰ ਇਤਿਹਾਸਕ ਵਿਰਸੇ ਬਾਰੇ ਚੇਤਨਤਾ ਪੈਦਾ ਕਰਨ ਲਈ ਕਰ ਸਕਦੇ ਹਨ। ਇਸ ਚੇਤਨਤਾ ਨੇ ਹੀ ਪੇਤਲੇ ਪੈ ਚੁਕੇ ਪੰਥਕ ਜਜ਼ਬੇ ਨੂੰ ਮੁੜ ਪ੍ਰਚੰਡ ਕਰਨ ਲਈ ਆਧਾਰ ਬਣਨਾ ਹੈ ਅਤੇ ਪ੍ਰਚੰਡ ਹੋਏ ਪੰਥਕ ਜਜ਼ਬੇ ਦੀ ਚਾਲਕ ਸ਼ਕਤੀ ਨੇ ਹੀ ਫਿਰ ਸਿੱਖਾਂ ਨੂੰ ਪੰਥਕ ਮਾਰਗ ਦੇ ਪਾਂਧੀ ਬਣਾਉਣਾ ਹੈ।

28 ਜੁਲਾਈ, 2003

ਗੁਰਚਰਨ ਸਿੰਘ ਟੌਹੜਾ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

ਦੋ ਸ਼ਬਦ

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਪੰਜਾਬ ਅੰਦਰ ਮੇਰੇ ਇਕ ਅਜ਼ੀਜ਼ ਵਲੋਂ ਮੇਰੀਆਂ ਲਿਖਤਾਂ ਦਾ ਸੰਗ੍ਰਹਿ ਛਾਪਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਮੇਰੀ ਸੋਚ ਅਨੁਸਾਰ ਇਹ ਉਪਰਾਲਾ ਇਸ ਕਰਕੇ ਵੀ ਸ਼ਲਾਘਾਯੋਗ ਹੈ ਕਿਉਂਕਿ ਮੇਰੀਆਂ ਇਹ ਲਿਖਤਾਂ ਮੇਰੀ ਜਲਾਵਤਨੀ ਦੀ ਕਮੀ ਨੂੰ ਕੁਝ ਹੱਦ ਤੀਕ ਦੂਰ ਜ਼ਰੂਰ ਕਰਨਗੀਆਂ।

ਅਲੱਗ-ਅਲੱਗ ਮੌਕਿਆਂ ਉਤੇ ਲਿਖੇ ਇਹ ਲੇਖ ਅਸਲ ਵਿਚ ਮੇਰੀ ਸੋਚ ਅਤੇ ਜਜ਼ਬਾਤਾਂ ਦੀ ਹੀ ਤਰਜਮਾਨੀ ਕਰਦੇ ਹਨ। ਕੈਦੀ ਜ਼ਿੰਦਗੀ ਦੌਰਾਨ ਸੂਚਨਾ ਪ੍ਰਾਪਤ ਕਰਨ ਲਈ ਮੇਰੇ ਕੋਲ ਬੜੇ ਸੀਮਤ ਜਿਹੇ ਸਾਧਨ ਸਨ। ਅਖ਼ਬਾਰੀ ਖ਼ਬਰਾਂ ਅਤੇ ਰੇਡੀਓ ਤੋਂ ਇਲਾਵਾ ਜੇਲ੍ਹ ਵਿਚ ਮੁਲਾਕਾਤਾਂ ਕਰਨ ਆਉਂਦੇ ਦੋਸਤਾਂ-ਮਿੱਤਰਾਂ ਤੋਂ ਪ੍ਰਾਪਤ ਹੁੰਦੀ ਜਾਣਕਾਰੀ ਹੀ ਮੇਰੇ ਲੇਖਾਂ ਲਈ ਮੁੱਖ ਵਸੀਲਾ ਰਹੀ ਹੈ।

ਮੈਂ ਅਤੇ ਮੇਰੇ ਸਾਥੀ ਜਿਸਮਾਨੀ ਤੌਰ 'ਤੇ ਭਾਵੇਂ 1981 ਤੋਂ 1994 ਤਕ ਪੰਜਾਬ ਤੋਂ ਦੂਰ ਪਾਕਿਸਤਾਨ ਦੀ ਇਕ ਜੇਲ੍ਹ ਵਿਚ ਬੰਦ ਰਹੇ ਪਰ ਸਾਡੀ ਆਤਮਾ ਨੇ ਪੰਜਾਬ ਅੰਦਰ ਵਾਪਰਨ ਵਾਲੀ ਹਰ ਘਟਨਾ ਦਾ ਸੇਕ ਸ਼ਿੱਦਤ ਨਾਲ ਮਹਿਸੂਸ ਕੀਤਾ। ਮੇਰੀ ਅੰਤਰ-ਆਤਮਾ ਨੇ ਜੋ ਕੁਝ ਮਹਿਸੂਸ ਕੀਤਾ, ਉਹ ਆਪ ਮੁਹਾਰੇ ਲਿਖਿਆ ਗਿਆ। ਮੈ ਆਪਣੇ ਅੰਦਰ ਦੀ ਸੱਚਾਈ ਨੂੰ ਛੁਪਾਉਣ ਜਾਂ ਦਬਾਉਣ ਦਾ ਕਦੇ ਯਤਨ ਨਹੀਂ ਕੀਤੇ। ਇਸ ਲਈ ਮੈਂ ਜੋ ਵੀ ਹਾਂ, ਆਪ ਦੇ ਸਾਹਮਣੇ ਹਾਂ। ਮੈਨੂੰ ਇਹ ਵੀ ਅਹਿਸਾਸ ਹੈ ਕਿ ਕੌਮੀ ਦਰਦ ਦੀ ਪੀੜ ਵਿਚੋਂ ਕਈ ਵਾਰ ਮੈਥੋਂ ਤਲਖ ਟਿੱਪਣੀਆਂ ਵੀ ਹੋਈਆਂ ਹੋਣਗੀਆਂ।

ਵੈਸੇ ਮੈਂ ਲਿਖਣ ਦੀ ਸ਼ੁਰੂਆਤ 1967-68 ਵਿਚ ਕਰ ਦਿੱਤੀ ਸੀ। ਮੇਰੇ ਪਹਿਲੇ ਯਾਦ ਰਹਿਣ ਵਾਲੇ ਲੇਖ ਦਾ ਨਾਂ ਸੀ "ਕੀ ਹਰਿਆਣਾ ਸਿੱਖਾਂ ਲਈ ਪਾਕਿਸਤਾਨ ਹੈ?" ਇਹ ਲੇਖ ਮੈਂ ਸਪੋਕਸਮੈਨ ਵਾਲੇ ਸ੍ਰ. ਜੋਗਿੰਦਰ ਸਿੰਘ ਦੇ ਪਰਿਵਾਰ ਨਾਲ ਹਰਿਆਣਾ ਦੇ ਇਕ ਕਾਂਗਰਸੀ ਲੀਡਰ ਚੌਧਰੀ ਰਿਜਕ ਰਾਮ ਵਲੋਂ ਕੀਤੀ ਜ਼ਿਆਦਤੀ ਦੇ ਖਿਲਾਫ ਲਿਖਿਆ ਸੀ, ਜਿਸ ਕਾਰਨ ਇਸ ਪਰਿਵਾਰ ਨੂੰ ਹਰਿਆਣਾ ਛੱਡ ਕੇ ਨਿਕਲਣਾ ਪਿਆ ਸੀ।

-ਲੇਖਕ

ਜੋ ਅਕਸਰ ਯਾਦ ਆਉਂਦੇ ਹਨ......

1969 ਵਿਚ ਮੇਰਾ ਸਬੰਧ ਸਿਰਦਾਰ ਕਪੂਰ ਸਿੰਘ ਤੇ ਫਿਰ ਉਨ੍ਹਾਂ ਰਾਹੀਂ ਸ੍ਰ. ਗੁਰਤੇਜ ਸਿੰਘ, ਸ੍ਰ. ਹਰਗੁਰਨਾਦ ਸਿੰਘ, ਜਥੇਦਾਰ ਉਜਾਗਰ ਸਿੰਘ ਰੰਧਾਵਾ, ਮਾਸਟਰ ਹਜ਼ਾਰਾ ਸਿੰਘ ਚੱਕ ਮਿਸ਼ਰੀ ਖਾਂ, ਸ੍ਰ. ਗੁਰਚਰਨ ਸਿੰਘ ਗਰੀਬ ਵਰਗੇ ਸਿੱਖ ਹੋਮਲੈਂਡ ਦੇ ਹਾਮੀ ਆਗੂਆਂ ਨਾਲ ਜੁੜਿਆ।

ਡੇਰਾ ਬੱਸੀ ਦੇ ਹਰਬੰਤ ਸਿੰਘ, ਮਨਜੀਤ ਸਿੰਘ, ਜਗਦੀਸ਼ ਸਿੰਘ ਨਾਲ ਮੇਰਾ ਪੰਥਕ ਦਰਦ ਦਾ ਰਿਸ਼ਤਾ ਵੀ ਉਨ੍ਹਾਂ ਦਿਨਾਂ ਵਿਚ ਹੀ ਜੁੜਿਆ। ਸ ਹਰਸਿਮਰਨ ਸਿੰਘ, ਜੋ ਮੇਰੇ ਨਾਲ ਜਜ਼ਬਾਤੀ ਤੇ ਜਮਾਤੀ ਤੌਰ 'ਤੇ ਇਕਜੁੱਟ ਹੋ ਗਏ ਸਨ,ਨਾਲ ਮੇਰੀ ਮੁਲਾਕਾਤ ਫੈਡਰੇਸ਼ਨ ਦੇ ਆਗੂ ਸ੍ਰ. ਕੁਲਵੰਤ ਸਿੰਘ ਮਾਂਗਟ ਨੇ ਕਰਵਾਈ ਸੀ। ਇਹ ਵੀਰ ਅਕਸਰ ਯਾਦ ਆਉਦੇ ਹਨ। ਫੈਡਰੇਸ਼ਨ ਦੇ ਇਕ ਹੋਰ ਆਗੂ ਸ ਮਨਜੀਤ ਸਿੰਘ ਕਲਕੱਤਾ ਨਾਲ ਵੀ ਮੇਰੀ ਨੇੜਤਾ ਸਿਰਦਾਰ ਕਪੂਰ ਸਿੰਘ ਰਾਹੀਂ ਹੋਈ ਸੀ। ਇਨ੍ਹਾਂ ਦਿਨਾਂ ਵਿਚ ਹੀ ਚੰਡੀਗੜ੍ਹ ਤੋਂ ਮਨਮੋਹਨ ਸਿੰਘ ਵੀ ਸਾਡੇ ਨਾਲ ਕਾਫੀ ਸਰਗਰਮ ਹੋ ਗਿਆ ਸੀ, ਜੋ ਯੂ.ਕੇ. ਵਿਚ ਰਹਿੰਦੇ ਹੋਏ ਅੱਜ ਵੀ ਸਾਡੇ ਨਾਲ ਤੁਰਿਆ ਆ ਰਿਹਾ ਹੈ।

ਇਸੇ ਦੌਰ ਦੇ ਸਾਥੀਆਂ ਵਿਚੋਂ ਮੇਰੀਆਂ ਯਾਦਾਂ ਵਿਚ ਚੰਡੀਗੜ੍ਹ ਵਾਲੇ ਸਤਨਾਮ ਸਿੰਘ, ਬੰਬਈ ਤੋਂ ਪ੍ਰੋ. ਜਗਮੋਹਨ ਸਿੰਘ ਅਤੇ ਸੰਗਰੂਰ ਵਾਲੇ ਮਰਹੂਮ ਪ੍ਰੋ. ਸੁਖਜਿੰਦਰ ਸਿੰਘ ਦੇ ਨਾਂ ਅੱਜ ਵੀ ਸੁਰੱਖਿਅਤ ਹਨ। ਜੇਲ੍ਹ ਦੀ ਜ਼ਿੰਦਗੀ ਦੌਰਾਨ ਵਿਦੇਸ਼ ਬੈਠੇ ਜਿਸ ਸਾਥੀ ਨੇ ਸਭ ਤੋਂ ਵਧੇਰੇ ਸਾਥ ਨਿਭਾਇਆ, ਉਹ ਯੂ.ਕੇ ਵਾਲਾ ਰਣਜੀਤ ਸਿੰਘ ਰਾਣਾ ਹੈ।

ਜੇਲੋਂ ਰਿਹਾਅ ਹੋਇਆਂ ਵੀ ਅੱਜ 8-9 ਸਾਲ ਹੋ ਚੁੱਕੇ ਹਨ ਪਰ ਆਜ਼ਾਦੀ ਦਾ ਸੁਆਦ ਦੇਖਣ ਨੂੰ ਨਹੀਂ ਮਿਲਿਆ। ਅੱਜ ਜਦੋਂ ਸਾਥੀਆਂ ਵਲੋਂ ਕੀਤੇ ਕਿਸੇ ਚੰਗੇ ਤੇ ਉਸਾਰੂ ਕੰਮ ਦੀ ਖ਼ਬਰ ਪੜ੍ਹਦਾ ਹਾਂ ਤਾਂ ਦਿਲ ਨੂੰ ਇਕ ਤਸੱਲੀ ਅਤੇ ਖੁਸ਼ੀ ਜਿਹੀ ਮਹਿਸੂਸ ਹੁੰਦੀ ਹੈ। ਵਾਹਿਗੁਰੂ ਦੀ ਕਿਰਪਾ ਤੋਂ ਬਾਅਦ ਇਹੀ ਮੇਰੀ ਤਾਕਤ ਹੈ। ਪਿਛਲੇ ਪੰਜ ਸਾਲਾਂ ਤੋਂ ਕੰਵਰਪਾਲ ਸਿੰਘ, ਫਿਰ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਹੁਣ ਹਰਚਰਨਜੀਤ ਸਿੰਘ ਧਾਮੀ, ਸਰਬਜੀਤ ਸਿੰਘ ਘੁਮਾਣ ਤੇ ਬਾਕੀ ਸਾਥੀ ਵੀਰਾਂ ਦੇ ਕੰਮ ਨੇ ਜਥੇਬੰਦੀ ਤੇ ਲਹਿਰ ਵਿਚ ਜੋ ਨਵੀਂ ਰੂਹ ਫੂਕੀ ਹੈ, ਵਾਹਿਗੁਰੂ ਮਿਹਰ ਕਰੇ ਉਹ ਆਪਣੇ ਆਪ ਵਿਚ ਕੌਮੀ ਲਹਿਰ ਦੀ ਇਤਿਹਾਸਕ ਪ੍ਰਾਪਤੀ ਹੋ ਨਿੱਬੜੇ। ਇਹੀ ਮੇਰੀ ਅਰਦਾਸ ਹੈ।

-ਲੇਖਕ

ਭੂਮਿਕਾ

ਸ੍ਰ. ਗਜਿੰਦਰ ਸਿੰਘ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਹਤਾਜ਼ ਨਹੀਂ। ਉਹ ਇਕ ਸੱਚੇ ਖ਼ਾਲਿਸਤਾਨੀ ਹਨ। ਵੈਸੇ ਸ੍ਰ. ਗਜਿੰਦਰ ਸਿੰਘ ਨੇ ਇਕ ਇਨਕਲਾਬੀ ਕਵੀ ਵਜੋਂ ਵੱਧ ਪ੍ਰਸਿੱਧੀ ਖੱਟੀ ਹੈ।

ਸ੍ਰ. ਗਜਿੰਦਰ ਸਿੰਘ ਨਾਲ ਮੇਰੀ ਪਛਾਣ 19 ਸਾਲ ਪਹਿਲਾਂ ਪਾਕਿਸਤਾਨ ਦੀ ਫੈਸਲਾਬਾਦ ਜੇਲ੍ਹ ਵਿਚ ਹੋਈ ਸੀ। ਇਹ ਗੱਲ 25 ਸਤੰਬਰ, 1984 ਦੀ ਹੈ ਜਦੋਂ ਮੈਨੂੰ ਮੇਰੇ ਦੋ ਹੋਰ ਸਾਥੀਆਂ ਸਮੇਤ ਸਰਹੱਦ ਪਾਰ ਕਰਨ ਦੇ ਦੋਸ਼ ਹੇਠ ਫੈਸਲਾਬਾਦ ਜੇਲ੍ਹ ਭੇਜਿਆ ਗਿਆ ਤਾਂ ਉਸ ਵੇਲੇ ਸ੍ਰ. ਗਜਿੰਦਰ ਸਿੰਘ ਆਪਣੇ ਚਾਰ ਹੋਰ ਸਾਥੀਆਂ ਸਮੇਤ ਭਾਰਤੀ ਜਹਾਜ਼ ਅਗਵਾ ਕੇਸ ਵਿਚ ਉਸੇ ਜੇਲ੍ਹ ਅੰਦਰ ਕੈਦ ਕੱਟ ਰਹੇ ਸਨ। ਅਸੀਂ ਜੂਨ 84 ਦੇ ਦਰਬਾਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਦੇ ਰੋਸ ਵਜੋਂ ਪੰਥਕ ਜੱਦੋ-ਜਹਿਦ ਵਿਚ ਆਪਣਾ ਯੋਗਦਾਨ ਪਾਉਣ ਲਈ ਜੁਝਾਰੂ ਸਿੰਘਾਂ ਦੇ ਕਾਫਲੇ ਵਿਚ ਸ਼ਾਮਲ ਹੋਣ ਦੇ ਮੰਤਵ ਨਾਲ ਸਰਹੱਦ ਪਾਰ ਚਲੇ ਗਏ ਸੀ।

ਜੇਲ੍ਹ ਅੰਦਰ ਮੈਨੂੰ ਸ੍ਰ. ਗਜਿੰਦਰ ਸਿੰਘ ਦੇ ਨਾਲ ਰਹਿਣ ਦਾ ਇਕ ਲੰਮਾ ਮੌਕਾ ਮਿਲਿਆ। ਮੈਂ ਉਨ੍ਹਾਂ ਨੂੰ ਨੇੜਿਉਂ ਵੇਖਿਆ, ਸਮਝਿਆ ਅਤੇ ਉਨ੍ਹਾਂ ਦੇ ਸਾਥ ਦਾ ਨਿੱਘ ਵੀ ਮਾਣਿਆ। ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਦੇ ਬਾਵਜੂਦ ਉਹ ਹਮੇਸ਼ਾ ਅਡੋਲ ਹੀ ਨਜ਼ਰ ਆਏ। ਮੈਂ ਉਨ੍ਹਾਂ ਦੀ ਸੂਝ-ਬੂਝ, ਪੰਥਕ ਤੜਪ ਅਤੇ ਕੁਰਬਾਨੀ ਦੇ ਜਜ਼ਬੇ ਤੋਂ ਪੂਰੀ ਤਰ੍ਹਾਂ ਕਾਇਲ ਹੋਇਆ ਸਾਂ ਅਤੇ ਹਾਂ। ਸਾਡੇ ਪਹੁੰਚਣ ਤੋਂ ਪਹਿਲਾਂ ਜੇਲ੍ਹ ਅੰਦਰ ਹਾਈਜੈਕਰਾਂ ਸਮੇਤ ਕੁਲ 136 ਸਿੰਘ ਮੌਜੂਦ ਸਨ। ਵੇਖਦਿਆਂ ਹੀ ਵੇਖਦਿਆਂ ਇਹ ਗਿਣਤੀ 400 ਦੇ ਕਰੀਬ ਪਹੁੰਚ ਗਈ। ਇਨ੍ਹਾਂ ਵਿਚ ਬਹੁਤੀ ਤਾਦਾਦ ਸੰਤ ਜਰਨੈਲ ਸਿੰਘ ਦੇ ਉਪਾਸ਼ਕਾਂ ਦੀ ਸੀ। ਵੈਸੇ ਬੱਬਰ ਖ਼ਾਲਸਾ ਅਤੇ ਅਕਾਲ ਫੈਡਰੇਸ਼ਨ ਨਾਲ ਸਬੰਧਤ ਸਿੰਘ ਵੀ ਉਥੇ ਮੌਜੂਦ ਸਨ।

6 ਕੁ ਮਹੀਨੇ ਬਾਅਦ ਮੇਰੀ ਰਿਹਾਈ ਹੋ ਗਈ ਅਤੇ ਮੈਂ ਜਲਦੀ ਹੀ ਪੰਜਾਬ ਨੂੰ ਵਾਪਸ ਪਰਤ ਆਇਆ। ਦੂਜੀ ਵਾਰ ਸ੍ਰ. ਗਜਿੰਦਰ ਸਿੰਘ ਨਾਲ ਮੁਲਾਕਾਤ ਦਸੰਬਰ 1994 ਵਿਚ ਉਨ੍ਹਾਂ ਦੀ ਰਿਹਾਈ ਤੋਂ ਬਾਅਦ ਹੋਈ। 14 ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਵੀ ਮੈਂ ਉਨ੍ਹਾਂ ਅੰਦਰ ਤਾਜ਼ਗੀ ਅਤੇ ਦ੍ਰਿੜ੍ਹਤਾ ਸਾਫ ਝਲਕਦੀ ਵੇਖੀ। ਵਿਸ਼ੇਸ਼ਤਾ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਨੇ ਆਪਣੇ ਕੌਮੀ ਆਦਰਸ਼ਾਂ ਲਈ ਹਰ ਔਕੜ ਤੇ ਕੁਰਬਾਨੀ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ।

ਜਦੋਂ ਰਿਹਾਅ ਹੋਏ ਬਹੁਤੇ ਹਾਈਜੈਕਰਾਂ ਅੰਦਰ ਵਿਦੇਸ਼ ਜਾ ਕੇ ਸੈੱਟ ਹੋਣ ਦੀ ਇੱਛਾ ਪ੍ਰਬਲ ਰੂਪ ਵਿਚ ਵੇਖੀ ਤਾਂ ਮੈਂ ਸ੍ਰ. ਗਜਿੰਦਰ ਸਿੰਘ ਕੋਲੋਂ ਵੀ ਉਨ੍ਹਾਂ ਦੇ ਭਵਿੱਖ ਦੇ ਪ੍ਰੋਗਰਾਮ ਬਾਰੇ ਜਾਨਣਾ ਚਾਹਿਆ। ਉਸ ਵੇਲੇ ਜੋ ਉਨ੍ਹਾਂ ਜੁਆਬ ਦਿੱਤਾ, ਉਹ ਉਨ੍ਹਾਂ ਦੀ ਦ੍ਰਿੜਤਾ ਦਾ ਪ੍ਰਤੀਕ ਸੀ ਕਿ ਉਹ ਆਪਣੇ ਪੰਥਕ ਮਿਸ਼ਨ ਵਿਚ ਕਿੰਨੇ ਕੁ ਪ੍ਰਬਲ ਹਨ। ਉਨ੍ਹਾਂ ਕਿਹਾ "ਤੇਰਾਂ ਸਾਲ ਦੀ ਇਹ ਕੈਦੀ ਜ਼ਿੰਦਗੀ, ਮੇਰੇ ਅੰਦਰ ਵਿਚਾਰਾਂ ਦੀ ਕੋਈ ਭੰਨ-ਤੋੜ ਨਹੀਂ ਕਰ ਸਕੀ। ਕੌਮੀ ਆਜ਼ਾਦੀ ਪ੍ਰਤੀ ਮੇਰੀ ਵਚਨਬੱਧਤਾ ਪਹਿਲਾਂ ਵਾਂਗ ਹੀ ਪਰਿਪੱਕ ਹੈ ਅਤੇ ਜਜ਼ਬੇ ਬੁਲੰਦ ਹਨ। ਮੈਂ ਅੱਜ ਵੀ ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ।"

ਸ੍ਰ. ਗਜਿੰਦਰ ਸਿੰਘ ਨਾਲ ਮੇਰੀ ਤੀਸਰੀ ਮੁਲਾਕਾਤ ਜੂਨ 1996 ਵਿਚ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਖੇ ਹੋਈ। ਇਸ ਮੁਲਾਕਾਤ ਮੌਕੇ ਸ੍ਰ. ਸੁਰਿੰਦਰ ਸਿੰਘ ਸੇਖੋਂ ਵੀ ਸਾਡੇ ਨਾਲ ਸਨ। ਦਿਲਚਸਪ ਗੱਲ ਇਹ ਹੈ ਕਿ ਸਾਡੀ ਤਿੰਨਾਂ ਦੀ ਇਸੇ ਮੁਲਾਕਾਤ ਵਿਚੋਂ ਹੀ ਦਲ ਖ਼ਾਲਸਾ ਦੇ ਅਜੋਕੇ ਸਰੂਪ ਦਾ ਜਨਮ ਹੋਇਆ।

ਸ੍ਰ. ਗਜਿੰਦਰ ਸਿੰਘ ਮੁਲਾਕਾਤਾਂ ਦੌਰਾਨ ਅਕਸਰ ਇਹ ਕਿਹਾ ਕਰਦੇ ਸਨ ਕਿ ਉਹ ਕੈਦੀ ਜ਼ਿੰਦਗੀ ਦੌਰਾਨ ਆਪਣੀਆਂ ਲਿਖਤਾਂ ਰਾਹੀਂ ਸੰਘਰਸ਼ ਅਤੇ ਕੌਮ ਨਾਲ ਜੁੜੇ ਰਹੇ ਹਨ। ਉਨ੍ਹਾਂ ਨੇ ਕਲਮ ਦੀ ਵਰਤੋਂ ਵੀ ਇਕ ਕਾਰਗਰ ਹਥਿਆਰ ਵਾਂਗ ਹੀ ਕੀਤੀ। ਉਨ੍ਹਾਂ ਦੀਆਂ ਲਿਖਤਾਂ ਦੇਸ਼-ਵਿਦੇਸ਼ ਦੇ ਅਨੇਕਾਂ ਪਰਚਿਆਂ ਅਤੇ ਪੰਜਾਬ 'ਚੋਂ ਛਪਦੇ 'ਸੰਤ ਸਿਪਾਹੀ' ਰਸਾਲੇ ਵਿਚ ਛਪਦੀਆਂ ਰਹੀਆਂ ਸਨ।

1998 ਤੋਂ ਬਾਅਦ ਪੰਜਾਬ ਦੇ ਸਿਆਸੀ ਖੇਤਰ ਅੰਦਰ ਵਿਚਰਦਿਆਂ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਮਹਾਨ ਕੁਰਬਾਨੀ ਕਰਨ ਵਾਲੇ ਸ੍ਰ. ਗਜਿੰਦਰ ਸਿੰਘ ਦੀ ਸਮੁੱਚੀ ਸ਼ਖਸੀਅਤ ਬਾਰੇ ਕੌਮ ਨੂੰ ਕੋਈ ਖਬਰ ਹੀ ਨਹੀ ਹੈ। ਦੁੱਖ ਇਸ ਗੱਲ ਦਾ ਵੀ ਹੋਇਆ ਕਿ ਜਿਹੜੇ ਸਿੱਖ ਆਗੂ ਅਤੇ ਵਿਦਵਾਨ ਉਨ੍ਹਾਂ ਦੀ ਸ਼ਖਸੀਅਤ ਦੇ ਵਡੱਪਣ ਤੋਂ ਜਾਣੂ ਸਨ, ਉਹ ਵੀ ਇਕ ਭੇਤਭਰੀ ਖਾਮੋਸ਼ੀ ਧਾਰੀ ਬੈਠੇ ਰਹੇ। ਇਹ ਸਭ ਕੁਝ ਵੇਖਦਿਆਂ ਮੈਂ ਇਹ ਜ਼ਰੂਰੀ ਸਮਝਿਆ ਕਿ ਸ੍ਰ. ਗਜਿੰਦਰ ਸਿੰਘ ਦੀ ਸਮੁੱਚੀ ਸ਼ਖਸੀਅਤ ਬਾਰੇ ਆਮ ਸਿੱਖਾਂ ਨੂੰ ਜਾਣੂ ਕਰਵਾਇਆ ਜਾਵੇ।

ਭਾਰਤੀ ਸੰਸਦ ਉਪਰ ਹੋਏ ਹਮਲੇ ਤੋਂ ਬਾਅਦ ਸਰਕਾਰ ਵਲੋਂ ਸ੍ਰ. ਗਜਿੰਦਰ ਸਿੰਘ ਦਾ ਨਾਂ ਅਤਿ-ਲੋੜੀਂਦੇ ਦਹਿਸ਼ਤਗਰਦਾਂ ਵਿਚ ਸ਼ਾਮਲ ਕੀਤਾ ਗਿਆ ਤਾਂ ਸਾਨੂੰ ਭਾਰਤ ਦੇ ਇਸ ਪੱਖਪਾਤੀ ਫੈਸਲੇ ਉੱਤੇ ਡੂੰਘਾ ਅਫਸੋਸ ਹੋਇਆ। ਮੈਂ ਮਹਿਸੂਸ ਕੀਤਾ ਕਿ ਭਾਰਤ ਸਰਕਾਰ ਨੇ ਅਜਿਹਾ ਕਰਕੇ ਸ੍ਰ. ਗਜਿੰਦਰ ਸਿੰਘ ਦੀ ਸ਼ਖਸੀਅਤ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਬਦਨਾਮ ਕਰਨ ਦਾ ਯਤਨ ਕੀਤਾ ਹੈ। ਸਰਕਾਰ

ਦੇ ਇਸ ਹਮਲੇ ਤੋਂ ਬਾਅਦ ਮੈਂ ਆਪਣੀ ਇਹ ਜ਼ਿੰਮੇਵਾਰੀ ਸਮਝੀ ਕਿ ਸ੍ਰ. ਗਜਿੰਦਰ ਸਿੰਘ ਦੀ ਸ਼ਖਸੀਅਤ ਨੂੰ ਸੰਪੂਰਨ ਰੂਪ ਵਿਚ ਨਿਖਾਰ ਕੇ ਅਤੇ ਸਹੀ ਸੰਦਰਭ ਵਿਚ ਸਿੱਖਾਂ ਸਾਹਮਣੇ ਰੱਖਿਆ ਜਾਵੇ। ਇਸੇ ਲੋੜ ਵਿਚੋਂ ਹੀ ਹਥਲਾ ਲੇਖ-ਸੰਗ੍ਰਹਿ ਸਾਹਮਣੇ ਆਇਆ।

ਇਸ ਲੇਖ-ਸੰਗ੍ਰਹਿ ਵਿਚ ਸ੍ਰ. ਗਜਿੰਦਰ ਸਿੰਘ ਦੇ 22 ਲੇਖ ਛਾਪੇ ਜਾ ਰਹੇ ਹਨ। ਉਨ੍ਹਾਂ ਦੇ ਲੇਖਾਂ ਦਾ ਇਕ ਵੱਡਾ ਭੰਡਾਰ ਮੇਰੇ ਕੋਲ ਮੌਜੂਦ ਹੈ ਪਰ ਮੈਂ ਹਰ ਵੰਨਗੀ ਦੇ ਇਕ-ਦੋ ਲੇਖ ਹੀ ਇਸ ਸੰਗ੍ਰਹਿ ਲਈ ਚੁਣੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਲੇਖ ਜੁਝਾਰੂ ਸੰਘਰਸ਼ ਦੀ ਚੜ੍ਹਤ ਮੌਕੇ ਲਿਖੇ ਗਏ ਸਨ। ਸ੍ਰ. ਗਜਿੰਦਰ ਸਿੰਘ ਹੁਰਾਂ ਅੰਤਰਰਾਸ਼ਟਰੀ ਸਿਆਸਤ ਅਤੇ ਇਸਦੇ ਸਿੱਖ ਸੰਘਰਸ਼ ਉੱਤੇ ਪੈਣ ਵਾਲੇ ਪ੍ਰਭਾਵ ਨੂੰ ਵੀ ਆਪਣੀਆਂ ਲਿਖਤਾਂ ਵਿਚ ਵਿਸ਼ਾ ਬਣਾਇਆ ਹੈ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਘਟਨਾਵਾਂ ਅਤੇ ਸ਼ਖਸੀਅਤਾਂ ਦੇ ਜ਼ਿਕਰ ਵਾਲੇ ਲੇਖ ਵੀ ਇਸ ਸੰਗ੍ਰਹਿ ਵਿਚ ਛਾਪੇ ਗਏ ਹਨ।

ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਦੁਨੀਆਂ ਭਰ ਵਿਚੋਂ ਜਦੋਂ ਵੀ ਕਿਸੇ ਨੇ ਖ਼ਾਲਿਸਤਾਨ ਦੇ ਸੰਕਲਪ ਨੂੰ ਨਿੰਦਿਆ ਹੈ ਤਾਂ ਗਜਿੰਦਰ ਸਿੰਘ ਦੀ ਆਤਮਾ ਤੜਪ ਉੱਠੀ ਅਤੇ ਉਨ੍ਹਾਂ ਆਪਣੇ ਦਰਦ ਨੂੰ ਜਿਸ ਅੰਦਾਜ਼ ਨਾਲ ਕਾਗਜ਼ ਦੀ ਹਿੱਕ ਉੱਤੇ ਉਕਰਿਆ ਹੈ, ਉਹ ਪਾਠਕ ਨੂੰ ਆਪਣੇ ਨਾਲ ਰੋੜ੍ਹ ਕੇ ਲੈ ਜਾਣ ਵਿਚ ਸਮਰੱਥ ਹੈ। ਇਸ ਦੇ ਨਾਲ ਹੀ ਸ੍ਰ. ਗਜਿੰਦਰ ਸਿੰਘ ਨੇ ਜਿਥੇ ਹਿੰਦੁਸਤਾਨੀ ਜਬਰ-ਜ਼ੁਲਮ ਨੂੰ ਆਪਣੇ ਲੇਖਾਂ ਦਾ ਵਿਸ਼ਾ ਬਣਾਇਆ ਹੈ, ਉਥੇ ਜੁਝਾਰੂਆਂ ਹੱਥੋਂ ਹੋਏ ਹਰ ਅਣਮਨੁੱਖੀ ਕਾਰੇ ਨੂੰ ਵੀ ਦਲੇਰੀ ਨਾਲ ਨਿੰਦਿਆ ਹੈ।

ਕੌਮ ਨੂੰ ਸ਼ਾਇਦ ਸ੍ਰ. ਗਜਿੰਦਰ ਸਿੰਘ ਦੀਆਂ ਕਈ ਲਿਖਤਾਂ ਬੀਤੇ ਵਕਤ ਦੀਆਂ ਗੱਲਾਂ ਲੱਗਣ ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਲਿਖਤਾਂ ਦਾ ਮੂਲ-ਭਾਵ ਜਿੰਨਾ ਕੱਲ੍ਹ ਮਹੱਤਵ ਰੱਖਦਾ ਸੀ ਅੱਜ ਸ਼ਾਇਦ ਉਸ ਤੋਂ ਵੀ ਵੱਧ ਮਹੱਤਵਪੂਰਨ ਹੋ ਗਿਆ ਹੈ ਕਿਉਂਕਿ ਸਾਡੀ ਪੰਥਕ ਸਥਿਤੀ ਵਿਚ ਹਜ਼ਾਰਾਂ ਕੁਰਬਾਨੀਆਂ ਦੇ ਬਾਵਜੂਦ ਕੋਈ ਬਦਲਾਅ ਨਹੀਂ ਆਇਆ।

ਮੈਂ ਮਹਿਸੂਸ ਕਰਦਾ ਹਾਂ ਕਿ ਖ਼ਾਲਸਾ ਪੰਥ ਦੇ ਜਿਸ ਹਿੱਸੇ ਅੰਦਰੋਂ ਆਜ਼ਾਦੀ ਦੀ ਤੜਪ ਮਰਦੀ-ਮੁੱਕਦੀ ਜਾ ਰਹੀ ਹੈ, ਉਸ ਨੂੰ ਸ੍ਰ. ਗਜਿੰਦਰ ਸਿੰਘ ਦੇ ਇਸ ਲੇਖ-ਸੰਗ੍ਰਹਿ ਦੀ ਸਖਤ ਲੋੜ ਹੈ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਸ੍ਰ. ਗਜਿੰਦਰ ਸਿੰਘ ਦੇ ਲਫਜ਼ ਦੁਨੀਆਂ ਦੇ ਹਰ ਗ਼ੁਲਾਮ ਬਸ਼ਰ ਨੂੰ ਆਜ਼ਾਦ ਹੋ ਕੇ ਜਿਊਣ ਦੀ ਪ੍ਰੇਰਨਾ ਦੇਣ ਦੇ ਸਮਰੱਥ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤੀ ਹਾਕਮ ਜਮਾਤ ਜੋ

ਸਿੱਖਾਂ ਦੀ ਆਜ਼ਾਦੀ ਦੀ ਭਾਵਨਾ ਨੂੰ ਸਹੀ ਪਰਿਪੇਖ ਵਿਚ ਸਮਝਣਾ ਚਾਹੁੰਦੀ ਹੈ ਤਾਂ ਇਹ ਲੇਖ-ਸੰਗ੍ਰਹਿ ਉਸ ਦੀ ਵੀ ਲੋੜ ਪੂਰੀ ਕਰਦਾ ਹੈ।

ਅੰਤ ਵਿਚ ਮੈਂ 'ਸੰਤ-ਸਿਪਾਹੀ' ਅਦਾਰੇ ਦਾ ਧੰਨਵਾਦੀ ਹਾਂ, ਜਿੱਥੋਂ ਮੈਨੂੰ ਸ੍ਰ. ਗਜਿੰਦਰ ਸਿੰਘ ਦੇ ਲੇਖਾਂ ਦਾ ਇਕ ਵੱਡਾ ਹਿੱਸਾ ਪ੍ਰਾਪਤ ਹੋਇਆ ਹੈ। ਮੈਂ ਪ੍ਰੋ. ਜਗਮੋਹਨ ਸਿੰਘ (ਲੁਧਿਆਣਾ) ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੇ ਇਸ ਉਪਰਾਲੇ ਦੇ ਵਿਚ ਸਿਰਫ ਸਾਥ ਹੀ ਨਹੀਂ ਦਿੱਤਾ ਸਗੋਂ ਹੌਸਲਾ-ਅਫਜ਼ਾਈ ਵੀ ਕੀਤੀ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ੍ਰ. ਕਰਮਜੀਤ ਸਿੰਘ, ਸ੍ਰ. ਨਰਾਇਣ ਸਿੰਘ ਦਾ ਵੀ ਮੈਂ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਵੱਡਮੁੱਲੇ ਵਿਚਾਰ ਇਸ ਲੇਖ-ਸੰਗ੍ਰਹਿ ਲਈ ਦਿੱਤੇ ਹਨ।

– ਕੰਵਰਪਾਲ ਸਿੰਘ

ਮੁੱਖ ਬੰਦ

ਭਾਈ ਗਜਿੰਦਰ ਸਿੰਘ ਤੁਰਦਾ-ਫਿਰਦਾ ਇਤਿਹਾਸ ਹੈ। ਉਹ ਇਕ ਸੁਚੇਤ ਸੰਘਰਸ਼ ਦਾ ਪ੍ਰਤੀਕ ਹੈ, ਜਿਸ ਸੰਘਰਸ਼ ਵਿਚ ਸਿੱਖ ਵਿਚਾਰਧਾਰਾ ਨੂੰ ਸਰਵੋਤਮ ਸਥਾਨ ਹਾਸਲ ਹੈ। ਉਸੈ ਨੇ ਸਿੱਖ ਵਿਚਾਰਧਾਰਾ ਦੇ ਮੁਹਾਜ਼ 'ਤੇ ਖਲੋ ਕੇ ਹੀ ਸੰਸਾਰ ਦੇ ਸਮਾਜਿਕ ਅਤੇ ਰਾਜਨੀਤਕ ਵਰਤਾਰਿਆਂ ਦੀ ਵਿਆਖਿਆ ਕੀਤੀ ਹੈ। ਜਿਹੜੀ ਕਵਿਤਾ ਵੀ ਉਸ ਨੇ ਰਚੀ ਉਹ ਵੀ ਇਸੇ ਨੁਕਤਾ-ਨਿਗਾਹ ਦੀ ਰਹਿਮਤ ਵਿਚੋਂ ਹੀ ਪੈਦਾ ਹੋਈ। ਸਿੱਖ ਤੇ ਸਿੱਖੀ ਦੇ ਨੁਕਤੇ ਤੋਂ ਉਹ ਇਕ ਪਲ ਲਈ ਵੀ ਲਾਂਭੇ ਨਹੀਂ ਹੋਇਆ ਅਤੇ ਨਾ ਹੀ ਇਸ ਦੀ ਮਹਾਨਤਾ ਅਤੇ ਮਹੱਤਤਾ ਤੋਂ ਕਦੇ ਉਸਦਾ ਸਿਦਕ ਡੋਲਿਆ ਹੈ।

ਸਿੱਖ ਪੰਥ ਕੋਲ ਇਸ ਸਮੇਂ ਕਿੰਨੀਆਂ ਕੁ ਹਸਤੀਆਂ ਹਨ ਜਿਨ੍ਹਾਂ ਦੇ ਧੁਰ ਅੰਦਰ ਸਿੱਖ-ਦਰਦ ਦੇ ਗੂੜ੍ਹੇ ਰੰਗਾਂ ਦੇ ਦੀਦਾਰ ਵੀ ਹੋ ਸਕਣ ਅਤੇ ਜਿਨ੍ਹਾਂ ਦੇ ਅੰਦਰ ਉਸ ਪਹਿਲ-ਤਾਜ਼ਗੀ ਦੀਆਂ ਝਲਕਾਂ ਵੀ ਮਿਲਦੀਆਂ ਹਨ-ਹਾਂ, ਉਸ ਪਹਿਲ-ਤਾਜ਼ਗੀ ਦੀਆਂ ਝਲਕਾਂ ਜਿਨ੍ਹਾਂ ਨੂੰ ਕਦੇ ਦਸਮੇਸ਼ ਪਿਤਾ ਨੇ ਇਸ ਧਰਤੀ 'ਤੇ ਉਤਾਰਿਆ ਸੀ। ਬਹੁਤ ਥੋੜ੍ਹੀਆਂ ਹਸਤੀਆਂ ਹਨ। ਜਾਂ ਇਉਂ ਵੀ ਕਹਿ ਲਵੋ ਕਿ ਉਂਗਲਾਂ 'ਤੇ ਗਿਣੀਆਂ ਜਾਣ ਵਾਲੀਆਂ ਹਨ। ਭਾਈ ਗਜਿੰਦਰ ਸਿੰਘ ਉਨ੍ਹਾਂ ਵਿਚੋਂ ਇਕ ਹੈ। ਉਹ ਲਮਕਵੇਂ ਸਿੱਖ ਸੰਘਰਸ਼ ਦੀ ਇਤਿਹਾਸਕ ਦਸਤਾਵੇਜ਼ ਦਾ ਵੀ ਇਕ ਕੀਮਤੀ ਹਿੱਸਾ ਹੈ।

ਗੁਰਬਾਣੀ ਅਤੇ ਸਿੱਖ ਇਤਿਹਾਸ ਗਜਿੰਦਰ ਸਿੰਘ ਦੇ ਸੁੱਚੇ ਦਰਦ ਦਾ ਸਰਸਬਜ਼ ਚਸ਼ਮਾ ਹੈ। ਸਿੱਖ ਇਤਿਹਾਸ ਦਾ ਉਹ ਅਨਮੋਲ ਹਿੱਸਾ ਜਿਹੜਾ ਵਿਸ਼ੇਸ਼ ਤੌਰ 'ਤੇ ਗੁਰਬਾਣੀ ਨਾਲ ਰੰਗਿਆ ਗਿਆ ਹੋਵੇ, ਉਹ ਉਸ ਨੂੰ ਜਾਨ ਨਾਲੋਂ ਵੀ ਵੱਧ ਪਿਆਰਾ ਹੈ। ਉਸ 'ਤੇ ਉਹ ਮਾਣ ਵੀ ਕਰਦਾ ਹੈ ਅਤੇ ਉਹ ਉਸ ਨੂੰ ਕਾਲੀਆਂ ਬੋਲੀਆਂ ਰਾਤਾਂ ਵਿਚ ਜਗ੍ਹਾ ਕੇ ਵੀ ਰੱਖਦਾ ਰਿਹਾ ਹੈ।

ਗੁਰਬਾਣੀ ਦੀ ਇਕ ਇਲਾਹੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖ ਨੂੰ ਇਤਿਹਾਸ ਵੱਲ ਧੱਕਦੀ ਹੈ। ਇਤਿਹਾਸ ਦੀ ਜਾਗ ਲਾਉਂਦੀ ਹੈ। ਇਤਿਹਾਸ ਵਿਚ ਵਿਚਰਣ, ਇਸ ਵਿਚ ਆਪਣੀ ਪਹਿਚਾਣ ਅਤੇ ਆਪਣਾ ਸਥਾਨ ਬਣਾਉਣ

ਲਈ ਪ੍ਰੇਰਦੀ ਹੈ। ਪ੍ਰੇਰਦੀ ਹੀ ਨਹੀਂ ਸਗੋਂ ਹੁਕਮਨਾਮਾ ਵੀ ਜਾਰੀ ਕਰਦੀ ਹੈ। ਜੇ ਵਕਤ ਦੇ ਰਾਜੇ ਸ਼ੀਂਹ ਤੇ ਮੁਕੱਦਮ ਕੁੱਤੇ ਹਨ ਤਾਂ ਫਿਰ ਉਨ੍ਹਾਂ ਵਿਰੁੱਧ ਜੰਗ ਇਤਿਹਾਸ ਵਿਚ ਉਤਰ ਕੇ ਲੜੀ ਜਾ ਸਕਦੀ ਹੈ। ਇਹ ਜੰਗ ਖ਼ਾਲਸਾ ਲੜਦਾ ਰਿਹਾ ਹੈ ਤੇ ਲੜਦਾ ਰਹੇਗਾ ਵੀ। ਪਰ ਇਸ ਜੰਗ ਦੇ ਕਿਹੜੇ ਰੂਪ ਅਖਤਿਆਰ ਕਰਨੇ ਹਨ, ਉਹ ਸਮੇਂ ਤੇ ਸਥਾਨ ਮੁਤਾਬਕ ਵੱਖ-ਵੱਖ ਹੋ ਸਕਦੇ ਹਨ।

ਜਦੋਂ ਕੋਈ ਵੀ ਜਗਿਆਸੂ ਗੁਰਬਾਣੀ ਉਤੇ ਧਿਆਨ ਧਰਦਾ ਹੈ ਜਾਂ ਇਸਦੀ ਗੂੜ੍ਹ ਗਾਥਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦੇ ਅੰਦਰ ਇਤਿਹਾਸ ਵਿਚ ਉਤਰਨ ਦਾ ਚਾਅ ਆਪ ਮੁਹਾਰੇ ਪੈਦਾ ਹੋ ਜਾਂਦਾ ਹੈ। ਇਤਿਹਾਸ ਵਿਚ ਉਤਰਨ ਦਾ ਮਤਲਬ ਹੈ ਇਤਿਹਾਸ ਨੂੰ ਸਮਝਣਾ ਵੀ ਤੇ ਇਸ ਨੂੰ ਬਦਲਣਾ ਵੀ। ਸਾਡੇ ਗੁਰੂ 'ਇਸ' ਦੁਨੀਆਂ ਦੇ ਵੀ ਪਾਤਸ਼ਾਹ ਹਨ ਅਤੇ 'ਉਸ' ਦੁਨੀਆਂ ਦੇ ਵੀ। ਇਸ ਦੁਨੀਆਂ ਦੀ ਪਾਤਸ਼ਾਹੀ ਦਸਮ ਪਿਤਾ ਨੇ ਖ਼ਾਲਸਾ ਜੀ ਨੂੰ ਬਖ਼ਸ਼ੀ ਹੈ। ਖ਼ਾਲਸਾ ਜੀ ਨੇ ਇਸ ਬਖ਼ਸ਼ਸ਼ ਦੀ ਕਿੰਨੀ ਕੁ ਕਦਰ ਪਾਈ ਹੈ, ਇਹ ਇਕ ਵੱਖਰਾ ਪਰ ਗੰਭੀਰ ਸਵਾਲ ਹੈ ਜੋ ਇਕ ਵੱਖਰੇ ਲੇਖ ਦੀ ਮੰਗ ਕਰਦਾ ਹੈ। ਪਰ ਜਿਥੇ-ਜਿਥੇ ਵੀ ਅਤੇ ਜਦੋਂ-ਜਦੋਂ ਵੀ ਖ਼ਾਲਸੇ ਨੇ ਕਦਰ ਪਾਈ ਹੈ ਉਹ ਸਾਡੇ ਇਤਿਹਾਸ ਦਾ ਇਕ ਸੁਨਹਿਰੀ ਕਾਂਡ ਹੈ। ਸਿੱਖ ਇਤਿਹਾਸ ਦੇ ਇਸ ਸੁਨਹਿਰੀ ਪੰਨੇ ਭਾਈ ਗਜਿੰਦਰ ਸਿੰਘ ਦੇ ਮਨ-ਮਸਤਕ ਵਿਚ ਵਸੇ ਹੋਏ ਹਨ। ਇਹੋ ਜਿਹੇ ਪੰਨਿਆਂ ਨੇ ਹੀ ਉਸ ਦੀ ਚੇਤਨਾ ਨੂੰ ਜੋਸ਼, ਹੋਸ਼ ਅਤੇ ਰੋਸ ਦੇ ਵੰਨ-ਸਵੰਨੇ ਰੰਗਾਂ ਨਾਲ ਸਰਸ਼ਾਰ ਕੀਤਾ ਹੈ। ਚੜ੍ਹਦੀ ਜਵਾਨੀ ਵਿਚ ਉਹ ਬਹੁਤ ਕਾਹਲਾ ਸੀ ਕਿ ਇਹ ਚੇਤਨਾ ਇਕ ਤੂਫਾਨ ਬਣ ਕੇ ਸਾਰੇ ਖ਼ਾਲਸੇ ਨੂੰ ਆਪਣੀ ਲਪੇਟ ਵਿਚ ਲੈ ਲਏ ਪਰ ਉਸ ਨੂੰ ਖ਼ਾਲਸੇ ਦੀ ਸਮੂਹਿਕ-ਚੇਤਨਾ ਉਤੇ ਚੜ੍ਹੇ ਮਾਇਆ ਦੇ ਲੇਪ ਅਤੇ ਖ਼ਾਲਸੇ ਦੀ ਲੀਡਰਸ਼ਿਪ ਦੀਆਂ 'ਬਿਪਰਨ ਕੀ ਰੀਤ' ਵੱਲ ਮੁੜੀਆਂ ਮੁਹਾਰਾਂ ਦੀ ਡੂੰਘੀ ਖ਼ਬਰਸਾਰ ਨਹੀਂ ਸੀ ਜਾਂ ਇਉਂ ਕਹਿ ਲਵੋ ਕਿ ਉਸ ਨੂੰ ਇਸ ਗੁੰਝਲਦਾਰ ਮਾਜਰੇ ਦਾ ਧੁੰਦਲਾ ਜਿਹਾ ਅਨੁਭਵ ਸੀ। ਪਰ ਉਸ ਉਦਾਸ ਦੌਰ ਵਿਚ ਵੀ ਉਹ ਇਤਿਹਾਸ ਦੇ ਬੀਤ ਚੁੱਕੇ ਸੁਨਹਿਰੀ ਪਲਾਂ ਨੂੰ ਭੁਲਿਆ ਨਹੀਂ ਸੀ। ਸਿੱਖ ਇਤਿਹਾਸ ਦਾ ਚੜ੍ਹਦਾ ਤੇ ਢਲਦਾ ਸੂਰਜ ਉਸਦੀ ਯਾਦ ਵਿਚ ਉਸਲਵੱਟੇ ਲੈਂਦਾ ਰਹਿੰਦਾ ਹੈ। ਉਸਦੀ ਕਵਿਤਾ ਦੀ ਇਸ ਸਤਰ ਨੂੰ ਰਤਾ ਗਹੁ ਨਾਲ ਪੜ੍ਹੋ:-

ਜੰਗ ਹਿੰਦ ਪੰਜਾਬ ਦਾ ਮੁੜ ਹੋਸੀ,
ਸਾਥੋਂ ਖੁੱਸੀਆਂ ਭਾਵੇਂ ਸਰਦਾਰੀਆਂ ਨੇ।
ਉਦੋਂ ਤਕ ਨਹੀਂ ਜੰਗ ਖਤਮ ਹੋਣੀ,
ਜਦ ਤੱਕ ਜਿੱਤਦੀਆਂ ਨਹੀਂ, ਜਿਹੜੀਆਂ ਹਾਰੀਆਂ ਨੇ॥

ਸਿੱਖ ਇਤਿਹਾਸ ਦੀ ਓਪਰੀ ਜਿਹੀ ਸਮਝ ਰੱਖਣ ਵਾਲੇ ਨੂੰ ਵੀ ਇਹ ਸਤਰਾਂ ਧੁਰ ਹਿਰਦੇ ਤੱਕ ਕੰਬਣੀ ਛੇੜ ਦਿੰਦੀਆਂ ਹਨ ਕਿਉਂਕਿ ਇਕੋ ਸਮੇਂ ਇਹ ਸਤਰਾਂ ਉਦਾਸੀ, ਚੁਣੌਤੀ ਤੇ ਖੁਸ਼ੀ ਦੇ ਭਾਵਾਂ ਦਾ ਸੰਚਾਰ ਕਰ ਦਿੰਦੀਆਂ ਹਨ। ਇਹ ਸਤਰਾਂ ਸਿੱਖ-ਯਾਦ ਨੂੰ 150 ਸਾਲ ਪਹਿਲਾਂ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਗੁਜਰਾਤ ਦੀ ਆਖਰੀ ਜੰਗ ਚੇਤੇ ਕਰਵਾਉਂਦੀਆਂ ਹਨ, ਜਿਸ ਵਿਚ ਸਿੱਖ ਫੌਜਾਂ ਹਾਰ ਗਈਆਂ ਹਨ ਅਤੇ ਅੰਗਰੇਜ਼ ਪੰਜਾਬ 'ਤੇ ਕਾਬਜ਼ ਹੋ ਗਏ ਸਨ। ਕੀ ਇਹ ਸਤਰਾਂ ਪੜ੍ਹ ਕੇ ਇਉਂ ਨਹੀਂ ਲਗਦਾ ਜਿਵੇਂ ਕੁਝ ਪਲਾਂ ਲਈ ਸ਼ਾਹ ਮੁਹੰਮਦ ਦੀ ਰੂਹ ਦਾ ਦਰਦ ਗਜਿੰਦਰ ਸਿੰਘ ਵਿਚ ਪ੍ਰਵੇਸ਼ ਕਰ ਗਿਆ ਹੋਵੇ? ਪਰ ਸਾਡੇ ਇਸ ਗਜਿੰਦਰ ਦੀ ਰੂਹ ਤਾਂ ਉਦੋਂ ਤਕ ਬੇਚੈਨ ਰਹੇਗੀ ਜਦੋਂ ਤੱਕ ਹਾਰ ਜਾਣ ਵਾਲੇ ਜਿੱਤ ਨਹੀਂ ਜਾਂਦੇ। ਬੱਸ, ਇਸ ਹਾਰ ਨੂੰ ਜਿੱਤ ਵਿਚ ਬਦਲਣ ਦੀ ਰੀਝ ਨੇ ਹੀ ਇਕ ਦਿਨ ਉਸ ਨੂੰ ਲੰਮੀਆਂ ਵਾਟਾਂ 'ਤੇ ਤੋਰ ਦਿੱਤਾ... ਤੇ ਉਹ ਤੁਰਿਆ ਜਾ ਰਿਹਾ ਹੈ। ਉਸਦਾ ਰੁਕਣਾ ਵੀ ਘੜੀ-ਪਲ ਸਾਹ ਲੈਣਾ ਹੀ ਹੈ।

ਉਪਰੋਕਤ ਕਾਵਿ-ਸਤਰਾਂ ਲਿਖਣ ਵਾਲਾ ਭਾਵੇਂ ਸਤਰਵਿਆਂ ਵਿਚ ਜੋਸ਼ ਅਤੇ ਹੋਸ਼ ਦਾ ਇਕ ਉਚਾ ਸੰਤੁਲਣ ਕਾਇਮ ਨਾ ਵੀ ਰੱਖ ਸਕਿਆ ਹੋਵੇ ਪਰ ਤਾਂ ਵੀ ਉਸ ਦੀ ਸਹਿਜ ਸੁਭਾਅ ਮਾਸੂਮੀਅਤ ਨੇ ਆਉਣ ਵਾਲੇ ਕੱਲ੍ਹ ਦੇ ਧੁੰਦਲੇ ਨਕਸ਼ ਵੇਖ ਲਏ ਸਨ। ਮਗਰੋਂ ਅਸਾਂ ਸਾਰਿਆਂ ਨੇ ਦੇਖਿਆ ਕਿ ਆਉਣ ਵਾਲੇ ਉਸ ਕੱਲ੍ਹ ਨੇ ਸੰਤ ਜਰਨੈਲ ਸਿੰਘ ਦੇ ਰੂਪ ਵਿਚ ਇਤਿਹਾਸ ਵਿਚ ਕਦਮ ਰੱਖਿਆ ਅਤੇ ਮਗਰੋਂ ਖਾੜਕੂ ਜਦੋ-ਜਹਿਦ ਨੇ ਇਸ ਸੰਘਰਸ਼ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਪਰ ਇਸ ਜਦੋ-ਜਹਿਦ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ, ਹਾਲਾਂ ਕਿ ਇਹ ਵੀ ਇਕ ਹਕੀਕਤ ਹੈ ਕਿ ਇਸ ਜਦੋ-ਜਹਿਦ ਨੇ ਆਪਣੀਆਂ ਖਾਮੀਆਂ ਦੇ ਬਾਵਜੂਦ ਉਹ ਉਚੇ ਤੇ ਸੁੱਚੇ ਰੰਗ ਵੀ ਦਿਖਾਏ ਹਨ ਜੋ ਸਾਡੀਆਂ ਯਾਦਾਂ ਦੀ ਇਕ ਅਭੁੱਲ ਅਤੇ ਅਨਮੋਲ ਦਸਤਾਵੇਜ਼ ਹੈ। ਪਰ ਕੀ ਖਾੜਕੂ ਜਦੋ-ਜਹਿਦ ਹਿੰਦ ਅਤੇ ਪੰਜਾਬ ਦੀ ਜੰਗ ਸੀ? ਇਤਿਹਾਸ ਸ਼ਾਇਦ ਇਸ ਸਵਾਲ ਦਾ ਫੈਸਲਾ ਦੇਰ ਨਾਲ ਕਰੇ ਪਰ ਇਕ ਗੱਲ ਤਾਂ ਸਾਫ ਅਤੇ ਸਪੱਸ਼ਟ ਹੈ ਕਿ ਗਜਿੰਦਰ ਸਿੰਘ

ਦੀ ਇਤਿਹਾਸ-ਦ੍ਰਿਸ਼ਟੀ ਸਮਾਜ ਅਤੇ ਇਤਿਹਾਸ ਨੂੰ ਦੂਰ ਤਕ ਵੇਖ ਸਕਣ ਦੇ ਸਮਰੱਥ ਹੈ। ਇਸ ਪਹਿਲੂ ਤੋਂ ਉਹ ਸਿਆਸਤਦਾਨ ਹੀ ਨਹੀਂ ਸਗੋਂ ਨੀਤੀਵਾਨ ਵੀ ਹੈ। ਸਿਆਸਤਾਦਾਨ ਦੇ ਏਜੰਡੇ ਉਤੇ ਅੱਜ ਹੀ ਪ੍ਰਧਾਨ ਹੁੰਦਾ ਹੈ ਅਤੇ ਨੀਤੀਵਾਨ ਆਉਣ ਵਾਲੇ ਕਲ੍ਹ ਤੇ ਪਰਸੋਂ ਨੂੰ ਵੀ ਧਿਆਨ ਵਿਚ ਰੱਖਦਾ ਹੈ।

ਇਕ ਹੋਰ ਗੱਲ ਮੈਂ ਭਾਈ ਗਜਿੰਦਰ ਸਿੰਘ ਦੀਆਂ ਲਿਖਤਾਂ ਅਤੇ ਉਸ ਦੀ ਸ਼ਖਸੀਅਤ ਵਿਚੋਂ ਦੇਖੀ ਹੈ। ਉਹ ਇਹ ਕਿ ਉਹ ਇਤਿਹਾਸ ਵਿਚੋਂ ਵਿਚਰ ਕੇ ਵੀ ਇਤਿਹਾਸ ਦੇ ਅਮਰ ਸੋਮੇ ਨੂੰ ਭੁੱਲਦਾ ਨਹੀਂ, ਵਿਚਾਰਦਾ ਵੀ ਹੈ। ਭਲਾ ਕਿਹੜਾ ਹੈ ਇਹ ਸੋਮਾ? ਇਹ ਸੋਮਾ ਹੈ ਗੁਰਬਾਣੀ।

ਇਤਿਹਾਸ, ਸਟੇਟ ਅਤੇ ਖ਼ਾਲਸਾ ਬਿਨਾਂ ਸ਼ੱਕ ਮਹੱਤਵਪੂਰਨ ਅਤੇ ਪਿਆਰੀਆਂ ਸੰਸਥਾਵਾਂ ਹਨ ਪਰ ਜੇਕਰ ਇਨ੍ਹਾਂ ਸੰਸਥਾਵਾਂ ਨੂੰ ਗੁਰਬਾਣੀ ਦੀ ਪਾਵਨ ਅਤੇ ਵਿਸਮਾਦਕ ਛੂਹ ਹਾਸਲ ਨਹੀਂ ਤਾਂ ਇਕ ਦਿਨ ਇਨ੍ਹਾਂ ਸੰਸਥਾਵਾਂ ਦਾ ਕੁਮਲਾ ਜਾਣਾ ਲਾਜ਼ਮੀ ਹੈ। ਖ਼ਾਲਸਾ ਪੰਥ ਇਤਿਹਾਸ ਵਿਚ ਦੋ ਵਾਰ ਰਾਜ ਸਿੰਘਾਸਣ 'ਤੇ ਬੈਠਾ। ਪਹਿਲੀ ਵਾਰ ਬੰਦਾ ਸਿੰਘ ਬਹਾਦਰ ਸਮੇਂ ਜਦੋਂ ਉਹ ਰਾਜ ਸਿੰਘਾਸਣ 'ਤੇ ਬੈਠਾ ਤਾਂ ਉਸ ਅੰਦਰ ਅੰਮ੍ਰਿਤ ਵੇਲੇ ਦੀ ਖੁਸ਼ਬੋ ਦੇ ਕਈ ਰੰਗ ਮੌਜੂਦ ਸਨ ਜਦ ਕਿ ਦੂਜੀ ਵਾਰ ਮਹਾਰਾਜਾ ਰਣਜੀਤ ਸਿੰਘ ਸਮੇਂ ਉਹ ਗੁਰਬਾਣੀ ਤੋਂ ਸਹਿਜੇ-ਸਹਿਜੇ ਦੂਰ ਜਾਂਦਾ ਪ੍ਰਤੀਤ ਹੁੰਦਾ ਹੈ। ਵੈਸੇ ਡੂੰਘੀ ਨੀਝ ਇਹ ਦੱਸ ਪਾਉਂਦੀ ਹੈ ਕਿ ਖ਼ਾਲਸੇ ਨੇ ਮੌਕਾ ਮਿਲਣ 'ਤੇ ਗੁਰਬਾਣੀ ਦੇ ਡੂੰਘੇ ਰਹੱਸ ਇਤਿਹਾਸ ਵਿਚ ਕਈ ਵਾਰ ਉਤਾਰੇ ਤਾਂ ਹਨ ਪਰ ਛੇਤੀ ਹੀ ਖ਼ਾਲਸਾ ਗੁਰਬਾਣੀ ਦੇ ਰਹੱਸ ਤੋਂ ਦੂਰ ਵੀ ਚਲਾ ਜਾਂਦਾ ਰਿਹਾ ਹੈ। ਕਿਉਂ ਚਲਾ ਜਾਂਦਾ ਹੈ ਅਤੇ ਉਸ ਨੂੰ ਕਿਵੇਂ ਗੁਰਬਾਣੀ ਦੇ ਨੇੜੇ-ਨੇੜੇ ਰੱਖਿਆ ਜਾਵੇ, ਇਸ ਅਤਿ ਸੰਜੀਦਾ ਅਤੇ ਮਹੱਤਵਪੂਰਨ ਮਸਲੇ 'ਤੇ ਵਿਚਾਰ ਕਰਨ ਦੀ ਅਸਾਂ ਅਜੇ ਵੇਹਲ ਨਹੀਂ ਕੱਢੀ।

ਖਾੜਕੂ ਜਦੋ-ਜਹਿਦ ਦੌਰਾਨ ਵੀ ਸਿੰਘ ਕਈ ਵਾਰ ਇਹੋ ਜਿਹਾ ਇਤਿਹਾਸ ਸਿਰਜਦੇ ਰਹੇ ਹਨ ਜੋ ਗੁਰਬਾਣੀ ਦੀ ਅੰਤਰੀਵ ਆਤਮਾ ਨਾਲੋਂ ਟੁੱਟਿਆ ਪ੍ਰਤੀਤ ਹੁੰਦਾ ਹੈ। ਭਾਈ ਗਜਿੰਦਰ ਸਿੰਘ ਖ਼ਾਲਸੇ ਦੀ ਜਦੋ-ਜਹਿਦ ਦੇ ਸਾਰੇ ਪੜਾਵਾਂ ਨੂੰ ਇਸ ਸੁਹਿਰਦ ਆਲੋਚਕ ਦੀ ਤਰ੍ਹਾਂ ਵੀ ਦੇਖਦਾ ਅਤੇ ਉਸ 'ਤੇ ਬੇਬਾਕ ਟਿਪਣੀਆਂ ਵੀ ਕਰਦਾ ਹੈ। ਜਦੋਂ ਉਹ ਇਤਿਹਾਸਕ ਨੁਕਤਾ ਨਿਗਾਹ ਤੋਂ ਟਿਪਣੀਆਂ ਕਰਦਾ ਹੈ ਤਾਂ ਉਸ ਦੀ ਪਿੱਠ-ਭੂਮੀ (Back Ground)

ਵਿਚ ਗੁਰਬਾਣੀ ਤੇ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਦੀਆਂ ਯਾਦਾਂ ਦਾ ਇਕ ਮਾਹੌਲ ਉਸਰਿਆ ਹੁੰਦਾ ਹੈ। ਜਦੋਂ ਕਿਤੇ ਉਹ ਖਾੜਕੂ ਸਿੰਘਾਂ ਵਲੋਂ ਨਿਰਦੋਸ਼ ਲੋਕਾਂ ਦੇ ਕਤਲ ਹੁੰਦੇ ਵੇਖਦਾ ਹੈ ਤਾਂ ਉਹ ਇਨ੍ਹਾਂ ਘਟਨਾਵਾਂ ਨੂੰ ਸਿੱਖੀ ਸਿਧਾਂਤਾਂ ਦੀ ਉਲੰਘਣਾ ਕਰਾਰ ਦੇਣ ਵਿਚ ਰਤਾ ਵੀ ਸੰਕੋਚ ਨਹੀਂ ਕਰਦਾ।

150 ਸਫਿਆਂ ਦੀ ਇਹ ਪੁਸਤਕ ਅਸਲ ਵਿਚ 20-25 ਰਚਨਾਵਾਂ ਦਾ ਮੇਲਾ ਹੈ ਜਿਸ ਵਿਚ ਉਹ 1984 ਤੋਂ ਹੁਣ ਤਕ ਦੀਆਂ ਘਟਨਾਵਾਂ ਉਤੇ ਟਿੱਪਣੀਆਂ ਕਰਦਾ ਹੈ। ਇਹ ਖ਼ਾਲਸੇ ਲਈ ਅਤਿ ਪੀੜਾ ਦਾ ਦੌਰ ਸੀ ਜਿਸ ਵਿਚ ਖ਼ਾਲਸਾ ਪੰਥ ਦੇ ਹਰਿਆਵਲ ਦਸਤੇ ਆਪਣੀ ਪਹਿਚਾਣ ਨੂੰ ਰਾਜ ਭਾਗ ਦੀ ਪੱਧਰ ਉਤੇ ਮੁੜ ਸਥਾਪਤ ਕਰਨ ਲਈ ਜੂਝੇ ਅਤੇ ਕੁਰਬਾਨ ਹੋਏ ਹਨ। ਭਾਈ ਗਜਿੰਦਰ ਸਿੰਘ ਦੇ ਲੇਖ ਪੜ੍ਹਨ ਨਾਲ ਅਸੀਂ ਇਸ ਦੌਰ ਦੀਆਂ ਘਟਨਾਵਾਂ ਨਾਲ ਇਕਸੁਰ ਹੁੰਦੇ ਹਾਂ, ਇਸ ਦੌਰ ਦੀਆਂ ਖਾਮੀਆਂ ਤੇ ਪ੍ਰਾਪਤੀਆਂ ਨਾਲ ਜੁੜਦੇ ਵੀ ਹਾਂ ਅਤੇ ਬੀਤੇ ਤੋਂ ਸਬਕ ਲੈ ਕੇ ਭਵਿੱਖ ਦੀ ਕੋਈ ਨਵੀਂ ਨੁਹਾਰ ਸਿਰਜਣ ਲਈ ਆਪਣੀ ਕਲਪਨਾ ਨੂੰ ਵੀ ਹਲੂਣਾ ਦਿੰਦੇ ਹਾਂ। ਖਾੜਕੂ ਸੰਘਰਸ਼ ਦੇ ਇਕ ਪੜਾਅ ਵਿਚ ਸਿੱਖਾਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਢੰਗ-ਤਰੀਕਿਆਂ ਉਤੇ ਜਦੋਂ ਰੋਕਾਂ ਲਗਦੀਆਂ ਹਨ ਤਾਂ ਗਜਿੰਦਰ ਸਿੰਘ ਦੀ ਰਾਜਸੀ ਸੋਝੀ ਤੇ ਸਿਆਣਪ ਇਸ ਰੁਝਾਨ ਨੂੰ ਰੱਦ ਕਰਦੀ ਹੈ ਕਿਉਂਕਿ ਇਹ ਰੁਝਾਨ ਸਾਨੂੰ ਆਪਣੇ ਸੰਘਰਸ਼ ਦੇ ਮੂਲ ਮੁੱਦੇ ਤੋਂ ਦੂਰ ਵੀ ਖੜ੍ਹਦਾ ਹੈ ਅਤੇ ਨਾਲ ਹੀ ਮਨੁੱਖੀ ਆਜ਼ਾਦੀ ਵਿਚ ਬੇਲੋੜੀ ਦਖਲਅੰਦਾਜ਼ੀ ਵੀ ਕਰਦਾ ਹੈ। ਗਜਿੰਦਰ ਸਿੰਘ ਨੂੰ ਸਿੱਖ ਕੌਮ ਦੇ ਸਿਆਸੀ ਕਲਚਰ ਦੀ ਡੂੰਘੀ ਸਾਰ ਹੈ। ਉਸ ਨੂੰ ਪਤਾ ਹੈ ਕਿ ਜੇਕਰ ਇਹ ਕੌਮ ਹਾਕਮਾਂ ਦੇ ਅਤਿਆਚਾਰਾਂ ਵਿਰੁੱਧ ਲੜ ਸਕਦੀ ਹੈ ਤਾਂ ਆਪਣਿਆਂ ਦੇ ਬੇਲੋੜੇ ਤੇ ਬਚਕਾਨਾ ਹੁਕਮਾਂ ਵਿਰੁੱਧ ਵੀ ਲੜ ਸਕਦੀ ਹੈ। ਖਾੜਕੂਆਂ ਦੀ ਸੁਧਾਰ ਲਹਿਰ ਅਸਫਲ ਹੋ ਕੇ ਰਹਿ ਗਈ। ਕਿਉਂ ਰਹੀ? ਕਿਉਂਕਿ ਇਹ ਰਾਜਸੀ ਪ੍ਰਭੂਸੱਤਾ ਦੀ ਜੱਦੋਜਹਿਦ ਤੋਂ ਦੂਰ ਖੜ੍ਹਦੀ ਸੀ ਅਤੇ ਉਸ ਵੱਲ ਜਾਂਦੇ ਰਾਹਾਂ ਨੂੰ ਧੁੰਦਲੇ ਕਰਦੀ ਸੀ।

ਆਜ਼ਾਦੀ ਦੇ ਸੰਘਰਸ਼ ਸੌਖੇ ਤੇ ਸਿੱਧ ਪੱਧਰੇ ਨਹੀਂ ਹੁੰਦੇ। ਇਹ ਗੁੰਝਲਦਾਰ ਵੀ ਹੁੰਦੇ ਹਨ ਤੇ ਵਿੰਗ ਵਲੇਵੇਂ ਰਾਹਾਂ ਵਾਲੇ ਵੀ ਹੋਇਆ ਕਰਦੇ ਹਨ। ਇਸ ਲਈ ਇਨ੍ਹਾਂ ਰਾਹਾਂ ਉਤੇ ਤੁਰਨ ਲਈ ਲੰਮੇ ਜਿਗਰੇ ਵਾਲੇ ਮਰਜੀਵੜਿਆਂ ਦੀ ਲੋੜ ਹੁੰਦੀ ਹੈ। ਇਹ ਲੰਮੇ ਜਿਗਰੇ ਵਾਲੇ ਇਨਕਲਾਬੀਆਂ ਦਾ ਅਨੁਭਵ

ਵੀ ਬਹੁਪਰਤੀ ਤੇ ਬਹੁਦਿਸ਼ਾਵੀ ਹੋਣਾ ਚਾਹੀਦਾ ਹੈ। ਉਨ੍ਹਾਂ ਕੋਲ ਗੁੰਝਲਦਾਰ ਸੰਘਰਸ਼ ਲੜਨ ਲਈ ਢੁਕਵੀਆਂ ਰਣਨੀਤੀਆਂ ਤੇ ਸਮੇਂ ਦੀ ਲੋੜ ਮੁਤਾਬਕ ਦਾਅ-ਪੇਚ ਵੀ ਹੋਣੇ ਚਾਹੀਦੇ ਹਨ। ਇਕ ਪੱਧਰ ਉਤੇ ਉਨ੍ਹਾਂ ਨੂੰ ਹਾਰ ਵਿਚੋਂ ਜਿੱਤ ਤੇ ਜਿੱਤ ਵਿਚੋਂ ਹਾਰ ਦੀਆਂ ਕਨਸੋਆਂ ਵੀ ਮਿਲਣੀਆਂ ਚਾਹੀਦੀਆਂ ਹਨ। ਭਵਿੱਖ ਵਿਚ ਆਉਣ ਵਾਲੇ ਦੁੱਖ, ਦਰਦ ਤੇ ਪੀੜਾ ਉਹ ਪਹਿਲਾਂ ਆਪਣੇ ਪਿੰਡੇ ਉਤੇ ਹੰਢਾ ਸਕਣ ਦੇ ਸਮਰੱਥ ਹੁੰਦੇ ਹਨ। ਲੰਮੀ ਤੇ ਲਮਕਵੀਂ ਲੜਾਈ ਵਿਚ ਹੀ ਪਤਾ ਲਗਦਾ ਹੈ ਕਿ ਛਾਲ ਮਾਰ ਕੇ ਲੰਘਣਾ ਜਾਂ ਛੜੱਪਾ ਮਾਰ ਕੇ ਅੱਗੇ ਵਧਣ ਨਾਲ ਰਾਹਾਂ ਵਿਚ ਕਈ ਭਿਆਨਕ ਖਾਈਆਂ ਤੇ ਟੋਏ ਟਿੱਬੇ ਰਹਿ ਜਾਂਦੇ ਹਨ ਜੋ ਲੰਮੇ ਜਿਗਰੇ ਵਾਲੇ ਯੋਧੇ ਹੀ ਪੂਰ ਸਕਦੇ ਹਨ।

ਖ਼ਾਲਸਾ ਪੰਥ ਦੇ ਇਸ ਅਨਮੋਲ ਹੀਰੇ ਨੇ ਲੰਮੀ ਲੜਾਈ ਕੀਤੀ ਹੈ। ਉਸ ਨੇ ਕੋਟ ਲਖਪਤ ਰਾਏ ਦੀ ਜੇਲ੍ਹ ਵਿਚ 14 ਸਾਲ ਗੁਜ਼ਾਰੇ ਹਨ। ਇਹ ਸਮਾਂ ਥੋੜ੍ਹਾ ਨਹੀਂ ਹੁੰਦਾ। ਪਰ ਇਹ ਸਮਾਂ ਆਪਣੇ ਆਪ ਵਿਚ ਮਹਾਨ ਵੀ ਹੁੰਦਾ ਹੈ। ਇਹੋ ਜਿਹੇ ਪਲਾਂ ਵਿਚ ਹੀ ਬੰਦਾ ਮਾਨਸਿਕ ਤੇ ਆਤਮਿਕ ਸੰਘਰਸ਼ ਦੇ ਵੱਖ-ਵੱਖ ਜਦੋਜਹਿਦ ਵਿਚੋਂ ਸਾਬਤ ਸੂਰਤ ਹੋ ਕੇ ਨਿਕਲਿਆ ਹੈ। ਪਰ ਉਹ ਜਜ਼ਬਿਆਂ ਦੀਆਂ ਅੰਤਰੀਵ ਡੂੰਘਾਣਾਂ ਦਾ ਵੀ ਰਾਜ਼ਦਾਨ ਹੈ। ਇਸ ਨਵੇਂ ਸੰਘਰਸ਼ ਵਿਚ ਉਹ ਪਹਿਲਾਂ ਵਾਂਗ ਭਾਵਕ ਨਹੀਂ ਸੀ ਰਹਿ ਗਿਆ। ਉਸ ਦੇ ਜਜ਼ਬਿਆਂ ਵਿਚ ਸਿਧਾਂਤ ਦੀ ਖੁਸ਼ਬੋ ਨੇ ਦ੍ਰਿੜ੍ਹਤਾ ਹਾਸਲ ਕਰ ਲਈ ਸੀ। ਜੇਲ੍ਹ ਦੌਰਾਨ ਹੀ ਉਸ ਦੀ ਪਿਆਰੀ ਮਾਂ ਵੀ ਸਦਾ ਲਈ ਤੁਰ ਜਾਂਦੀ ਹੈ। ਇਹ ਉਹੋ ਮਾਂ ਸੀ ਜਿਸ ਦੀ ਉਂਗਲੀ ਫੜ੍ਹ ਕੇ ਉਹ ਬਚਪਨ ਵਿਚ ਅਕਾਲੀ ਮੋਰਚਿਆਂ ਵਿਚ ਜਾਣ ਦੀ ਜਿੱਦ ਕਰਦਾ ਹੁੰਦਾ ਸੀ। ਇਹ ਉਹੋ ਮਾਂ ਸੀ ਜਿਸ ਨੇ ਜਹਾਜ਼ ਅਗਵਾ ਹੋਣ ਸਮੇਂ ਆਪਣੇ ਪੁੱਤਰ ਦੇ ਇਸ ਕਾਰਨਾਮੇ ਉਤੇ ਰਸ਼ਕ ਕੀਤਾ ਸੀ। ਇਹੋ ਜਿਹੀ ਮਾਂ ਦੇ ਵਿਛੜ ਜਾਣ ਦੀ ਖ਼ਬਰ ਸਮੇਂ ਕੋਈ ਵੀ ਪੁੱਤ ਜਦੋਂ 'ਮਾਵਾਂ ਠੰਢੀਆਂ ਛਾਵਾਂ' ਲੇਖ ਵਿਚ ਆਪਣੇ ਸੁੱਚੇ ਜਜ਼ਬਿਆਂ ਨੂੰ ਕਾਗਜ਼ ਉਤੇ ਉਤਾਰਦਾ ਹੈ, ਤਾਂ ਉਨ੍ਹਾਂ ਨੂੰ ਪੜ੍ਹ ਕੇ ਅੱਖਾਂ ਵਿਚ ਹੰਝੂਆਂ ਦਾ ਆ ਜਾਣਾ ਭਾਵੁਕਤਾ ਨਹੀਂ ਸਗੋਂ ਇਹ ਹੰਝੂ ਔਖੇ ਰਾਹਾਂ ਨੂੰ ਹੋਰ ਵੀ ਰੋਸ਼ਨ ਕਰਦੇ ਹਨ। ਇਹ ਹੰਝੂ ਗੁਰੂ-ਯਾਦ ਨੂੰ ਸਾਡੇ ਮਨਾਂ ਵਿਚ ਦ੍ਰਿੜ੍ਹ ਕਰਦੇ ਹਨ, ਹੋਰ ਵੀ ਤੀਖਣ ਕਰਦੇ ਹਨ। ਪਰ ਬਹੁਤ ਲੋਕ ਹਨ ਜਿਨ੍ਹਾਂ ਨੂੰ ਅਜੇ ਵੀ ਦਰਿਆ ਦੀ ਹਕੀਕਤ ਦਾ ਪਤਾ ਨਹੀਂ। ਕਾਰਨ ਸਾਫ ਹੈ ਕਿਉਂਕਿ ਉਹ ਰੂਹ ਦੇ ਦਰਦ ਵਿਚ

ਨਹੀਂ ਲੰਘੇ:

ਉਨਹੇਂ ਹਕੀਕਤੇ-ਦਰਿਆ ਕੀ ਕਯਾ ਖ਼ਬਰ, ਅਮਜਦ
ਜੋ ਆਪਣੀ ਰੂਹ ਕੀ ਮੰਝਧਾਰ ਸੇ ਨਹੀਂ ਨਿਕਲੇ

ਖ਼ਾਲਸਾ ਰੂਹ ਦੀ ਮਝਧਾਰ ਵਿਚੋਂ ਕਦੋਂ ਨਿਕਲੇਗਾ? ਗਜਿੰਦਰ ਸਿੰਘ ਨੂੰ ਇਸੇ ਦੀ ਚਿੰਤਾ ਹੈ ਤੇ ਉਡੀਕ ਵੀ ਹੈ।

ਅੱਜ ਕਈ ਅਹਿਮ ਸਵਾਲ ਸਿੱਖ ਪੰਥ ਦੀ ਲੀਡਰਸ਼ਿਪ ਦੇ ਸਾਹਮਣੇ ਖੜ੍ਹੇ ਹਨ। ਕੀ ਸਿੱਖ ਲੀਡਰਸ਼ਿਪ ਸੰਸਾਰ ਦੇ ਮੰਚ ਉਤੇ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਸਮਝਣ ਵਿਚ ਦਿਲਚਸਪੀ ਰਖਦੀ ਹੈ? ਕੀ ਨਿਕੀਆਂ ਕੌਮਾਂ ਵਲੋਂ ਆਪਣੀ ਆਜ਼ਾਦੀ ਲਈ ਚਲ ਰਹੇ ਸੰਘਰਸ਼ ਲੀਡਰਸ਼ਿਪ ਦੀਆਂ ਨੀਂਦਰਾਂ ਉਤੇ ਬੋਝ ਪਾਉਂਦੇ ਹਨ? ਹੋਰ ਸਵਾਲ ਵੀ ਹਨ ਜਿਵੇਂ ਸੰਸਾਰ ਵਿਚ ਹੋ ਰਹੀ ਉਥਲ-ਪੁਥਲ ਦੀਆਂ ਹੋ ਰਹੀਆਂ ਭਿੰਨ-ਭਿੰਨ ਵਿਆਖਿਆਵਾਂ ਨਾਲ ਅਸੀਂ ਜੁੜੇ ਹੋਏ ਹਾਂ? ਸਿੱਖ ਨੁਕਤਾਨਿਗਾਹ ਤੋਂ ਮੌਜੂਦਾ ਹਾਲਤਾਂ ਦੀਆਂ ਬਰੀਕ ਪਰਤਾਂ ਦੀ ਕੀ ਵਿਆਖਿਆ ਕੀਤੀ ਜਾਵੇ? ਜੇ ਸੰਸਾਰ ਸਭਿਆਤਾਵਾਂ ਦਾ ਉੱਘਾ ਵਿਸ਼ਲੇਸ਼ਕ ਆਰਨਲਡ ਟਾਇਨਬੀ ਇਹ ਭਵਿੱਖਬਾਣੀ ਕਰਦਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਨੇ ਕੋਈ ਰੋਲ ਅਦਾ ਕਰਨਾ ਹੈ ਤਾਂ ਫਿਰ ਕੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੀ ਸਿੱਖ ਕੌਮ ਇਹ ਰੋਲ ਨਿਭਾਉਣ ਲਈ ਤਿਆਰੀ ਕਰ ਰਹੀ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਅਸੀਂ ਸ਼ਾਇਦ ਹੀ ਕਦੇ ਨਿੱਠ ਕੇ ਬੈਠੇ ਹੋਈਏ।

ਸਾਡੇ ਕੋਲ ਕੋਈ ਇਹੋ ਜਿਹੀ ਸੰਸਥਾ ਵੀ ਨਹੀਂ ਜੋ ਇਨ੍ਹਾਂ ਸਵਾਲਾਂ ਉਤੇ ਵਿਵੇਕ ਵਿਚਾਰਾਂ ਦਾ ਮਾਹੌਲ ਸਿਰਜੇ। ਸਿੱਖ ਵਿਦਵਾਨਾਂ ਦਾ ਵੱਡਾ ਹਿੱਸਾ ਹੋਰਨਾਂ ਹੋਰਨਾਂ ਕੰਮਾਂ ਵਿਚ ਗਲ-ਗਲ ਡੁੱਬਿਆ ਪਿਆ ਹੈ। ਉਂਜ ਸਸਤੀ ਰਾਜਨੀਤੀ ਦੇ ਵੱਖ-ਵੱਖ ਰੰਗ ਸਿੱਖ ਲੀਡਰਸ਼ਿਪ ਦੇ ਏਜੰਡੇ ਉਤੇ ਜ਼ਰੂਰ ਹਨ।

ਕਈ ਸਵਾਲ ਇਹੋ ਜਿਹੇ ਹਨ ਜੋ ਅਹਿਮ ਹਨ ਪਰ ਉਹ ਗਲਤ ਸਮੇਂ ਉਤੇ ਉਠਾਏ ਜਾ ਰਹੇ ਹਨ। ਸਮੇਂ ਮੁਤਾਬਕ ਸਵਾਲਾਂ ਦੀ ਚੋਣ ਕਰਨੀ, ਉਨ੍ਹਾਂ ਨੂੰ ਇਕ ਸੁਚੱਜੀ ਤਰਤੀਬ ਦੇਣੀ ਅਤੇ ਉਨ੍ਹਾਂ ਨੂੰ ਅਮਲ ਦੇ ਮੈਦਾਨ ਵਿਚ ਉਤਾਰਨਾ ਸਾਡੇ ਸੁਭਾਅ ਦਾ ਹਿੱਸਾ ਨਹੀਂ ਬਣ ਸਕਿਆ। ਭਾਈ ਗਜਿੰਦਰ ਸਿੰਘ ਨੂੰ ਇਸ ਦੀ ਚਿੰਤਾ ਜ਼ਰੂਰ ਹੈ ਅਤੇ ਉਨ੍ਹਾਂ ਦੇ ਵਰਤਮਾਨ

ਸੰਸਾਰ ਰਾਜਨੀਤੀ ਨੂੰ ਸਮਝਣ ਦੀ ਕੋਸ਼ਿਸ਼ ਵੀ ਕੀਤੀ ਹੈ, ਪਰ ਇਹ ਵਿਆਖਿਆ ਅਜੇ ਸਤੱਈ ਹੈ। ਸਾਨੂੰ ਸੰਸਾਰ ਰਾਜਨੀਤੀ ਵਿਚ ਆਪਣਾ ਸਥਾਨ ਨਿਸਚਿਤ ਕਰਨ ਲਈ ਆਪਣੀ ਸਮਾਜਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਅਤੇ ਆਰਥਿਕ ਬਿਰਤੀ ਨੂੰ ਨਵੇਂ ਨਰੋਏ ਝੁਕਾਵਾਂ ਨਾਲ ਲੈਸ ਕਰਨਾ ਪਵੇਗਾ। ਗੁਰੂ ਗ੍ਰੰਥ ਸਾਹਿਬ ਜੀ ਸਦ-ਜਾਗਤ ਅਵਸਥਾ ਵਿਚ ਵਿਚਰਦੇ ਹਨ। ਖ਼ਾਲਸਾ ਵੀ ਇਸੇ ਗੁਣ ਦਾ ਧਾਰਨੀ ਹੋ ਕੇ ਅੱਜ ਦੇ ਇਸ ਸੰਸਾਰ ਨੂੰ ਜੇ ਸਮਝਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਨਾ ਕੇਵਲ ਆਪਣੀਆਂ ਸਗੋਂ ਸੰਸਾਰ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਸੇਧ ਦੇ ਸਕਣ ਦੇ ਸਮਰੱਥ ਹੋਵੇਗਾ। ਭਾਈ ਗਜਿੰਦਰ ਸਿੰਘ ਨੂੰ ਧਰਮ, ਰਾਜਨੀਤੀ ਤੇ ਫਿਲਾਸਫੀ ਨੂੰ ਅੰਤਰਰਾਸ਼ਟਰੀ ਰੁਝਾਨਾਂ ਉਤੇ ਨਿਗਾਹ ਰੱਖਣੀ ਚਾਹੀਦੀ ਹੈ। ਇਨ੍ਹਾਂ ਖੇਤਰਾਂ ਵਿਚ ਹੋ ਰਹੀ ਬਹਿਸ ਵੀ ਸਾਡੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਇਨ੍ਹਾਂ ਖੇਤਰਾਂ ਵਿਚ ਹੋ ਰਹੀ ਬਹਿਸ ਵੀ ਸਾਡੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਅਸਾਂ ਸਮੇਂ ਦੀ ਵਰਤਮਾਨ ਤੋਰ ਨੂੰ ਵੀ ਸਮਝਣਾ ਹੈ ਤੇ ਇਸ ਤੋਂ ਅੱਗੇ ਦੇਖਣ ਵਾਲੀ ਨਜ਼ਰ ਵੀ ਵਿਕਸਿਤ ਕਰਨੀ ਹੈ।

ਭਾਈ ਗਜਿੰਦਰ ਸਿੰਘ ਨੂੰ ਚੜ੍ਹਦੀ ਜਵਾਨੀ ਦੇ ਭਵਿੱਖ ਦੀ ਵੀ ਡੂੰਘੀ ਚਿੰਤਾ ਹੈ। ਸਿੱਖ ਨੌਜਵਾਨ ਦੇ ਸਿੱਖੀ ਸਰੂਪ ਤੋਂ ਪਤਿਤ ਹੋਣ ਪਿਛੋਂ ਨੌਜਵਾਨ ਦੀ ਧੁਰ ਅੰਦਰਲੀ ਅੰਤਰੀਵ ਹਸਤੀ ਮੁਕੰਮਲ ਖੇੜੇ ਵਿਚ ਨਹੀਂ ਆ ਰਹੀ। ਮਹਾਨ ਗੁਰੂ ਸਾਹਿਬਾਨ ਵਲੋਂ ਸਾਨੂੰ ਜਿਸਮਾਨੀ ਤੇ ਇਲਾਹੀ ਵਜੂਦ ਦਿੱਤਾ ਗਿਆ ਹੈ ਪਰ ਅਸੀਂ ਇਸ ਵਜੂਦ ਦੀ ਇਕਸੁਰਤਾ ਤੇ ਸੰਤੁਲਨ ਨੂੰ ਤੋੜ ਦਿੱਤਾ ਹੈ। ਇਹ ਸਾਡੇ ਸਮਿਆਂ ਦਾ ਸਭ ਤੋਂ ਵੱਡਾ ਦਰਦ ਹੈ ਅਤੇ ਸ਼ਾਇਦ ਸਭ ਤੋਂ ਵੱਡੀ ਚੁਣੌਤੀ ਵੀ ਇਹੋ ਹੈ। ਸਾਡੇ ਰਹਿਬਰਾਂ ਦੀ ਪੀੜ੍ਹੀ ਕੰਮ ਧੰਦਿਆਂ ਵਿਚ ਡੁੱਬੀ ਪਈ ਹੈ। ਉਹ ਇਸ ਦਰਦ ਦੀਆਂ ਵੱਖ ਵੱਖ ਬਰੀਕ ਪਰਤਾਂ ਨੂੰ ਫਰੋਲਣ ਅਤੇ ਕੋਈ ਨਵੀਂ ਸੇਧ ਨਿਸ਼ਚਿਤ ਕਰਨ ਲਈ ਕੋਈ ਵਿਹਲ ਹੀ ਨਹੀਂ ਕੱਢ ਰਹੀ। ਜੇ ਇਸ ਪੀੜ੍ਹੀ ਨਾਲ ਜੁੜੇ ਲੋਕ ਵਿਹਲ ਕੱਢਦੇ ਵੀ ਹਨ ਤਾਂ ਇਕ ਦੂਜੇ ਨਾਲ ਟਕਰਾ ਕੇ ਫਿਰ ਆਪਣੇ ਪਹਿਲੇ ਪੈਂਤੜੇ ਉਤੇ ਹੀ ਆ ਖਲੋਂਦੇ ਹਨ। ਗੰਭੀਰ ਕਿਸਮ ਦੇ ਸਾਂਝੇ ਮੁੱਦਿਆਂ ਉਤੇ ਸਾਂਝੀ ਰਾਏ ਬਣਾਉਣ ਦਾ ਕੋਈ ਮਾਹੌਲ ਹੀ ਤਿਆਰ ਨਹੀਂ ਹੁੰਦਾ ਕਿਉਂਕਿ ਇਸ ਨਾਲ ਹਰ ਕਿਸੇ ਨੂੰ ਆਪਣੇ ਧੜ੍ਹੇ ਦੇ ਟੁੱਟਣ ਦਾ ਡਰ ਹੋ ਜਾਂਦਾ ਹੈ ਜਾਂ ਕਿਸੇ ਹੋਰ ਧੜ੍ਹੇ ਦੇ ਅੱਗੇ ਨਿਕਲ ਜਾਣ ਦਾ ਭੈਅ ਤੇ ਹੌਸਲਾ ਰਹਿੰਦਾ ਹੈ। ਸਿਧਾਂਤ ਦੀ ਗੱਲ ਕਿਤੇ ਬਹੁਤ ਪਿਛੇ ਰਹਿ ਗਈ

ਹੈ ਅਤੇ ਅੱਧ ਕੱਚੇ ਅੱਧ ਪੱਕੇ ਬੁੱਧੀਜੀਵੀ ਸਮੇਂ ਦੇ ਨਾਲ ਚੱਲਣ ਦੀ ਨਸੀਹਤ ਦੇ ਕੇ ਨਵੇਂ ਸਿਧਾਂਤ ਸਥਾਪਤ ਕਰਨ ਦੇ ਯਤਨਾਂ ਵਿਚ ਲੱਗੇ ਹੋਏ ਹਨ। ਇਹ ਹੈ ਮੌਜੂਦਾ ਮਾਹੌਲ ਜਿਸ ਵਿਚ ਸਾਡਾ ਨੌਜਵਾਨ ਤੇ ਸਾਡੀ ਨਿੱਕੀ ਨਿੱਕੀ ਪਨੀਰੀ ਪਲ ਰਹੀ ਹੈ

ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁੱਕਿਆਂ ਹਾਂ ਕਿ ਭਾਈ ਗਜਿੰਦਰ ਸਿੰਘ ਦੀ ਜਦੋਜਹਿਦ ਵਿਚ ਸਿਖ ਵਿਚਾਰਧਾਰਾ ਨੂੰ ਪ੍ਰਮੁਖ ਸਥਾਨ ਹਾਸਲ ਹੈ ਪਰ ਇਥੇ ਮੈਂ ਸ੍ਰ. ਜਗਜੀਤ ਸਿੰਘ ਦੀ ਉਤਸ਼ਾਹ, ਜਜ਼ਬੇ ਅਤੇ ਤੱਥਾਂ ਦੇ ਉਚੇ ਸੰਗਮ ਵਿਚੋਂ ਨਿਕਲੀ ਪੁਸਤਕ 'ਸਿੱਖ ਇਨਕਲਾਬ' ਦਾ ਹਵਾਲਾ ਦੇਣਾ ਚਾਹੁੰਦਾ ਹਾਂ। ਉਹ ਲਿਖਦੇ ਹਨ: "ਸਿੱਖ ਵਿਚਾਰਧਾਰਾ ਨੇ ਸਿੱਖ ਲਹਿਰ ਨੂੰ ਕੇਵਲ ਪ੍ਰੇਰਨਾ ਹੀ ਨਹੀਂ ਦਿੱਤੀ ਸਗੋਂ ਇਹ ਲਹਿਰ ਦੇ ਇਨਕਲਾਬੀ ਪੱਖ ਦੀ ਬੁਨਿਆਦੀ ਟੇਕ 'ਤੇ ਆਧਾਰ ਸੀ। ਇਹ ਵਿਚਾਰਧਾਰਾ ਹੀ ਸੀ ਜਿਸ ਨੇ ਵਖਰੀਆਂ ਵਖਰੀਆਂ ਵਿਰੋਧੀ ਜਾਤਾਂ ਦੇ ਲੋਕਾਂ ਨੂੰ ਉਚੇ ਮੰਤਵ ਲਈ ਖਿਚਿਆ ਅਤੇ ਇਕੱਠਾ ਕੀਤਾ। ਇਸੇ ਵਿਚਾਰਧਾਰਾ ਦੀ ਪ੍ਰੇਰਨਾ ਸਦਕਾ ਹੀ ਸੀ ਜਿਸ ਕਾਰਨ ਸਿੱਖ ਗੁਰੀਲਿਆਂ ਨੇ ਬੇਫਿਕਰ ਲੰਮੀ ਲੜਾਈ ਲੜੀ, ਉਦੋਂ ਵੀ ਜਦੋਂ ਕਿ ਕਈ ਵਾਰ ਇਹ ਸਮਝ ਲਿਆ ਗਿਆ ਸੀ ਕਿ ਇਨ੍ਹਾਂ ਗੁਰੀਲਿਆਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਗਿਆ ਹੈ।" ਸ੍ਰ. ਜਗਜੀਤ ਸਿੰਘ ਦੀ ਇਹ ਟਿੱਪਣੀ ਭਾਈ ਗਜਿੰਦਰ ਸਿੰਘ ਦੇ ਅਗਲੇ ਰਸਤਿਆਂ ਨੂੰ ਹੋਰ ਰੋਸ਼ਨ ਤੇ ਸਪੱਸ਼ਟ ਕਰੇਗੀ।

ਭਾਈ ਗਜਿੰਦਰ ਸਿੰਘ ਦਾ ਸੰਘਰਸ਼ ਲੰਮਾ ਹੈ, ਔਖਾ ਵੀ ਹੈ, ਗੁੰਝਲਦਾਰ ਵੀ ਹੈ। ਇਹ ਸਿੱਧ ਪੱਧਰਾ ਵੀ ਨਹੀਂ ਸਗੋਂ ਡਾਂਡੇ ਮੀਂਡੇ ਰਾਹਾਂ ਵਾਲਾ, ਵਿੰਗ ਵਲੇਵੇਂ ਖਾਂਦਾ ਰਾਹ ਹੈ। ਪਰ ਫਿਰ ਕੀ ਹੋਇਆ? ਹੋਰਨਾਂ ਲੋਕਾਂ ਦੇ ਸੰਘਰਸ਼ ਵੀ ਤਾਂ ਇਉਂ ਹੀ ਲਮਕੇ ਹਨ। ਕੀ ਨੈਲਸਨ ਮੰਡੇਲਾ ਤਿੰਨ ਦਹਾਕੇ ਜੇਲ੍ਹਾਂ ਵਿਚ ਨਹੀਂ ਰੁਲਿਆ? ਕੀ ਖੋਮੀਨੀ ਜਲਾਵਤਨੀ ਦੌਰਾਨ ਵੀ ਪੈਰਿਸ ਤੋਂ ਕੈਸਟਾਂ ਰਾਹੀਂ ਆਪਣੀ ਕੌਮ ਦੇ ਨਾਂ ਸੰਦੇਸ਼ ਨਹੀਂ ਸੀ ਘੱਲਦਾ ਰਿਹਾ? ਕੀ ਲੈਨਿਨ ਜਲਾਵਤਨੀ ਦੌਰਾਨ ਵੀ ਆਪਣੀ ਪਾਰਟੀ ਦੇ ਲੋਕਾਂ ਨਾਲ ਨਹੀਂ ਸੀ ਜੁੜਿਆ ਰਿਹਾ? ਕੀ ਬਰਮਾ ਦੀ ਸੂਕੀ ਲੰਮੀ ਨਜ਼ਰਬੰਦੀ ਦੌਰਾਨ ਵੀ ਜੱਦੋਜਹਿਦ ਜਾਰੀ ਨਹੀਂ ਰੱਖ ਰਹੀ? ਕੀ ਖਾਲਸੇ ਦੀ ਸਿਰਜਨਾ ਲਈ ਵੀ 250 ਸਾਲ ਨਹੀਂ ਸੀ ਲੱਗ ਗਏ? ਇਥੇ ਰੂਸ ਵਿਚ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਜ਼ਬਰ ਦੇ ਖਿਲਾਫ ਜੂਝਣ ਤੇ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਨੂੰ ਸਾਏਬੇਰੀਆ

ਦੇ ਅਤਿ ਠੰਢੇ ਯੱਖ ਇਲਾਕੇ ਵਿਚ ਜਲਾਵਤਨ ਕਰ ਦਿੱਤਾ ਗਿਆ ਸੀ। ਰੂਸੀ ਲੋਕਾਂ ਦੇ ਮਹਿਬੂਬ ਸ਼ਾਇਰ ਅਲੈਕਸਾਂਦਰ ਪੁਸ਼ਕਿਨ (1799-1837) ਨੇ ਆਪਣੇ ਜਲਾਵਤਨ ਭਰਾਵਾਂ ਨੂੰ ਇਕ ਕਵਿਤਾ ਲਿਖ ਕੇ ਭੇਜੀ ਜਿਸ ਦੀਆਂ ਕੁਝ ਸਤਰਾਂ ਇਉਂ ਹਨ:

ਟੁਟ ਜਾਣਾ ਭਾਈ ਜੰਜੀਰਾਂ, ਹੱਥਕੜੀਆਂ ਨੇ ਲਹਿ ਜਾਣਾ।
ਡਿਗ ਪੈਣਾ ਜੇਲ੍ਹਾਂ ਦੀਆਂ ਕੰਧਾਂ, ਕਾਲ ਕੋਠੀਆਂ ਢਹਿ ਜਾਣਾ।
ਕਰਨੀ ਹੈ ਤਲਵਾਰ ਤੁਹਾਨੂੰ ਭੇਟਾ ਫੇਰ ਭਰਾਵਾਂ ਨੇ,
ਅਤੇ ਬਰੂਹਾਂ ਵਿਚ ਤੁਹਾਡਾ ਕਰਨ ਸੁਆਗਤ ਬਹਿ ਜਾਣਾ।

ਭਾਈ ਗਜਿੰਦਰ ਸਿੰਘ ਜਿਥੇ ਵੀ ਹੋਏ, ਉਥੇ ਹੀ ਖਾਲਸਾ ਪੰਥ ਦਾ ਅਵਚੇਤਨ ਤੇ ਨਿਰਮਲ ਹਿੱਸਾ ਉਸਦਾ ਸਦਾ ਹਮਸਫਰ ਰਹੇਗਾ, ਭਾਵੇਂ ਇਹ ਗੱਲ ਵੱਖਰੀ ਹੈ ਕਿ ਖਾਲਸਾ ਪੰਥ ਦਾ ਸੁਚੇਤ ਹਿੱਸਾ ਅਜੇ ਡੂੰਘੀਆਂ ਨੀਂਦਰਾਂ ਵਿਚ ਗਵਾਚ ਗਿਆ ਹੈ।

ਕਰਮਜੀਤ ਸਿੰਘ
ਪੱਤਰਕਾਰ,
ਚੰਡੀਗੜ੍ਹ

ਸ. ਗਜਿੰਦਰ ਸਿੰਘ ਦੇ ਨਾਮ

ਦੂਲਿਆ! ਮੇਰੇ ਯਾਰ ਦੂਲਿਆ!
ਪਿੰਡੀ ਦਿਆ ਸਰਦਾਰਾ
ਲੋਕ ਮੁਹੱਬਤਾਂ ਦਿਆ ਜਾਇਆ
ਯਾਰਾਂ ਦੀਆਂ ਮਹਿਫਲਾਂ ਦਿਆ ਸਰਮਾਇਆ
ਸਾਨੂੰ ਆਜ਼ਾਦੀ ਦੀ ਚਿਣਗ ਲਾ ਕੇ
ਆਪ ਨਾਨਕੇ ਜਾ ਬੈਠਾਂ?
ਬੇਸ਼ੱਕ ਤੇਰੀ ਹੈ ਇਹ ਮਜਬੂਰੀ
ਪਰ ਸਾਥੋਂ ਝੱਲੀ ਨਾ ਜਾਵੇ ਦੂਰੀ

ਤੇਰੀ ਯਾਦ
ਹੁਣ ਪਿੰਡੀ ਦੇ ਚੌਗਿਰਦੇ 'ਚੋਂ ਨਿਕਲ ਕੇ
ਜ਼ਿੰਦਗੀ ਦੀ ਵੱਡੀ ਕੈਨਵਸ ਉੱਤੇ
ਉੱਕਰੀ ਗਈ ਹੈ
ਖੇਤਾਂ, ਖਲਿਆਨਾਂ, ਵੇਹੜੇ, ਰੋਹੀਆਂ
ਕਮਾਦਾਂ ਤੇ ਮੰਡ ਦੇ ਸਰਕੜਿਆਂ,
ਬੰਬੀਆਂ ਅਤੇ ਟੋਭਿਆਂ ਉੱਤੇ ਵੀ
ਪਹੁੰਚ ਗਈ ਹੈ
ਅਤੇ ਹਿਜਰ ਦੀ ਮਾਰ ਵੀ ਕਰਦੀ ਹੈ
ਇਸੇ ਲਈ ਤਾਂ
ਹੁਣ ਜਦੋਂ ਸੋਨੇ ਰੰਗੀ ਕਣਕ ਦੀ
ਕੰਜਕ ਕੁਆਰੀ ਇੱਜ਼ਤ ਨੂੰ
ਦਿੱਲੀ ਨਾਲ ਰਲਿਆ ਸੂਰ
ਹੱਥ ਪਾਉਂਦਾ ਹੈ
ਤਾਂ ਅੱਖਾਂ 'ਚ ਖ਼ੂਨ ਉੱਤਰ ਆਉਂਦਾ ਹੈ
ਅੱਟਣਾਂ ਭਰੇ ਹੱਥ
ਅਚਾਨਕ ਹੀ ਸਿਰੀ ਸਾਹਿਬ ਦੇ ਮੁੱਠੇ 'ਤੇ ਜਾ ਟਿੱਕਦੇ ਨੇ

ਪਰ... ... ਦੂਜੇ ਪਲ
ਜਦ ਤੇਰੀਆਂ ਕਹੀਆਂ ਗੱਲਾਂ
ਕੰਨਾਂ ਵਿਚ ਗੂੰਜਦੀਆਂ ਹਨ
ਕਿ ਹੁਣ... ...
ਦਸਮੇਸ਼ ਪਿਤਾ ਅੱਗੇ ਅਰਦਾਸ ਕਰੀਏ
ਕਿ ਬਖ਼ਸ਼ ਦੇਵੇ ਸਾਨੂੰ ਵੀ
''ਪੰਜ ਤੀਰ ਹੋਰ''
ਤਾਂਕਿ ਅਸੀਂ, ਗੰਗੂ ਨੂੰ ਮਾਰਨ ਦੀ ਬਜਾਏ
ਮਾਰੀਏ ''ਗੰਗੂ ਦੀ ਰੂਹ''
ਜੋ ਪ੍ਰਵੇਸ਼ ਕਰ ਚੁੱਕੀ ਹੈ
ਅਨੇਕਾਂ ਆਪਣੇ ਬੇਗਾਨੇ
ਗੰਗੂਆਂ ਦੇ ਵਿਲਕਦੇ ਸਰੀਰਾਂ ਵਿੱਚ
ਤੂੰ ਤਾਂ ਛੇੜੀ ਸੀ ਲੜਾਈ
ਮਨੁੱਖਤਾ ਦੇ ਮੂੰਹ ਉੱਤੋਂ
ਵਿਤਕਰਿਆਂ ਅਤੇ ਕਾਣੀ ਵੰਡ ਦੇ
ਕਾਲੇ ਬੁਰਕੇ ਲਾਹੁਣ ਲਈ
ਖੇੜਿਆਂ ਭਰੇ ਆਪਣੇ
ਆਸ਼ੀਆਨੇ ਸਜਾਉਣ ਲਈ
ਸੁੰਨਸਾਨ ਗੁਲਸ਼ਨ ਵਿੱਚ
ਬਹਾਰਾਂ ਖਿੜਾਉਣ ਲਈ
ਅਤੇ ਸਿੱਖਾਂ ਨੂੰ
ਗੁਰ-ਸਿਧਾਂਤ ਦੀ ਛੱਤਰੀ ਥੱਲੇ
ਆਪਣਾ ਅਤੇ ਖੂਬਸੂਰਤ ਘਰ ਬਣਾਉਣ ਲਈ
ਪਰ... ...
ਇੱਥੇ ਤਾਂ ਆਪਣੇ ਹੀ
ਆਪਣਿਆਂ ਕੋਲੋਂ ਡਰਦੇ
ਰਾਤ ਨੂੰ
ਬਾਹਰ ਮੂਤ ਕਰਨ ਨਹੀਂ ਨਿਕਲਦੇ
ਬਹੁਤ ਬੁਰਾ ਹਾਲ ਹੈ ਮੇਰੇ ਯਾਰਾ
ਦਿਨੇ ਸਰਕਾਰੀ ਦਹਿਸ਼ਤ ਦਾ ਹਨੇਰਾ
ਰਾਤ ਨੂੰ ਗੈਰ-ਸਰਕਾਰੀ ਦਹਿਸ਼ਤ ਦਾ ਹਨੇਰਾ

ਤੇਰੇ ਜਾਣ ਤੋਂ ਬਾਅਦ
ਪਸਰ ਚੁੱਕਾ ਹੈ
ਤੇਰੇ ਗੁਲਾਮ ਗੁਲਸ਼ਨ ਵਿੱਚ
ਸਮਝ ਨਹੀਂ ਆਉਂਦੀ
ਬਾਰ ਦਿਆ ਸ਼ੇਰ ਦੁਲਿਆ
'ਪਿਰਥੇ ਜੱਟ' ਦਾ ਲਾਡਲਾ
'ਸਰਮਚੂ ਚੂਹੜੇ' ਦੇ ਪੁੱਤ ਨੂੰ
ਕਦੋਂ ਸਮਝੇਗਾ ਆਪਣਾ ਭਰਾ ?
ਕਦੋਂ ਬੂਟੇ ਲੁਹਾਰ ਦਾ ਫਰਜੰਦ
ਫੇਰ ਉਹ ਕਿਰਪਾਨ ਬਣਾਏਗਾ
ਜਿਸ ਨਾਲ ਇੱਕ ਸਿੰਘ
ਜਰਵਾਣਿਆਂ ਦੇ ਸਿਰ ਲਾਹੇਗਾ
ਸਮਝ ਨਹੀਂ ਆਉਂਦੀ
ਕਦੋਂ ਅੰਮ੍ਰਿਤਧਾਰੀ ਸਿੱਖ
ਸਮਝਣਗੇ ਇੱਕ ਦੂਜੇ ਨੂੰ ਭਾਈ ਭਾਈ
ਅਤੇ ਮਿੱਟਣਗੀਆਂ
ਜਾਤਾਂ ਦੀਆਂ ਲਕੀਰਾਂ
ਤੇਰੇ ਖ਼ਾਲਸਾ ਪੰਥ 'ਚੋਂ
... ...
ਤੂੰ ਨਾਨਕਿਆਂ ਤੋਂ ਪਰਤੇਂ
ਤਾਂ ਤੈਨੂੰ ਪਤਾ ਲੱਗੇ
ਜਿਹੜੀ ਤੂੰ ਬਾਰਾਂ ਮਿਸਲਾਂ ਦੀ ਗੱਲ ਕਰਦੈਂ
ਅਤੇ ਇਕੱਠੀਆਂ ਕਰ ਕੇ
'ਦਲ ਖ਼ਾਲਸਾ' ਬਣਾਉਣ ਦੀ ਸੋਚਦੈਂ
ਹੁਣ ਇਹ ਕਹਾਣੀਆਂ ਬਣ ਗਈਆਂ ਹਨ
ਅਤੇ ਇਤਿਹਾਸ ਦਾ ਸੁਨਹਿਰੀ
ਪਰ ਗਵਾਚਿਆ ਵਰਕਾ ਜਾਪਦਾ ਹੈ
ਹੁਣ ਤੇਰੀ ਖ਼ਵਾਹਿਸ਼ ਪੂਰੀ ਕਰਨ ਲਈ
'ਗੁਰੂ ਦੀ ਬਖ਼ਸ਼ਿਸ਼'
ਅਤੇ ਗੁਰ ਸਿਧਾਂਤ ਦੀ ਅਗਵਾਈ ਹੀ
ਕੋਈ ਚਮਤਕਾਰ ਦਿਖਾ ਸਕਦੀ ਹੈ

ਕਿਉਂਕਿ ਹੁਣ
ਹਰੇਕ ਜ਼ਿਲਾ
ਹਰੇਕ ਤਹਿਸੀਲ
ਹਰੇਕ ਪਿੰਡ
ਅਤੇ ਹਰੇਕ ਬੰਦੂਕਧਾਰੀ ਸਿੰਘ
ਆਪਣੇ ਆਪ ਵਿਚ
ਮੁਕੰਮਲ ਮਿਸਲ ਬਣ ਗਿਆ ਹੈ
ਆ ਦੁਲਿਆ ਸਰਦਾਰਾ
ਪਿੰਡੀ ਦਿਆ ਜਾਇਆ
ਮੁਕਾਏ ਪੈਂਡੇ ਦਾ ਹਿਸਾਬ ਕਰੀਏ
ਅਤੇ ਅਗਲੇਰੇ ਰਾਹਾਂ 'ਤੇ ਤੁਰਨ ਲਈ
ਧੜਿਆਂ 'ਚ ਵੰਡੇ ਸੰਘਰਸ਼ ਨੂੰ
ਦਿੱਲੀ ਦੇ ਕਿੰਗਰੇ ਢਾਹ ਸਕਣ ਵਾਲਾ ਕਾਫ਼ਲਾ
ਬਣਾ ਸਕੀਏ
ਆ ਦੁਲਿਆ ਸਰਦਾਰਾ
ਲੋਕਾਂ ਦਿਆ ਜਾਇਆ
ਦਲਾਂ ਦਿਆ ਮੋਹਰੀਆ

*

*(ਇਹ ਕਵਿਤਾ ਕਿਸੇ ਕਵੀ ਨੇ ਪੰਜਾਬ ਤੋਂ ਸ੍ਰ. ਗਜਿੰਦਰ ਸਿੰਘ ਦੇ ਨਾਂ ਲਿਖ ਕੇ ਉਨ੍ਹਾਂ ਨੂੰ ਕੋਟ ਲਖਪਤ ਜੇਲ੍ਹ (ਪਾਕਿਸਤਾਨ) ਭੇਜੀ ਸੀ।
ਕਵੀ ਨੇ ਆਪਣਾ ਨਾਂ ਗੁਪਤ ਰੱਖਿਆ ਸੀ।)*

ਸ. ਗਜਿੰਦਰ ਸਿੰਘ ਦੀ ਮਾਤਾ ਨੂੰ ਗਾਰਡ ਆਫ ਆਨਰ ਪੇਸ਼

•

ਜਲੰਧਰ:- ਸਿੱਖ ਕੌਮ ਦੇ ਕੌਮਾਂਤਰੀ ਪੱਧਰ ਦੇ ਨੇਤਾ ਤੇ ਦਲ ਖ਼ਾਲਸਾ ਇੰਟਰਨੈਸ਼ਨਲ ਦੇ ਚੇਅਰਮੈਨ ਸ. ਗਜਿੰਦਰ ਸਿੰਘ, ਜੋ ਪਿਛਲੇ ਲਗਭਗ 10 ਸਾਲ ਤੋਂ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਨਜ਼ਰਬੰਦ ਹਨ, ਦੀ ਬਿਰਧ ਮਾਤਾ ਬੀਬੀ ਰਣਜੀਤ ਕੌਰ ਦਾ ਦਿਹਾਂਤ ਹੋ ਗਿਆ। ਅਗਸਤ 1991 ਵਿਚ ਚੰਡੀਗੜ੍ਹ ਦੇ ਥਾਣਾ ਸੈਕਟਰ 17 ਦੀ ਪੁਲਿਸ ਨੇ ਮਾਤਾ ਜੀ ਨੂੰ ਗ੍ਰਿਫਤਾਰ ਕੀਤਾ ਸੀ। ਫਿਰ ਉਹਨਾਂ ਨੂੰ ਨਜਾਇਜ਼ ਹਿਰਾਸਤ ਵਿਚ ਕਾਫੀ ਮਾਨਸਿਕ ਤੇ ਸਰੀਰਕ ਤਸੀਹੇ ਦਿੱਤੇ ਗਏ, ਜਿਸ ਕਾਰਨ ਉਹਨਾਂ ਦੀ ਸਿਹਤ ਕਾਫੀ ਕਮਜ਼ੋਰ ਹੋ ਗਈ ਸੀ। ਰਿਹਾਈ ਉਪਰੰਤ ਉਹ ਬੀਮਾਰ ਹੋ ਗਏ। ਅਖੀਰ 26-9-1991 ਨੂੰ ਉਹ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ। ਦਲ ਖ਼ਾਲਸਾ ਇੰਟਰਨੈਸ਼ਨਲ ਵਲੋਂ ਉਹਨਾਂ ਨੂੰ ਅੰਤਮ ਵਿਦਾਇਗੀ ਸਮੇਂ 'ਗਾਰਡ ਆਫ ਆਨਰ' ਪੇਸ਼ ਕੀਤਾ ਗਿਆ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦੇ ਭੋਗ ਸਮਾਗਮ ਵਿਚ ਉਘੀਆਂ ਪੰਥਕ ਸ਼ਖਸੀਅਤਾਂ ਪੁੱਜੀਆਂ ਜਿਹਨਾਂ ਵਿਚ ਪ੍ਰੋ. ਭੁਪਿੰਦਰ ਸਿੰਘ ਐਡਵੋਕੇਟ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਚੰਡੀਗੜ੍ਹ, ਸ. ਗੁਰਚਰਨ ਸਿੰਘ ਟੌਹੜਾ, ਸ. ਸ਼ੇਰ ਸਿੰਘ ਡੂਮਛੇੜੀ, ਸ. ਕਰਨੈਲ ਸਿੰਘ ਪੰਜੋਲੀ, ਸ. ਗੁਰਚਰਨ ਸਿੰਘ. ਹੁੰਦਲ ਐਡਵੋਕੇਟ, ਸ. ਸਵਰਨ ਸਿੰਘ ਤਲਵੰਡੀ, ਸ. ਜਗਵਿੰਦਰ ਸਿੰਘ ਐਡਵੋਕੇਟ ਤੇ ਹੋਰ ਫੈਡਰੇਸ਼ਨ ਨੇਤਾ ਸ਼ਾਮਲ ਹੋਏ। ਮਾਤਾ ਰਣਜੀਤ ਕੌਰ ਜੀ ਗੁਰਮਤਿ ਵਿਚ ਪਰਪੱਕ ਰਹਿਣੀ ਬਹਿਣੀ ਵਾਲੀ ਸ਼ਖਸੀਅਤ ਸਨ। ਉਹਨਾਂ ਨੇ ਆਪਣੇ ਪੁੱਤਰ ਗਜਿੰਦਰ ਸਿੰਘ ਦੇ ਸੰਘਰਸ਼ ਦੀ ਸਦਾ ਹਮਾਇਤ ਕੀਤੀ। ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ 1981 ਵਿਚ ਹੋਈ ਗ੍ਰਿਫਤਾਰੀ ਦੇ ਰੋਸ ਵਜੋਂ ਤੇ ਆਪਣੀ ਤਹਿਰੀਕ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਲਿਜਾਣ ਲਈ ਭਾਈ ਗਜਿੰਦਰ ਸਿੰਘ ਨੇ ਹਵਾਈ ਜਹਾਜ਼ ਅਗਵਾ ਕੀਤਾ ਤਾਂ ਮਾਤਾ ਜੀ ਨੇ ਕਿਹਾ ਸੀ, "ਮੈਨੂੰ ਮਾਣ ਹੈ ਆਪਣੇ ਪੁੱਤਰ ਦੇ ਇਸ ਕੰਮ 'ਤੇ, ਜਿਸ ਨੇ ਕੌਮ ਖ਼ਾਤਰ ਕੁਝ ਕੀਤਾ ਹੈ।" ਧੰਨ ਹਨ ਉਹ ਮਾਤਾ ਜੋ ਸਿੱਖੀ ਅਸੂਲਾਂ ਨੂੰ ਨਿਭਾਉਂਦੇ ਹੋਏ ਗੁਰਮਤਿ ਸਿਧਾਂਤ 'ਤੇ ਅਡੋਲ ਰਹਿ ਕੇ ਉਚ ਪੂਰਨੇ ਪਾ ਗਏ।

ਗਜਿੰਦਰ ਸਿੰਘ ਨੂੰ ਦਲ ਖਾਲਸਾ ਦਾ ਚੇਅਰਮੈਨ ਐਲਾਨਿਆ

ਅੰਮ੍ਰਿਤਸਰ, 11 ਅਗਸਤ (ਪੱਤਰ ਪ੍ਰੇਰਕ)-ਪਾਕਿਸਤਾਨ ਵਿਚ ਰਹਿ ਰਹੇ ਦਲ ਖਾਲਸਾ ਦੇ ਚੇਅਰਮੈਨ ਗਜਿੰਦਰ ਸਿੰਘ ਨੂੰ ਹੋਰ ਅਗਲੇ ਦੋ ਸਾਲ ਲਈ ਜਥੇਬੰਦੀ ਦਾ ਚੇਅਰਮੈਨ ਐਲਾਨਿਆ ਗਿਆ ਹੈ। ਇਹ ਫੈਸਲਾ ਇਥੇ ਅੱਜ ਦਲ ਖਾਲਸਾ ਦੀ 23ਵੀਂ ਵਰ੍ਹੇਗੰਢ ਮੌਕੇ ਜਥੇਬੰਦੀ ਦੇ ਪ੍ਰਤੀਨਿਧਾ ਦੀ ਵਿਸ਼ੇਸ਼ ਇਕੱਤਰਤਾ ਵਿਚ ਲਿਆ ਗਿਆ।

ਵਰਨਣਯੋਗ ਹੈ ਕਿ ਸ੍ਰੀ ਗਜਿੰਦਰ ਸਿੰਘ ਸਤੰਬਰ 1981 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਦੀ ਗ੍ਰਿਫਤਾਰੀ ਦੇ ਰੋਸ ਵਿਚ ਭਾਰਤੀ ਹਵਾਈ ਜਹਾਜ਼ ਅਗਵਾ ਕਰ ਕੇ ਪਾਕਿਸਤਾਨ ਲੈ ਗਿਆ ਸੀ। ਇਸ ਦੋਸ਼ ਵਿਚ ਉਸ ਨੂੰ 14 ਸਾਲ ਦੀ ਕੈਦ ਹੋਈ ਸੀ। ਕੈਦ ਕੱਟਣ ਮਗਰੋਂ ਉਹ ਪਾਕਿਸਤਾਨ ਵਿਚ ਹੀ ਰਹਿ ਰਿਹਾ ਹੈ। ਜਥੇਬੰਦੀ ਦੇ ਬੁਲਾਰੇ ਸ੍ਰੀ ਕੰਵਰਪਾਲ ਸਿੰਘ ਨੇ ਪ੍ਰੈਸ ਕਾਨਫਰੰਸ ਵਿਚ ਅੱਜ ਲਏ ਫੈਸਲਿਆ ਬਾਰੇ ਦੱਸਿਆ ਕਿ ਦਲ ਖਾਲਸਾ ਮੀਰੀ (ਸਿਆਸਤ) ਵਲੋਂ ਪੀਰੀ (ਧਰਮ) ਨੂੰ ਸੇਧ ਦੇਣ ਦੇ ਪੈਦਾ ਹੋ ਚੁੱਕੇ ਗਲਤ ਰੁਝਾਨ ਨੂੰ ਰੋਕੇਗਾ ਤੇ ਸਿੱਖੀ ਸੰਕਲਪ ਅਨੁਸਾਰ ਮੀਰੀ ਨੂੰ ਪੀਰੀ ਅਧੀਨ ਲਿਆਵੇਗਾ। ਉਨ੍ਹਾਂ ਕਿਹਾ ਕਿ ਦਲ ਖਾਲਸਾ ਸ਼੍ਰੋਮਣੀ ਕਮੇਟੀ ਵਿਚ ਸੁਧਾਰ ਲਿਆਉਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀ ਸਿਰਦਾਰ ਕਪੂਰ ਸਿੰਘ ਵਲੋਂ ਲਿਖੀ ਗਈ ਪੁਸਤਕ 'ਸਾਚੀ ਸਾਖੀ' ਨੂੰ ਇਕ ਮਹੱਤਵਪੂਰਨ ਦਸਤਾਵੇਜ਼ ਮੰਨਦੀ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਪੰਥ ਵਿਰੋਧੀ ਕੋਈ ਗੱਲ ਨਹੀਂ। ਉਨ੍ਹਾਂ ਕਿਹਾ ਕਿ ਕਿਸੇ ਤਥਾਕਥਿਤ ਸੰਘਪੀ ਲੇਖਕ ਦੀਆਂ ਟਿੱਪਣੀਆ ਨੂੰ ਆਧਾਰ ਬਣਾ ਕੇ ਪੁਸਤਕ ਨੂੰ ਸੋਧਣ ਦੀ ਮੰਗ ਜਾਇਜ਼ ਨਹੀਂ। ਉਨ੍ਹਾਂ ਕਿਹਾ ਕਿ ਜਥੇਬੰਦੀ ਸਰਕਾਰ ਤੋਂ ਇਹ ਮੰਗ ਕਰਦੀ ਹੈ ਕਿ ਪੁਸਤਕ ਨੂੰ ਛਾਪਣ ਉਤੇ ਲਾਈ ਪਾਬੰਦੀ ਤੁਰੰਤ ਖਤਮ ਕੀਤੀ ਜਾਵੇ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਪੁਸਤਕ ਦੀ ਛਪਾਈ ਰੁਕਵਾਈ ਹੋਈ ਹੈ ਕਿ ਇਸ ਵਿਚੋਂ ਮਾਸਟਰ ਤਾਰਾ ਸਿੰਘ ਵਿਰੁੱਧ ਕੀਤੀਆਂ ਟਿੱਪਣੀਆ ਕੱਢੀਆ ਜਾਣ।

ਜਥੇਬੰਦੀ ਨੇ ਇਹ ਵੀ ਮੰਗ ਕੀਤੀ ਹੈ ਕਿ ਸਿੱਖ ਕੌਮ ਦੀ ਵਿਲੱਖਣਤਾ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਬਿਨਾਂ ਦੇਰੀ ਤੋਂ ਲਾਗੂ ਕੀਤਾ ਜਾਵੇ। ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਗਈ ਕਿ ਪੰਜ ਸਿੰਘ ਸਾਹਿਬਾਨ ਵਲੋਂ ਤਵਸਾਗਰ ਸਮੁੰਦਰ ਵਿਰੁੱਧ ਆਦੇਸ਼ ਜਾਰੀ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਨਾ ਤਾਂ ਗ੍ਰੰਥ ਉਤੇ ਪਾਬੰਦੀ ਹੀ ਲਾਈ ਅਤੇ ਨਾ ਹੀ ਉਸ ਦੇ ਲੇਖਕ ਪਿਆਰਾ ਸਿੰਘ ਭਨਿਆਰਾ ਵਿਰੁੱਧ ਕਾਰਵਾਈ ਹੀ ਕੀਤੀ। ਉਨ੍ਹਾ ਇਸ ਗ੍ਰੰਥ ਉਤੇ ਪਾਬੰਦੀ ਦੀ ਤੁਰੰਤ ਮੰਗ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਜਥੇਬੰਦੀ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸਿੱਖ ਕੌਮ ਦੇ ਧਾਰਮਿਕ ਅਤੇ ਰਾਜਸੀ ਖੇਤਰ ਵਿਚ ਆਪਣੀ ਜ਼ਿੰਮੇਵਾਰੀ ਨਿਭਾਏਗੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਦੇ ਇਕ ਹਿੱਸੇ ਵਲੋਂ ਪੈਦਾ ਕੀਤਾ ਗੈਰ-ਅਕਾਲੀ ਸਭਿਆਚਾਰ ਸਿੱਖ ਕੌਮ ਲਈ ਮਾਰੂ ਰੁਝਾਨ ਹੈ। ਦਲ ਖਾਲਸਾ ਅਜਿਹਾ ਮਾਹੌਲ ਪੈਦਾ ਕਰੇਗਾ ਕਿ ਕੋਈ ਵੀ ਅਕਾਲੀ ਆਗੂ ਸਿੱਖ ਕੌਮ ਦੀ ਰਾਜਸੀ ਮਜਬੂਰੀ ਦਾ ਨਾਜਾਇਜ਼ ਲਾਭ ਨਾ ਲੈ ਸਕੇ।

ਜਥੇਬੰਦੀ ਵਲੋਂ ਲਏ ਹੋਰ ਫੈਸਲਿਆ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸਿੱਖ ਕੌਮ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰਵਾਉਣ ਲਈ ਹਰ ਮਹੀਨੇ ਗੁਰਮਤਿ ਸਮਾਗਮ ਕਰਵਾਏ ਜਾਣਗੇ। ਨੌਜਵਾਨਾ ਨੂੰ ਸਿਧਾਂਤਕ ਰਾਜਨੀਤੀ ਦੇ ਧਾਰਨੀ ਬਣਾਉਣ ਲਈ ਸਿਖਲਾਈ ਕੈਂਪ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਦਲ ਖਾਲਸਾ ਦੇ ਮੰਚ ਤੋਂ ਸਿੱਖ ਨੌਜਵਾਨਾ ਨੂੰ ਕੌਮੀ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇਗਾ।

ਜਥੇਬੰਦੀ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਦੀਆ ਆਗਾਮੀ ਚੋਣਾ ਵਿਚ ਸ਼੍ਰੋਮਣੀ ਕਮੇਟੀ ਦੇ ਉਨ੍ਹਾ ਮੈਂਬਰਾ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾਵੇਗੀ ਜਿਨ੍ਹਾਂ ਨੇ ਦਲ ਖਾਲਸਾ ਵਲੋਂ ਆਰੰਭੀ ਸ਼੍ਰੋਮਣੀ ਕਮੇਟੀ ਦੇ ਮੈਂਬਰਾ ਦੀ ਕਾਰਗੁਜ਼ਾਰੀ ਵਿਚ ਪਾਰਦਰਸ਼ਤਾ ਲਿਆਉਣ ਦੀ ਲਹਿਰ ਨੂੰ ਹੁੰਗਾਰਾ ਦਿੱਤਾ ਸੀ। ਸਿੱਖ ਵੋਟਰ ਦੀ ਪਰਿਭਾਸ਼ਾ ਵਿਚ ਤਬਦੀਲੀ ਅਨੁਸਾਰ ਸ਼੍ਰੋਮਣੀ ਕਮੇਟੀ ਦੀਆ ਚੋਣਾ ਕਰਵਾਉਣ 'ਤੇ ਜ਼ੋਰ ਦਿੰਦਿਆ ਕਿਹਾ ਗਿਆ ਕਿ ਜੇਕਰ ਸਾਜ਼ਿਸ਼ ਅਧੀਨ ਸਹਿਜਧਾਰੀਆਂ ਨੂੰ ਇਸ ਵਾਰ ਵੀ ਵੋਟ ਪਾਉਣ ਦਾ ਹੱਕ ਮਿਲ ਗਿਆ ਤਾਂ ਇਸ ਗੁਨਾਹ ਲਈ ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਹੋਵੇਗੀ।

ਦਲ ਖਾਲਸਾ ਦੀ ਅੱਜ ਇਹ ਪਹਿਲੀ ਅਹਿਮ ਪ੍ਰਾਪਤੀ ਹੋਈ ਕਿ ਹਿਸਾਰ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ੍ਰੀ ਭਰਪੂਰ ਸਿੰਘ ਖਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਗਏ। ਇਸ ਪ੍ਰੈਸ ਕਾਨਫਰੰਸ ਵਿਚ ਹੋਰਨਾਂ ਤੋਂ ਇਲਾਵਾ ਸ੍ਰੀ ਸਤਨਾਮ ਸਿੰਘ ਪਾਉਂਟਾ ਸਾਹਿਬ, ਸ੍ਰੀ ਸਤਿਬੀਰ ਸਿੰਘ, ਸ੍ਰੀ ਸਰਬਜੀਤ ਸਿੰਘ ਅਤੇ ਭਾਈ ਨਰੈਣ ਸਿੰਘ ਵੀ ਮੌਜੂਦ ਸਨ।

ਗਜਿੰਦਰ ਸਿੰਘ ਨੂੰ 'ਅਤਿਵਾਦੀ' ਕਰਾਰ ਦੇਣ 'ਤੇ ਦਲ ਖਾਲਸਾ ਨੂੰ ਰੋਸ

ਅੰਮ੍ਰਿਤਸਰ, 26 ਫਰਵਰੀ (ਪੱਤਰ ਪ੍ਰੇਰਕ)- ਭਾਰਤ ਵਲੋਂ ਗਜਿੰਦਰ ਸਿੰਘ ਦਾ ਨਾਂ ਪਾਕਿਸਤਾਨ ਵਿਚ ਰਹਿੰਦੇ 20 ਅਤਿ-ਲੋੜੀਂਦੇ 'ਅਤਿਵਾਦੀਆਂ' ਦੀ ਸੂਚੀ ਵਿਚ ਸ਼ਾਮਲ ਕਰਨ 'ਤੇ ਦਲ ਖਾਲਸਾ ਨੇ ਭਾਰਤ ਸਰਕਾਰ ਕੋਲ ਸਖਤ ਰੋਸ ਪ੍ਰਗਟ ਕਰਦਿਆਂ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਨੇ ਗਜਿੰਦਰ ਸਿੰਘ ਦਾ ਨਾਂ ਸੂਚੀ ਵਿਚ ਪਾ ਕੇ ਵੱਡੀ ਗਲਤੀ ਕੀਤੀ ਹੈ, ਇਸ ਲਈ ਉਨ੍ਹਾਂ ਦਾ ਨਾਂ ਤੁਰੰਤ ਹੀ ਇਸ ਸੂਚੀ ਵਿਚੋਂ ਕੱਢਿਆ ਜਾਵੇ।

ਕੇਂਦਰੀ ਗ੍ਰਹਿ ਮੰਤਰੀ ਐਲ ਕੇ. ਅਡਵਾਨੀ ਨੂੰ ਭੇਜੇ ਗਏ ਪੰਜ ਸਫਿਆਂ ਦੇ ਪੱਤਰ ਵਿਚ ਦਲ ਖਾਲਸਾ ਦੇ ਸਕੱਤਰ ਕੰਵਰਪਾਲ ਸਿੰਘ ਨੇ ਗਜਿੰਦਰ ਸਿੰਘ, ਜੋ ਦਲ ਖਾਲਸਾ ਦਾ ਮੁਖੀ ਹੈ, ਦਾ ਕੇਸ ਵਿਸਥਾਰ ਨਾਲ ਪੇਸ਼ ਕੀਤਾ ਹੈ।

ਪੰਜਾਬੀ ਟ੍ਰਿਬਿਊਨ ਨੂੰ ਮਿਲੀ ਇਸ ਪੱਤਰ ਦੀ ਕਾਪੀ ਵਿਚ ਕਿਹਾ ਗਿਆ ਹੈ ਕਿ ਅਤਿਵਾਦੀਆਂ ਦੀ ਸੂਚੀ ਵਿਚ ਗਜਿੰਦਰ ਸਿੰਘ ਦਾ ਨਾਂ ਸ਼ਾਮਲ ਕਰਨ 'ਤੇ ਦਲ ਖਾਲਸਾ ਨੂੰ ਸਖਤ ਇਤਰਾਜ਼ ਹੈ। ਸਰਕਾਰ ਦਾ ਇਹ ਫੈਸਲਾ ਬੇਇਨਸਾਫੀ ਵਾਲਾ ਹੈ। ਇਹ ਫੈਸਲਾ ਅਸਲ ਵਿਚ ਸਰਕਾਰ ਦੀ ਉਸ ਮਾਨਸਿਕਤਾ ਦਾ ਹੀ ਪ੍ਰਗਟਾਵਾ ਹੈ, ਜਿਹੜੀ ਹਰ ਸਿਆਸੀ ਬਾਗੀ ਨੂੰ ਗੱਦਾਰ ਸਮਝਦੀ ਹੈ ਅਤੇ ਇਸੇ ਮਾਨਸਿਕਤਾ ਕਾਰਨ ਹੀ ਸਿੱਖ, ਭਾਰਤੀ ਹਕੂਮਤ ਤੋਂ ਬਾਗੀ ਹੋਏ ਸਨ।

ਪੱਤਰ ਵਿਚ ਕਿਹਾ ਗਿਆ ਹੈ ਕਿ ਗਜਿੰਦਰ ਸਿੰਘ ਅਤਿਵਾਦੀ ਨਹੀਂ ਹੈ, ਉਸ ਦੇ ਹੱਥ ਕਿਸੇ ਦੇ ਖੂਨ ਨਾਲ ਨਹੀਂ ਲਿਬੜੇ। ਉਹ ਇਕ ਕ੍ਰਾਂਤੀਕਾਰੀ ਕਵੀ ਹੈ, ਉਹ ਨਿਜ਼ਾਮ ਤੋਂ ਬਾਗੀ ਸੀ ਤੇ ਉਹ ਭ੍ਰਿਸ਼ਟ ਅਤੇ ਵਿਤਕਰੇ ਵਾਲੀ ਭਾਰਤੀ ਲੀਡਰਸ਼ਿਪ ਦੇ ਨਿਜ਼ਾਮ ਤੋਂ ਆਪਣੇ ਲੋਕਾਂ ਨੂੰ ਛੁਟਕਾਰਾ ਦਿਵਾਉਣਾ ਚਾਹੁੰਦਾ ਸੀ। ਇਸ ਪੱਤਰ ਵਿਚ ਇਸ ਗੱਲ ਦਾ ਜ਼ਿਕਰ ਵੀ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਨੇ 21 ਸਾਲ ਪਹਿਲਾ ਗਜਿੰਦਰ ਸਿੰਘ ਦੇ ਖਿਲਾਫ ਦਰਜ ਕੀਤੇ ਬਗਾਵਤ ਦੇ ਕੇਸ ਨੂੰ ਪਾਕਿਸਤਾਨ ਪਾਸੋਂ ਉਨ੍ਹਾਂ ਦੀ ਸਪੁਰਦਗੀ ਦਾ ਆਧਾਰ ਬਣਾਇਆ ਹੈ। ਦਲ ਖਾਲਸਾ ਨੇ ਲਿਖਿਆ ਹੈ ਕਿ ਬਗਾਵਤ ਦਾ ਦੋਸ਼ ਅਤਿਵਾਦ ਦੀ ਪਰਿਭਾਸ਼ਾ ਦੇ ਘੇਰੇ ਵਿਚ ਨਹੀਂ ਆਉਂਦਾ। ਬਗਾਵਤ ਸਿਆਸੀ ਰੋਹ ਦਾ ਪ੍ਰਗਟਾਵਾ ਹੈ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਸਾਰੇ ਹੀ ਅਕਾਲੀ ਆਗੂਆਂ ਦੇ ਖਿਲਾਫ ਬਗਾਵਤ ਦੇ ਕੇਸ ਦਰਜ ਹੋਏ ਸਨ, ਕੀ ਉਹ ਵੀ ਅਤਿਵਾਦੀ ਬਣ ਜਾਂਦੇ ਹਨ।



ਪੱਤਰ ਵਿਚ ਸ੍ਰੀ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਤੋਂ ਲੈ ਕੇ 1978 ਦੇ ਨਿਰੰਕਾਰੀ ਸਾਕੇ ਅਤੇ 1981 ਵਿਚ ਗਜਿੰਦਰ ਸਿੰਘ ਤੇ ਉਸ ਦੇ ਸਾਥੀਆਂ ਵਲੋਂ ਜਹਾਜ਼ ਅਗਵਾ ਕਰਨ ਤਕ ਦੀਆਂ ਘਟਨਾਵਾਂ ਤੇ ਉਨ੍ਹਾਂ ਦਾ ਪਿਛੋਕੜ ਵੀ ਵੇਰਵੇ ਸਹਿਤ ਦਿੱਤਾ ਗਿਆ ਹੈ।

ਇਹ ਵਰਨਣਯੋਗ ਹੈ ਕਿ ਗਜਿੰਦਰ ਸਿੰਘ ਉਸ ਪੰਜ ਮੈਂਬਰੀ ਟੀਮ ਦੇ ਆਗੂ ਸਨ, ਜੋ 29 ਸਤੰਬਰ 1981 ਨੂੰ ਜਹਾਜ਼ ਅਗਵਾ ਕਰਕੇ ਲਾਹੌਰ ਲੈ ਗਏ ਸੀ। ਪਾਕਿਸਤਾਨ ਦੀ ਇਕ ਅਦਾਲਤ ਨੇ ਉਨ੍ਹਾਂ ਨੂੰ 14 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਅਗਵਾ ਕੇਸ ਬਾਰੇ ਆਪਣਾ ਪੱਖ ਪੇਸ਼ ਕਰਦਿਆਂ ਦਲ ਖਾਲਸਾ ਨੇ ਪੱਤਰ ਵਿਚ ਕਿਹਾ ਹੈ ਕਿ ਇਹ ਘਟਨਾ ਨਿਰਦੋਸ਼ਾਂ ਦੇ ਕਤਲਾਂ ਦੇ ਰੋਸ ਵਜੋਂ ਹਾਅ ਦਾ ਨਾਅਰਾ ਸੀ। ਜਹਾਜ਼ ਅਗਵਾ ਦੀ ਘਟਨਾ ਦੁਨੀਆ ਨੂੰ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਬਾਰੇ ਦੱਸਣ ਦਾ ਇਕ ਤਰੀਕਾ ਸੀ। ਪੱਤਰ ਵਿਚ ਕਿਹਾ ਗਿਆ ਹੈ ਕਿ ਜਦੋਂ 14 ਸਾਲ ਦੀ ਸਜ਼ਾ ਗੁਜ਼ਾਰਣ ਮਗਰੋਂ ਗਜਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪਾਕਿਸਤਾਨ ਸਰਕਾਰ ਵਲੋਂ ਸੀਮਤ ਸਮੇਂ ਵਿਚ ਦੇਸ਼ ਛੱਡਣ ਲਈ ਕਿਹਾ ਗਿਆ ਸੀ। ਗਜਿੰਦਰ ਸਿੰਘ 1996 ਵਿਚ ਜਰਮਨੀ ਗਿਆ ਸੀ ਪਰ ਉਸ ਨੂੰ ਫਰੈਂਕਫਰਟ ਹਵਾਈ ਅੱਡੇ ਤੋਂ ਹੀ ਪਾਕਿਸਤਾਨ ਵਾਪਸ ਭੇਜ ਦਿੱਤਾ ਗਿਆ ਸੀ। ਪੱਤਰ ਵਿਚ ਇਸ ਘਟਨਾ ਦਾ ਦੋਸ਼ ਵੀ ਭਾਰਤ ਸਰਕਾਰ ਦੇ ਸਿਰ ਮੜ੍ਹਿਆ ਗਿਆ ਹੈ।

ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਪੰਜ ਸਾਲ ਪਹਿਲਾ ਜਦੋਂ ਦਲ ਖਾਲਸਾ ਨੇ ਪੰਜਾਬ ਵਿਚ ਆਪਣੀਆਂ ਸਿਆਸੀ ਸਰਗਰਮੀਆਂ ਫਿਰ ਆਰੰਭੀਆਂ ਸਨ ਤਾਂ ਇਸ ਬਾਰੇ ਪਾਰਟੀ ਨੇ ਆਪਣੇ ਨਿਸ਼ਾਨੇ ਅਤੇ ਰੁਤਬੇ ਬਾਰੇ ਗ੍ਰਹਿ ਵਿਭਾਗ ਨੂੰ ਇਕ ਪੱਤਰ ਰਾਹੀਂ ਸੂਚਿਤ ਕਰ ਦਿੱਤਾ ਸੀ। ਦਲ ਖਾਲਸਾ ਨੇ ਆਪਣੀਆਂ ਸਿਆਸੀ ਸਰਗਰਮੀਆਂ ਦਾ ਵੇਰਵਾ ਵੀ ਪੱਤਰ ਵਿਚ ਦਿੱਤਾ ਹੈ ਅਤੇ ਆਪਣੀਆਂ ਨੀਤੀਆਂ ਸਪਸ਼ਟ ਕਰਦਿਆਂ ਇਹ ਵੀ ਕਿਹਾ ਹੈ ਕਿ ਦਲ ਖਾਲਸਾ ਹਿੰਸਾ ਰਾਹੀਂ ਆਪਣੇ ਨਿਸ਼ਾਨਿਆਂ ਦੀ ਪੂਰਤੀ ਦੇ ਵਿਰੁੱਧ ਹੈ ਤੇ ਕਿਹਾ ਸੀ, 'ਅਸੀਂ ਅੰਤਰਰਾਸ਼ਟਰੀ ਭਾਈਚਾਰੇ ਦੀ ਅਤਿਵਾਦ ਬਾਰੇ ਚਿੰਤਾ ਵਿਚ ਸ਼ਰੀਕ ਹਾਂ। ਅਸੀਂ ਵਿਅਕਤੀਗਤ ਅਤੇ ਸਰਕਾਰੀ ਅੱਤਵਾਦ ਦੀ ਮੁੱਢੇ ਰੂਪ ਵਿਚ ਨਿੰਦਾ ਕਰਦੇ ਹਾਂ।' ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਨ੍ਹਾਂ ਕਾਰਨਾਂ ਕਰਕੇ ਘੱਟ ਗਿਣਤੀ ਕੌਮਾਂ ਨੂੰ ਬਗਾਵਤ ਦਾ ਰਾਹ ਅਖਤਿਆਰ ਕਰਨਾ ਪੈਂਦਾ ਹੈ, ਉਨ੍ਹਾਂ ਕਾਰਨਾਂ ਦਾ

ਆਤਮ ਸਮਰਪਣ ਨਾਲੋਂ ਮਰ ਜਾਣਾ ਚੰਗਾ: ਗਜਿੰਦਰ ਸਿੰਘ

ਨਨਕਾਣਾ ਸਾਹਿਬ (ਪਾਕਿਸਤਾਨ), 11 ਅਪਰੈਲ (ਪੱਤਰ ਪ੍ਰੇਰਕ)- ਪਾਕਿਸਤਾਨ ਵਿਚ ਰਹਿ ਰਹੇ ਸਿੱਖ ਖਾੜਕੂਆਂ ਨੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਵੱਸਣ ਸਿੰਘ ਜ਼ਫਰਵਾਲ ਵਲੋਂ ਭਾਰਤ ਜਾ ਕੇ ਸਰਕਾਰ ਅੱਗੇ ਆਤਮ-ਸਮਰਪਣ ਕਰਨ ਦੀ ਚੱਲ ਰਹੀ ਚਰਚਾ ਬਾਰੇ ਕਿਹਾ ਹੈ ਕਿ ਵਿਰੋਧੀ ਅੱਗੇ ਆਤਮ-ਸਮਰਪਣ ਕਰਨ ਨਾਲੋਂ ਤਾਂ ਮਰ ਜਾਣਾ ਚੰਗਾ ਹੈ। ਦਲ ਖਾਲਸਾ ਇੰਟਰਨੈਸ਼ਨਲ ਦੇ ਚੇਅਰਮੈਨ ਭਾਈ ਗਜਿੰਦਰ ਸਿੰਘ ਨੇ ਪੰਜਾਬੀ ਟ੍ਰਿਬਿਊਨ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜ਼ਰੂਰੀ ਨਹੀਂ ਹੈ ਕਿ ਹਿੰਸਾਤਮਕ ਲੜਾਈ ਲੜੀ ਜਾਵੇ। ਲੋਕਾਂ ਨੂੰ ਆਪਣੀ ਵਿਚਾਰਧਾਰਾ ਨਾਲ ਜੋੜਨ ਤੇ ਲੋਕਾਂ ਦੇ ਦਿਲ ਜਿੱਤਣ ਲਈ ਅਮਨਪੂਰਵਕ ਸੰਘਰਸ਼ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦਲ ਖਾਲਸਾ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਅਮਨਪੂਰਵਕ ਅਤੇ ਲੋਕਤੰਤਰੀ ਢੰਗ ਨਾਲ ਸੰਘਰਸ਼ ਜਾਰੀ ਰੱਖੇਗਾ। ਭਾਈ ਗਜਿੰਦਰ ਸਿੰਘ ਨੇ ਐਲਾਨ ਕੀਤਾ ਕਿ ਖਾਲਸਾ ਸ਼੍ਰੋਮਣੀ ਕਮੇਟੀ ਦੀਆਂ ਆਗਾਮੀ ਚੋਣਾਂ ਲੜੇਗਾ।

ਉਨ੍ਹਾਂ ਕਿਹਾ ਕਿ ਜੇ ਭਾਈ ਜ਼ਫਰਵਾਲ ਆਤਮ ਸਮਰਪਣ ਕਰਦਾ ਹੈ ਤਾਂ ਇਹ ਸਿੱਖ ਕੌਮ ਤੇ ਸਿੱਖ ਪਰੰਪਰਾਵਾਂ ਨਾਲ ਵੱਡਾ ਧੋਖਾ ਹੋਵੇਗਾ। ਉਨ੍ਹਾਂ ਕਿਹਾ ਕਿ 'ਜ਼ੁਲਮ ਦੇ ਖਿਲਾਫ ਕਿਵੇਂ ਲੜਨਾ ਹੈ, ਮੈਂ ਇਹ ਪਰੰਪਰਾ ਆਪਣੇ ਨਾਲ ਲੈ ਕੇ ਹੀ ਜਨਮਿਆ ਸੀ।' ਉਨ੍ਹਾਂ ਇਸ ਬਾਰੇ ਆਪਣੀਆਂ ਕਵਿਤਾਵਾਂ ਦੀਆਂ ਕੁਝ ਸਤਰਾਂ ਵੀ ਸੁਣਾਈਆਂ।

ਖਾੜਕੂ ਆਗੂ ਨੇ ਆਪਣੀਆਂ ਭਵਿੱਖੀ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਆਸ ਪ੍ਰਗਟਾਈ ਕਿ ਦਲ ਖਾਲਸਾ ਆਪਣੇ ਰਾਜਸੀ ਮੰਤਵ ਦੀ ਅਵੱਸ਼ ਪੂਰਤੀ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜਿਵੇਂ ਪੰਜਾਬ ਵਿਚ ਹਾਕਮ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਲੋਕਾਂ ਵਿਚ ਮਜ਼ਬੂਤ ਆਧਾਰ ਬਣਾਇਆ ਹੈ, ਉਸੇ ਤਰ੍ਹਾਂ ਹੀ ਦਲ ਖਾਲਸਾ ਵੀ ਭਵਿੱਖ ਵਿਚ ਆਪਣਾ ਆਧਾਰ ਕਾਇਮ ਕਰੇਗਾ। ਉਨ੍ਹਾਂ ਦਾਅਵਾ ਕੀਤਾ ਕਿ ਤੀਜੇ ਫਰੰਟ ਦਾ ਪੰਜਾਬ ਵਿਚ ਕੋਈ ਆਧਾਰ ਨਹੀਂ ਬਣ ਸਕੇਗਾ।

ਭਾਰਤ ਜਾਣ ਸਬੰਧੀ ਭਾਈ ਗਜਿੰਦਰ ਸਿੰਘ ਨੇ ਕਿਹਾ ਕਿ ਉਹ ਜਾ ਤਾਂ ਸਕਦੇ ਹਨ, ਪਰ ਉਹ ਆਤਮ ਸਮਰਪਣ ਨਹੀਂ ਕਰਨਗੇ। ਵਿਸਾਖੀ ਮਨਾਉਣ ਲਈ ਕੈਨੇਡਾ ਤੋਂ ਆਏ ਬੱਬਰ ਖਾਲਸਾ ਦੇ ਭਾਈ ਬਲਬੀਰ ਸਿੰਘ ਨਿੱਝਰ, ਜਰਮਨੀ ਤੋਂ ਆਏ ਦਲ ਖਾਲਸਾ ਇੰਟਰਨੈਸ਼ਨਲ ਦੇ ਭਾਈ ਸੁਰਿੰਦਰ ਸਿੰਘ ਸੇਖੋਂ ਨੇ ਵੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਖਾੜਕੂਆਂ ਨੂੰ ਮੁੱਖ ਧਾਰਾ ਵਿਚ ਸ਼ਾਮਲ ਹੋ ਜਾਣ ਦੀ ਕੀਤੀ ਪੇਸ਼ਕਸ਼ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਅਜਿਹਾ ਨਹੀਂ ਕਰਨਗੇ। ਅੱਜ ਇਥੇ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਦਲ ਖਾਲਸਾ, ਬੱਬਰ ਖਾਲਸਾ ਇੰਟਰਨੈਸ਼ਨਲ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਖਾਲਿਸਤਾਨ ਜ਼ਿੰਦਾ ਫੋਰਸ ਵਲੋਂ ਸਾਹਿਤ ਵੰਡਿਆ ਗਿਆ।

ਪ੍ਰਧਾਨਗੀ ਗਜਿੰਦਰ ਸਿੰਘ ਕੋਲ ਹੀ ਬਰਕਰਾਰ

ਜਲੰਧਰ, 6 ਅਗਸਤ (ਪੱਤਰ ਪ੍ਰੇਰਕ)- ਦਲ ਖਾਲਸਾ ਨੇ ਇਕ ਅਹਿਮ ਰਣਨੀਤਕ ਫੈਸਲੇ ਤਹਿਤ ਹੁਸ਼ਿਆਰਪੁਰ ਤੋਂ ਅਕਾਲੀ ਆਗੂ ਹਰਚਰਨਜੀਤ ਸਿੰਘ ਧਾਮੀ ਨੂੰ ਜਥੇਬੰਦੀ ਦਾ ਇਕ ਸਾਲ ਲਈ ਕਾਰਜਕਾਰੀ ਪ੍ਰਧਾਨ ਚੁਣਿਆ ਹੈ। ਪਾਕਿਸਤਾਨ 'ਚ ਹੀ ਰਹਿ ਰਹੇ ਜਥੇਬੰਦੀ ਦੇ ਬਾਨੀ ਪ੍ਰਧਾਨ ਗਜਿੰਦਰ ਸਿੰਘ ਅਗਲੇ ਦੋ ਸਾਲ ਲਈ ਪ੍ਰਧਾਨ ਬਣੇ ਰਹਿਣਗੇ। ਦਲ ਖਾਲਸਾ ਦੀ 25ਵੀਂ ਵਰ੍ਹੇਗੰਢ ਮੌਕੇ ਅੱਜ ਇਥੇ ਗੁਰੂ ਤੇਗ ਬਹਾਦਰ ਨਗਰ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਡੈਲੀਗੇਟ ਇਜਲਾਸ 'ਚ ਚੋਣ ਦੇ ਨਾਲ ਨਾਲ ਜਥੇਬੰਦੀ ਦੇ ਵਿਧਾਨ ਦੇ ਨਵੇਂ ਸਰੂਪ ਨੂੰ ਪ੍ਰਵਾਨਗੀ ਦਿੱਤੀ ਗਈ। ਦਲ ਖਾਲਸਾ ਨੇ ਇਸ ਮੌਕੇ ਪਾਸ ਇਕ ਮਤੇ ਰਾਹੀਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਤੋੜ ਕੇ 'ਪੰਥ ਤੋਂ ਸ਼ਕਤੀ' ਮੰਗਣ ਦੀ ਅਪੀਲ ਕੀਤੀ। ਜਥੇਬੰਦੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਆਮ ਚੋਣ 'ਚ ਹਿੱਸਾ ਲੈਣ ਦਾ ਵੀ ਫੈਸਲਾ ਲਿਆ ਹੈ।

ਦਲ ਖਾਲਸਾ ਦੇ ਸਾਲਾਨਾ ਇਜਲਾਸ 'ਚ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਤੋਂ ਵੱਡੀ ਗਿਣਤੀ 'ਚ ਡੈਲੀਗੇਟਾਂ ਨੇ ਸ਼ਿਰਕਤ ਕੀਤੀ। ਇਜਲਾਸ ਦੁਪਹਿਰ 11 ਵਜੇ ਜਥੇਬੰਦੀ ਦੇ ਬਾਨੀ ਪ੍ਰਧਾਨ ਗਜਿੰਦਰ ਸਿੰਘ ਦੇ ਲਿਖਤੀ ਸੁਨੇਹਾ ਪੜ੍ਹਨ ਨਾਲ ਸ਼ੁਰੂ ਹੋਇਆ। ਖਾੜਕੂ ਆਗੂ ਨੇ ਆਪਣੇ ਸੁਨੇਹੇ 'ਚ 'ਖਾਲਸਾ ਜੀ ਦੇ ਬੋਲਬਾਲੇ' ਅਤੇ ਸਿੱਖਾਂ ਲਈ ਸਵੈ ਰਾਜ ਦੇ ਨਿਸ਼ਾਨੇ ਦੀ ਪੂਰਤੀ ਲਈ ਜਮਹੂਰੀ ਤਰੀਕੇ ਨਾਲ ਸੰਘਰਸ਼ ਜਾਰੀ ਰੱਖਣ ਦੀ ਗੱਲ ਆਖੀ। ਦਲ ਦੇ ਕੌਮੀ ਸਕੱਤਰ ਕੰਵਰਪਾਲ ਸਿੰਘ ਨੇ ਜਥੇਬੰਦੀ ਦੇ 25 ਸਾਲਾ ਇਤਿਹਾਸ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਚੋਣ ਦੌਰਾਨ ਸ. ਸਰਬਜੀਤ ਸਿੰਘ ਘੁਮਾਣ ਨੇ ਗਜਿੰਦਰ ਸਿੰਘ ਦਾ ਪ੍ਰਧਾਨ ਲਈ ਨਾਂ ਪੇਸ਼ ਕੀਤਾ ਜਿਸ ਨੂੰ ਇਜਲਾਸ 'ਚ ਸ਼ਾਮਲ ਡੈਲੀਗੇਟਾਂ ਨੇ ਜ਼ੁਬਾਨੀ ਪ੍ਰਵਾਨਗੀ ਦੇ ਦਿੱਤੀ। ਗਜਿੰਦਰ ਸਿੰਘ ਦੀ ਲੰਬੀ ਗੈਰਹਾਜ਼ਰੀ ਕਾਰਨ ਦਲ ਖਾਲਸਾ ਦੀ ਪ੍ਰਬੰਧਕੀ ਕਮੇਟੀ ਦੇ ਫੈਸਲੇ ਮੁਤਾਬਕ ਸ੍ਰੀ ਧਾਮੀ ਨੂੰ ਕਾਰਜਕਾਰੀ ਪ੍ਰਧਾਨ ਚੁਣਿਆ ਗਿਆ। ਉਹ ਹੁਸ਼ਿਆਰਪੁਰ ਜ਼ਿਲੇ ਦੇ ਪਿਪਲੇਵਾਲ ਪਿੰਡ ਦੇ ਵਸਨੀਕ ਹਨ। ਦਲ ਖਾਲਸਾ 25 ਵਰ੍ਹੇ ਪਹਿਲਾਂ ਚੰਡੀਗੜ੍ਹ ਵਿਖੇ ਕਾਇਮ ਕੀਤਾ ਗਿਆ ਸੀ। 1982 ਵਿਚ ਪੰਜਾਬ ਸਰਕਾਰ ਨੇ ਦਲ ਖਾਲਸਾ 'ਤੇ ਪਾਬੰਦੀ ਲਗਾ ਦਿੱਤੀ ਸੀ ਜੋ 1992 ਤੱਕ ਜਾਰੀ ਰਹੀ। ਇਜਲਾਸ 'ਚ ਜਥੇਬੰਦੀ ਦੇ ਇਕ ਪੁਰਾਣੇ ਆਗੂ ਹਰਸਿਮਰਨ ਸਿੰਘ ਨੂੰ ਮੁੜ ਪਾਰਟੀ 'ਚ ਸ਼ਾਮਲ ਕਰ ਲਿਆ। ਉਨ੍ਹਾਂ ਨੂੰ ਇਸ ਮੌਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪਾਸ ਇਕ ਮਤੇ ਰਾਹੀਂ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਦੁਹਰਾਈ ਗਈ। ਦਲ ਖਾਲਸਾ ਦਾ ਕਹਿਣਾ ਹੈ ਕਿ ਭਾਰਤ 'ਚ ਘੱਟ ਗਿਣਤੀਆਂ ਨੂੰ ਇਨਸਾਫ ਨਹੀਂ ਮਿਲ ਰਿਹਾ। ਇਸ ਮੌਕੇ ਕੁਝ ਖਾੜਕੂਆਂ ਦੇ ਪਰਿਵਾਰ ਵੀ ਸਨਮਾਨਤ ਕੀਤੇ ਗਏ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਦਲਜੀਤ ਸਿੰਘ ਬਿੱਟੂ, ਇੰਦਰਪਾਲ ਸਿੰਘ ਨਵਾਂ ਸ਼ਹਿਰ, ਇਕਬਾਲ ਸਿੰਘ ਮਾਨ, ਰਮਿੰਦਰਜੀਤ ਸਿੰਘ, ਡਾ. ਸੁਖਦੇਵ ਸਿੰਘ, ਡਾ. ਹਰਪਾਲ ਸਿੰਘ, ਬਲਰਾਜ ਸਿੰਘ, ਡਾ. ਸਰਬਜੀਤ ਸਿੰਘ, ਡਾ. ਮਨਜਿੰਦਰ ਸਿੰਘ, ਸਰਬਜੀਤ ਸਿੰਘ ਪਟਿਆਲ, ਸਰਬਜੀਤ ਸਿੰਘ ਘੁਮਾਣ, ਤਿਰਲੋਚਨ ਸਿੰਘ, ਦਲ ਦੇ ਜਨਰਲ ਸਕੱਤਰ ਸ੍ਰੀ ਜਗਮੋਹਣ ਸਿੰਘ ਅਤੇ ਯੂਥ ਆਗੂ ਕਰਨੈਲ ਸਿੰਘ ਪੰਜੋਲੀ ਨੇ ਸ਼ਿਰਕਤ ਕੀਤੀ।

ਗਜਿੰਦਰ ਸਿੰਘ-ਜ਼ੈਗ਼ਮ ਸਾਹਿਬ ਦੀ ਨਜ਼ਰ ਵਿਚ

ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਵਿਚ ਸਾਜਿਆ ਖਾਲਸਾ ਪੰਥ ਅੱਗਾਂ ਚੋਂ ਨਿਕਲ ਕੇ ਮੁਨਵਰ ਹੋ ਨਿਬੜਿਆ ਹੈ। ਹਿੰਦੂ ਰਾਜਨੀਤੀ ਨੇ ਜਿਥੇ ਸਿੱਖ ਧਰਮ ਨੂੰ ਛਿੱਕੇ ਉਪਰ ਟੰਗਣ ਦੇ ਉਦਮ ਕੀਤੇ, ਉਥੇ ਮੋਰਚਿਆਂ ਤੇ ਜੇਲ੍ਹਾਂ ਭਰੋ ਦੀ ਸਿਆਸਤ ਅਤੇ ਜੁਝਾਰੂ ਅਮੀਰ ਵਿਰਸੇ ਨੇ, ਸਿੱਖੀ ਨੂੰ ਮੁਕਣ ਨਹੀਂ ਦਿੱਤਾ। ਸਗੋਂ ਹਰ ਸੰਕਟ ਨੇ ਸਿੱਖੀ ਸਿਦਕ ਨੂੰ ਹੋਰ ਸੰਵਾਰਿਆ ਹੈ।

ਅੱਜ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਇਸ ਦੇ ਸਪੁੱਤਰ, ਸਾਰੀਆਂ ਸਦੀਆਂ ਦੀ ਤਵਾਰੀਖ ਦਾ ਗਿਆਨ ਰੱਖਦੇ ਹਨ। ਇਰਾਦਿਆਂ ਦੀ ਪਕਿਆਈ ਤੇ ਦਰਿੜਤਾ, ਮੰਜ਼ਿਲ ਉਪਰ ਨਜ਼ਰ, ਜਜ਼ਬਿਆਂ ਦੀ ਸ਼ਕਤੀ, ਈਮਾਨ ਦੀ ਮਜ਼ਬੂਤੀ ਗੋਇਆ ਸਾਰੇ ਗੁਣ ਇਸ ਕੌਮ ਵਿਚ ਮੌਜੂਦ ਹਨ। ਰੋਜ਼-ਰੋਜ਼ ਦੇ ਅੰਦੋਲਨਾਂ ਤੇ ਸ਼ਕਤੀ ਲਹਿਰਾਂ ਦੇ ਆਲ੍ਹਣੇ ਵਿਚੋਂ ਕਈ ਕੁਕਨੂਸ ਜੰਮੇ, ਉਨ੍ਹਾਂ ਵਿਚੋਂ ਹੀ ਭਾਈ ਗਜਿੰਦਰ ਸਿੰਘ ਹਨ। ਉਹ ਇਕ ਉਘੇ, ਬੁੱਧੀਜੀਵੀ ਹਨ ਸਿੱਖ ਵਿਚਾਰ ਧਾਰਾ ਜਿਨ੍ਹਾਂ ਦੀ ਰੂਹ ਹੈ। ਉਹ ਸਿਆਸਤ ਦੀਆਂ ਗੁੱਥੀਆਂ ਨੂੰ ਸੁਲਝਾ ਸਕਣ ਦੀ ਵੱਡੀ ਸ਼ਕਤੀ ਦੇ ਮਾਲਕ ਹਨ।

ਲੰਮੀ ਜੇਲ੍ਹ ਯਾਤਰਾ ਮਨੁੱਖ ਦੀ ਸੋਚਣੀ ਤੇ ਮਨੁੱਖ ਦੇ ਮਨ ਨੂੰ ਵੀ ਰੁਸ਼ਨਾਉਂਦੀ ਹੈ ਤੇ ਉਸਨੂੰ ਬਹੁਬਲ ਵੀ ਬਖਸ਼ਦੀ ਹੈ। ਜੇਲ੍ਹ ਵਿਚ ਉਨ੍ਹਾਂ ਨੇ ਦੁਨੀਆਂ ਭਰ ਦੇ ਇਨਕਲਾਬੀ ਲਿਟਰੇਚਰ ਨੂੰ ਪੜ੍ਹਿਆ, ਘੋਖਿਆ ਤੇ ਵਾਚਿਆ ਤੇ ਆਪਣੀ ਜਿੰਦ ਜਾਨ ਤੇ ਸੋਚ ਦਾ ਹਿੱਸਾ ਬਣਾਇਆ। ਉਹ ਮਹਾਨ ਲੈਨਿਨ ਵਾਂਗ ਦੋ ਕਦਮ ਅੱਗੇ ਤੇ ਇਕ ਕਦਮ ਪਿਛੇ ਪਲਟਣ ਵਾਲੀ ਬੁੱਧੀ ਨਾਲ ਮਾਲਾ ਮਾਲ ਵੀ ਹਨ। ਉਨ੍ਹਾਂ ਵਿਚ ਭਾਈ ਕਪੂਰ ਸਿੰਘ ਵਰਗੀ ਸੋਝੀ ਵੀ ਹੈ। ਬਾਬਾ ਖੜਕ ਸਿੰਘ ਦੇ ਜੁਝਾਰੂ ਸਾਥੀਆਂ ਦਾ ਸੱਚਾ ਜਜ਼ਬਾ ਵੀ ਹੈ।

ਮੈਨੂੰ ਮਾਣ ਏ ਕਿ ਭਾਈ ਗਜਿੰਦਰ ਸਿੰਘ ਨਾਲ, ਰਿਹਾਈ ਪਿਛੋਂ ਲੰਮੇ ਵਿਚਾਰ ਵਟਾਂਦਰੇ ਹੁੰਦੇ ਰਹੇ। ਉਨ੍ਹਾਂ ਨੂੰ ਜਾਨਣ ਦਾ ਮੌਕਾ ਮਿਲਿਆ, ਉਨ੍ਹਾਂ ਨੂੰ ਸਮਝਿਆ। ਜਦੋਂ ਉਹ ਜੇਲ੍ਹ ਵਿਚ ਸਨ ਉਨ੍ਹਾਂ ਨੂੰ ਦੁਨੀਆ ਭਰ ਦਾ ਇਨਕਲਾਬੀ ਇਤਿਹਾਸ, ਜਿੰਨਾਂ ਕੁ ਮੇਰੇ ਕੋਲ ਸੀ, ਘੱਲਿਆ। ਉਨ੍ਹਾਂ ਉਸ ਨੂੰ ਪੜ੍ਹਿਆ ਵੀ ਤੇ ਕਈ ਕਿਤਾਬਾਂ ਬਾਰੇ ਲਿਖਿਆ ਵੀ। ਇਸ ਵਾਸਤੇ ਉਨ੍ਹਾਂ ਬਾਰੇ ਲਿਖਣਾ ਮੈਂ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ। ਮੈਂ ਉਨ੍ਹਾਂ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਤ

ਹੋਇਆਂ ਹਾਂ। 'ਸੂਰਜ ਅਤੇ ਖਾਲਿਸਤਾਨ' ਦੀ ਭੂਮਿਕਾ ਲਿਖਣ ਦਾ ਮੈਨੂੰ ਹੀ ਮਾਣ ਹਾਸਿਲ ਨਹੀਂ ਸਗੋਂ ਪੰਜਾਬੀ ਦੇ ਉਚ ਕੋਟੀ ਦੇ ਸ਼ਾਇਰ ਤੇ 'ਤਰਿੰਜਣ' ਵਰਗੀ ਕਿਤਾਬ ਦੇ ਸਿਰਜਣ ਹਾਰ ਅਹਿਮਦ ਰਾਹੀ ਨੇ ਵੀ ਉਸ ਕਿਤਾਬ ਬਾਰੇ ਫ਼ਖਰ ਨਾਲ ਇਜ਼ਹਾਰ ਕੀਤਾ। ਉਰਦੂ ਜ਼ਬਾਨ ਦੇ ਉੱਚ ਕੋਟੀ ਦੇ ਸ਼ਾਇਰ ਤੇ ਅਦਬ ਦੀ ਤਰੱਕੀ ਪਸੰਦ ਲਹਿਰ ਦੇ ਆਗੂਆਂ ਦੇ ਲੀਡਰ ਮੁਹਤਰਮ ਅਹਿਮਦ ਨਦੀਮ ਕਾਸਮੀ ਹੋਰਾਂ ਵੀ ਕਿਤਾਬ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਆਜ਼ਾਦੀ ਦੇ ਮਤਵਾਲਿਆਂ ਨੂੰ ਘਰ ਛੱਡਣਾ ਪੈਂਦਾ ਹੈ। ਮਾਂ ਪਿਉ ਤੋਂ ਵਾਂਝਿਆ ਹੋ ਜਾਣਾ ਪੈਂਦਾ ਅਤੇ ਬੀਵੀ ਬੱਚੇ ਛੱਡਣੇ ਪੈਂਦੇ ਨੇ। ਪਰ ਉਨ੍ਹਾਂ ਨੂੰ ਇਨ੍ਹਾਂ ਬਹੁਤ ਸਾਰੇ ਦੁੱਖਾਂ ਵਿਚ ਹਮੇਸ਼ਾਂ ਚੜ੍ਹਦੀਆਂ ਕਲਾ ਵਿਚ ਵੇਖਿਆ ਹੈ। ਰੱਬ ਵੱਲੋਂ ਇਹ ਦਾਤ ਟਾਵੇਂ ਟਾਵੇਂ ਮਨੁੱਖਾਂ ਹੀ ਨੂੰ ਅਰਪਨ ਹੁੰਦੀ ਹੈ ਤੇ ਇਸ ਟੀਸੀ ਉਪਰ ਭਾਈ ਗਜਿੰਦਰ ਸਿੰਘ ਜੀ ਮੌਜੂਦ ਨੇ। ਅਕਾਲ ਪੁਰਖ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਆਂ ਕਲਾ ਵਿਚ ਰੱਖੇ ਤੇ ਉਹ ਜਿਥੇ ਵੀ ਹੋਣ ਖੁਸ਼ ਰਹਿਣ। ਪਿਛਲੇ ਦਿਨੀ ਉਨ੍ਹਾਂ ਦੇ ਕਿਸੇ ਮਿੱਤਰ ਨੇ ਯੂਰਪ ਤੋਂ ਉਨ੍ਹਾਂ ਦੀ ਨਵੀਂ ਕਿਤਾਬ 'ਸੰਘਰਸ਼, ਸਲਾਖਾਂ ਤੇ ਸੱਜਣੀ' ਘੱਲੀ। ਪੜ੍ਹ ਕੇ ਇਹਸਾਸ ਹੋਇਆ ਕਿ ਅੱਜ ਵੀ ਉਨ੍ਹਾਂ ਦੇ ਜਜ਼ਬਿਆਂ ਵਿਚ ਜੀਵਨ ਲਹਿਰ ਉਂਜ ਹੀ ਹੈ ਜਿਵੇਂ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਵਿਚ ਮਹਿਸੂਸ ਹੋਇਆ ਸੀ।

ਸਿਬਤੁਲ ਹਸਨ ਜ਼ੈਗਮ
ਲਾਹੌਰ, ਪਾਕਿਸਤਾਨ।

ਆਜ਼ਾਦੀ ਦੀ ਮੰਜ਼ਲ ਦਾ ਪਾਂਧੀ : ਗਜਿੰਦਰ ਸਿੰਘ

ਸ੍ਰ. ਗਜਿੰਦਰ ਸਿੰਘ ਦਾ ਨਾਂ ਪ੍ਰਭੂਸਤਾ ਸੰਪੰਨ ਖ਼ਾਲਿਸਤਾਨ ਦੀ ਸਥਾਪਨਾ ਲਈ ਸੰਘਰਸ਼ ਆਰੰਭ ਕਰਨ ਵਾਲੇ ਸਿੰਘਾਂ ਦੀ ਪਹਿਲੀ ਕਤਾਰ ਵਿਚ ਆਉਂਦਾ ਹੈ। ਉਹ ਸੁਚੇਤ ਅਤੇ ਸੁਹਿਰਦ ਹੋ ਕੇ ਆਜ਼ਾਦੀ ਦੀ ਇਸ ਮੰਜ਼ਿਲ ਦੇ ਪਾਂਧੀ ਬਣੇ ਅਤੇ ਪੂਰੀ ਦ੍ਰਿੜ੍ਹਤਾ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਪਿੜ ਵਿਚ ਨਿੱਤਰੇ। ਆਜ਼ਾਦੀ ਦੀ ਚਿਣਗ ਤਾਂ ਬਚਪਨ ਤੋਂ ਹੀ ਉਸਦੇ ਦਿਲ ਵਿਚ ਸਮਾਈ ਹੋਈ ਸੀ, ਪਰ ਸਿਰਦਾਰ ਕਪੂਰ ਸਿੰਘ ਦੀ ਸੰਗਤ ਦੇ ਨਿੱਘ ਨਾਲ ਉਹ ਪੂਰੀ ਤਰ੍ਹਾਂ ਪ੍ਰਚੰਡ ਹੋ ਗਈ ਅਤੇ ਸ੍ਰ. ਗਜਿੰਦਰ ਸਿੰਘ ਇਸ ਕੌਮੀ ਮੰਜ਼ਿਲ ਦੇ ਪੈਂਡਿਆਂ ਨੂੰ ਤੈਅ ਕਰਨ ਲਈ ਪੜਾਅ ਵਾਰ ਕਦਮ ਉਠਾਉਣ ਲੱਗ ਪਏ।

ਪਹਿਲੇ ਪੜਾਅ ਵਿਚ ਉਸ ਨੇ 'ਦਲ ਖ਼ਾਲਸਾ' ਨਾਂ ਦੀ ਜਥੇਬੰਦੀ ਕਾਇਮ ਕਰਕੇ ਸਿੱਖ ਨੌਜਵਾਨਾਂ ਨੂੰ ਸੰਗਠਿਤ ਕਰਨ ਦਾ ਯਤਨ ਆਰੰਭਿਆ ਅਤੇ ਨਾਲ ਹੀ ਸਮੁੱਚੀ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਵਿਲੱਖਣ ਢੰਗ ਅਪਣਾਏ। ਗਲਾਂ ਵਿਚ ਸੰਗਲ, ਪੈਰਾਂ ਵਿਚ ਬੇੜੀਆਂ, ਹੱਥਾਂ ਵਿਚ ਕੜੀਆਂ ਪਾ ਕੇ ਬਟਾਲੇ ਦੇ ਬਜ਼ਾਰਾਂ ਵਿਚ ਕੱਢਿਆ ਜਲੂਸ, ਉਸ ਦੇ ਅਜਿਹੇ ਪ੍ਰਚਾਰ ਦਾ ਅਹਿਮ ਕਦਮ ਸੀ।

ਜਵਾਨੀ ਵਿਚ ਲਿਖੇ ਗਏ ਉਸਦੇ ਕਾਵਿ ਸੰਗ੍ਰਹਿ 'ਪੰਜ ਤੀਰ ਹੋਰ' ਅਤੇ 'ਗੰਗੂ ਦੀ ਰੂਹ' ਸਿੱਖ ਕੌਮ ਲਈ ਹਲੂਣਾ ਅਤੇ ਹਿੰਦੂ ਸਾਮਰਾਜ ਲਈ ਝਟਕਾ ਬਣਕੇ ਸਾਹਮਣੇ ਆਏ। ਉਸਦੀ ਕਵਿਤਾ ਦੀ ਹਰ ਪੰਕਤੀ ਆਜ਼ਾਦੀ ਦੀ ਮੰਜ਼ਿਲ ਵੱਲ ਵਧਦਾ ਕਦਮ ਹੈ। ਉਹ ਇਹ ਕਹਿਕੇ ਹਾਕਮ ਜਮਾਤ ਦੀ ਸਿੱਖ ਮਾਰੂ ਨੀਤੀ ਦਾ ਪਰਦਾ ਫਾਸ਼ ਕਰਦੇ ਹਨ:

ਇਹ ਗਾਂਧੀ, ਇਹ ਨਹਿਰੂ,
ਜਾਂ ਨਹਿਰੂ ਦੀ ਧੀ ਏ।
ਇਥੇ ਗੰਗੂ ਹੀ ਗੰਗੂ ਨੇ,
ਹੋਰ ਇਥੇ ਕੀ ਏ।

ਸ੍ਰ. ਗਜਿੰਦਰ ਸਿੰਘ ਕਹਿਣ ਵਿਚ ਹੀ ਨਹੀਂ, ਬਲਕਿ ਕੁਝ ਕਰਨ ਵਿਚ ਵੀ ਯਕੀਨ ਰੱਖਦਾ ਹੈ। ਉਹ ਜੁਝਾਰੂ ਕਵੀ ਹੀ ਨਹੀਂ, ਜੁਝਾਰੂ ਸਿਪਾਹੀ ਵੀ ਹੈ।

1978 ਵਿਚ ਪੁੰਡਰੀ ਤੇ ਅੰਮ੍ਰਿਤਸਰ ਦੇ ਸ਼ਹੀਦੀ ਸਾਕਿਆਂ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ ਸੀ। 1981 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੇ ਵਿਰੁਧ ਰੋਸ ਪ੍ਰਗਟਾਉਣ ਲਈ ਸ੍ਰ. ਗਜਿੰਦਰ ਸਿੰਘ ਨੇ ਆਪਣੇ 4 ਸਾਥੀਆਂ ਦੇ ਸਹਿਯੋਗ ਨਾਲ ਭਾਰਤੀ ਹਵਾਈ ਜਹਾਜ਼ ਅਗਵਾ ਕੀਤਾ ਤੇ ਲਾਹੌਰ ਜਾ ਉਤਾਰਿਆ। ਇਸ ਕਾਰਨਾਮੇ ਨੇ ਜਿਥੇ ਸਿੱਖ ਨੌਜਵਾਨਾਂ ਵਿਚ ਨਵਾਂ ਜਜ਼ਬਾ ਭਰਿਆ ਉਥੇ ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕਾਂ ਦਾ ਧਿਆਨ ਸਿੱਖ ਸਮੱਸਿਆਵਾਂ ਵੱਲ ਖਿੱਚਿਆ। ਜਹਾਜ਼ ਅਗਵਾ ਕਾਂਡ ਰਾਹੀਂ ਉਸਨੇ ਸਿੱਖ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਭਾਰ ਕੇ ਦੁਨੀਆਂ ਭਰ ਦੇ ਲੋਕਾਂ ਸਾਹਮਣੇ ਹਿੰਦੁਸਤਾਨ ਦੇ ਹਾਕਮਾਂ ਵਲੋਂ ਸਿੱਖ ਕੌਮ ਨਾਲ ਕੀਤੀ ਜਾ ਰਹੀ ਨਫਰਤ, ਜ਼ੁਲਮ ਤੇ ਸਾਜ਼ਿਸ਼ਾਂ ਨੂੰ ਨੰਗਾ ਕਰ ਦਿੱਤਾ।

ਪਾਕਿਸਤਾਨ ਦੀ ਜੇਲ੍ਹ ਵਿਚ ਬੈਠਿਆਂ ਵੀ ਉਹ ਸੰਘਰਸ਼ ਨਾਲੋਂ ਟੁੱਟਿਆ ਨਹੀਂ। ਉਸਦੀ ਕਲਮ ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਨ, ਜ਼ੁਲਮ ਵਿਰੁੱਧ ਡਟਣ ਤੇ ਖਾਲਿਸਤਾਨ ਦੀ ਮੰਜ਼ਿਲ ਸਰ ਕਰਨ ਦਾ ਸੁਨੇਹਾ ਲਗਾਤਾਰ ਦਿੰਦੀ ਰਹੀ। ਪਰਿਵਾਰ ਮੋਹ ਤੇ ਜ਼ਿੰਦਗੀ ਦੇ ਸੁਖ ਅਰਾਮ ਤਿਆਗ ਕੇ ਕੌਮ ਦੀ ਤਕਦੀਰ ਘੜਨ ਲਈ ਸ੍ਰ. ਗਜਿੰਦਰ ਸਿੰਘ ਨੇ ਆਪਣੀ ਜ਼ਿੰਦਗੀ ਨੂੰ ਕੌਮ ਲਈ ਹੀ ਸਮਰਪਤ ਕੀਤਾ ਹੋਇਆ ਹੈ।

ਸਮੇਂ ਦੀ ਮੰਗ ਹੈ ਕਿ ਉਹ ਕੌਮੀ ਪਿੜ ਅੰਦਰ ਆਕੇ ਸਿਆਸੀ ਸਫਾਂ ਵਿਚ ਸਰਗਰਮ ਹੋਵੇ। ਮੈਨੂੰ ਉਮੀਦ ਹੈ ਕਿ ਉਹ ਆਉਣ ਵਾਲੇ ਸਮੇਂ ਵਿਚ ਕੌਮ ਦੀ ਆਜ਼ਾਦੀ ਲਈ ਸੁਹਿਰਦ ਸਿੰਘਾਂ ਅਤੇ ਜਥੇਬੰਦੀਆਂ ਨਾਲ ਏਕਤਾ ਤੇ ਤਾਕਤ ਬਣਾਉਣ ਲਈ ਸਮੇਂ ਦੀ ਨਬਜ਼ 'ਤੇ ਹੱਥ ਰੱਖਣਗੇ।

ਨਰਾਇਣ ਸਿੰਘ

ਪ੍ਰਧਾਨ, ਅਕਾਲ ਫੈਡਰੇਸ਼ਨ

सुग्रीव

"ਜਲੰਧਰ ਰੇਡੀਓ ਤੋਂ ਪੰਜਾਬੀ ਦੀਆਂ ਖਬਰਾਂ ਸੁਣੋ, "ਜਾਫਨਾ" ਵਿਚ 22 ਸਿਨਹਾਲੀ ਨਾਗਰਿਕਾਂ ਨੂੰ ਕਤਲ ਕਰਨ ਵਾਲੇ ਤਾਮਿਲਾਂ ਨੂੰ ਮੁਜਾਹਿਦ ਅਤੇ ਪੰਜਾਬ ਵਿਚ ਸੀ. ਆਰ. ਪੀ. ਉਤੇ ਘਾਤ ਲਗਾ ਕੇ ਹਮਲਾ ਕਰਨ ਵਾਲੇ ਸਿੱਖਾਂ ਨੂੰ ਅੱਤਵਾਦੀ ਕਿਹਾ ਜਾਂਦਾ ਰਿਹਾ ਹੈ। ਕੌਣ ਕਿਸ ਲਈ ਅੱਤਵਾਦੀ ਹੈ ਅਤੇ ਕੌਣ ਕਿਸ ਲਈ ਜੁਝਾਰੂ ਹੈ, ਅੱਜ ਦੀ ਅੰਤਰਰਾਸ਼ਟਰੀ ਸਿਆਸਤ ਵਿਚ ਇਸ ਦੀ ਕੋਈ ਇਕ ਪਰਿਭਾਸ਼ਾ ਨਹੀਂ ਹੈ। ਹਥਿਆਰਬੰਦ ਸੰਘਰਸ਼ ਕਰਨ ਵਾਲੇ ਲੋਕਾਂ ਦੇ ਕਿਸੇ ਸਮੂਹ ਨੂੰ, ਅੱਤਵਾਦੀ ਜਾਂ ਜੁਝਾਰੂ ਸਬੰਧਿਤ ਰਾਸ਼ਟਰ ਦੇ ਹਿੱਤ ਬਣਾਉਂਦੇ ਹਨ, ਕੋਈ ਸਿਧਾਂਤ ਨਹੀਂ।"

ਆਤੰਕਵਾਦ, ਸਿੱਖ ਸੰਘਰਸ਼ ਅਤੇ ਬੀ. ਬੀ. ਸੀ.

7 ਜਨਵਰੀ 1987

ਸੱਤ ਫਰਵਰੀ, 1987 ਦੀ ਰਾਤ ਨੂੰ ਬੀ. ਬੀ. ਸੀ. ਦੇ ਇਕ ਘੰਟੇ ਦੇ ਹਿੰਦੀ ਪ੍ਰੋਗਰਾਮ ਵਿਚ 'ਵੀਰੇਨ ਮੁਨਸ਼ੀ' ਦਾ ਰੂਪਕ "ਆਤੰਕਵਾਦ ਕੀ ਖੂਨੀ ਛਾਇਆ" ਪੇਸ਼ ਕੀਤਾ ਗਿਆ। ਇਸ ਵਿੱਚ ਆਤੰਕਵਾਦ ਦੀ ਪਰਿਭਾਸ਼ਾ, ਆਤੰਕਵਾਦ ਅਤੇ ਮੁਕਤੀ ਅੰਦੋਲਨਾਂ ਦਾ ਰਲ-ਗਡ ਰੂਪ, ਆਤੰਕਵਾਦ ਤੋਂ ਪ੍ਰਭਾਵਿਤ ਖੇਤਰ ਅਤੇ ਆਤੰਕਵਾਦ ਦੀ ਸਮੱਸਿਆ ਦਾ ਸੰਭਾਵਿਤ ਹੱਲ ਵੀ ਪੇਸ਼ ਕੀਤਾ ਗਿਆ ਅਤੇ ਇਸ ਸਬੰਧੀ ਜੋ ਗਲਤ ਤੱਥ ਦਿੱਤੇ ਗਏ, ਉਨ੍ਹਾਂ ਨੇ ਹੀ ਮੈਨੂੰ ਕੁਝ ਲਿਖਣ ਲਈ ਮਜਬੂਰ ਕੀਤਾ ਹੈ।

ਬੀ. ਬੀ. ਸੀ. ਇਕ ਬਹੁਤ ਵੱਡਾ ਅਦਾਰਾ ਹੈ। ਜੇ ਮੈਂ ਭੁੱਲਦਾ ਨਹੀਂ

ਤਾਂ ਇਸ ਵੱਲੋਂ ਦੁਨੀਆਂ ਦੀਆਂ ਵੱਖ-ਵੱਖ ਤੀਹ ਤੋਂ ਵੱਧ ਜ਼ੁਬਾਨਾਂ ਵਿਚ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਹਿੰਦ-ਪਾਕਿ ਉਪ-ਮਹਾਂਦੀਪ ਵਿਚ ਇਹ ਖਬਰਾਂ ਦਾ ਇਕ ਬਹੁ-ਚਰਚਿਤ ਸ੍ਰੋਤ ਹੈ। ਮੈਂ ਇਸਦਾ ਕੋਈ ਪੱਕਾ ਸਰੋਤਾ ਤਾਂ ਨਹੀਂ ਪਰ ਫਿਰ ਵੀ ਅਕਸਰ ਸੁਣਦਾ ਹਾਂ। ਖਾਸ ਕਰਕੇ 1983/84 ਦੇ ਦੋ ਵਰ੍ਹੇ ਤਕਰੀਬਨ ਰੋਜ਼ਾਨਾ ਸੁਣਦਾ ਰਿਹਾ ਹਾਂ। ਇਨ੍ਹਾਂ ਦੋਹਾਂ ਸਾਲਾਂ ਦੌਰਾਨ, ਸਿੱਖ ਸੰਘਰਸ਼, ਬੀ. ਬੀ. ਸੀ. ਦੀਆਂ ਖਬਰਾਂ ਦਾ ਇਕ ਪੱਕਾ ਵਿਸ਼ਾ ਸੀ। ਅੰਮ੍ਰਿਤਸਰ, ਗੋਲਡਨ ਟੈਂਪਲ, ਭਿੰਡਰਾਂਵਾਲਾ, ਖ਼ਾਲਿਸਤਾਨ, ਕੁਝ ਅਜਿਹੇ ਲਫਜ਼ ਹਨ, ਜਿਨ੍ਹਾਂ ਨੂੰ ਸ੍ਰੋਤਿਆਂ ਦੇ ਕੰਨ ਰੋਜ਼ਾਨਾ ਸੁਣਨ ਦੇ ਆਦੀ ਹੋ ਗਏ ਸਨ।

ਦਿੱਲੀ ਦੀ ਹਕੂਮਤ ਅਤੇ ਸਿੱਖ ਸੰਘਰਸ਼ ਦੇ ਮਾਮਲੇ ਵਿਚ ਬੀ. ਬੀ. ਸੀ. ਦੀ ਨੀਤੀ ਇਸ ਹੱਦ ਤਕ ਇਕਤਰਫਾ ਰਹੀ ਹੈ ਕਿ ਹਿੰਦੁਸਤਾਨ ਦੇ ਸਰਕਾਰੀ ਪ੍ਰਚਾਰ ਮਾਧਿਅਮ ਨੂੰ ਵੀ ਮਾਤ ਪਾਉਂਦੀ ਹੈ। ਖਬਰਾਂ ਵਿਚ ਘਟਨਾਵਾਂ ਦਾ ਜ਼ਿਕਰ ਉਨ੍ਹਾਂ ਲਫਜ਼ਾਂ ਵਿਚ ਹੀ ਹੁੰਦਾ ਰਿਹਾ ਹੈ। ਜੋ "ਅਕਾਸ਼ਵਾਣੀ" ਵਿਚ ਵਰਤੇ ਜਾਂਦੇ ਸਨ। ਹਾਂ, ਜਾਣਕਾਰੀ ਜ਼ਰੂਰ ਕੁਝ ਵੱਧ ਹੁੰਦੀ ਸੀ। ਪੰਜਾਬ ਦੇ ਹਾਲਾਤ ਸਬੰਧੀ ਜਦ ਵੀ ਕੋਈ ਟਿੱਪਣੀ, ਵਾਰਤਾ ਜਾਂ ਰੂਪਕ ਦਿੱਤਾ ਗਿਆ ਤਾਂ ਉਸ ਵਿੱਚ ਹਿੰਦੁਸਤਾਨ ਨੂੰ ਇਕ "ਵਧੀਆ ਲੋਕਤੰਤਰ" ਦੇ ਰੂਪ ਵਿੱਚ ਪੇਸ਼ ਕਰਕੇ ਉਸਦੀ ਅਖੰਡਤਾ ਲਈ ਕਾਮਨਾਵਾਂ ਕੀਤੀਆਂ ਗਈਆਂ ਜਦੋਂਕਿ ਸਿੱਖ ਸੰਘਰਸ਼ ਨੂੰ ਆਤੰਕਵਾਦ, ਵੱਖਵਾਦ ਤੇ ਜੁਝਾਰੂ ਸਿੱਖਾਂ ਨੂੰ ਨਿਰਦੋਸ਼ ਲੋਕਾਂ ਦੇ ਕਾਤਲਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ।

ਹਿੰਦੁਸਤਾਨ ਦੀ ਬਣਾਉਟੀ ਅਖੰਡਤਾ ਕੁਝ ਛੋਟੀਆਂ ਕੌਮਾਂ ਦੀ ਆਜ਼ਾਦੀ ਪ੍ਰਤੀ ਭਾਵਨਾਵਾਂ ਦੀ ਹਤਿਆਰੀ ਵੀ ਹੋ ਸਕਦੀ ਹੈ, ਇਸ ਪੱਖ ਨੂੰ ਕਦੇ ਕੋਈ ਥਾਂ ਨਹੀਂ ਦਿੱਤੀ ਗਈ। ਸਿੱਖ ਕੌਮ ਦੀਆਂ ਆਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕਦੇ ਵੀ ਸਤਿਕਾਰਪੂਰਨ ਤਰੀਕੇ ਨਾਲ ਪੇਸ਼ ਨਹੀਂ ਕੀਤਾ ਗਿਆ ਅਤੇ ਖ਼ਾਲਿਸਤਾਨ ਲਹਿਰ ਨੂੰ ਸਿੱਖ ਕੌਮ ਦੇ ਇੱਕ ਛੋਟੇ ਜਿਹੇ "ਅਤਿਵਾਦੀ ਗਰੋਹ" ਦੀ ਮੰਗ ਤੋਂ ਵੱਧ ਕਦੇ ਸਵੀਕਾਰ ਨਹੀਂ ਕੀਤਾ ਗਿਆ। ਬੀ. ਬੀ. ਸੀ. ਦੀ ਇਸ ਸਿੱਖ ਵਿਰੋਧੀ ਨੀਤੀ ਦਾ ਕਾਰਨ, ਉਸਦੀ ਹਿੰਦੀ ਸਰਵਿਸ ਵਿਚ ਹਿੰਦੂ ਅਮਲੇ ਜਾਂ ਹਿੰਦੁਸਤਾਨ ਦੀ ਹਕੂਮਤ ਜਾਂ ਫਿਰ ਦੋਹਾਂ ਦਾ ਸਾਂਝਾ ਪ੍ਰਭਾਵ ਹੈ।

ਰੂਪਕ 'ਆਤੰਕਵਾਦ ਕੀ ਖ਼ੂਨੀ ਛਾਇਆ' ਵਿਚ ਆਤੰਕਵਾਦ ਦੀ ਕੋਈ ਠੋਸ ਪਰਿਭਾਸ਼ਾ ਤਾਂ ਨਹੀਂ ਦਿੱਤੀ ਜਾ ਸਕੀ ਪਰ ਇਸਦੀ ਪਹਿਲੀ ਪਛਾਣ ਇਹ ਦਿੱਤੀ ਗਈ ਹੈ ਕਿ ਇਸਦਾ ਸ਼ਿਕਾਰ ਆਮ ਕਰਕੇ 'ਨਿਰਦੋਸ਼ ਲੋਕ' ਬਣਦੇ

ਹਨ। ਇਸਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਜਿੱਥੇ ਆਤੰਕਵਾਦ ਦਾ ਸਬੰਧ 'ਆਤਮ ਨਿਰਣੇ' ਦੇ ਹੱਕ ਨਾਲ ਹੋਵੇ, ਉਥੇ ਆਮ ਲੋਕਾਂ ਦੀਆਂ ਹਮਦਰਦੀਆਂ ਵੀ ਇਸਦੇ ਨਾਲ ਹੋ ਜਾਂਦੀਆਂ ਹਨ। ਪਰ ਫਿਰ ਵੀ 'ਇਸ ਤਰੀਕੇ' ਨੂੰ ਠੀਕ ਨਹੀਂ ਕਿਹਾ ਜਾ ਸਕਦਾ। ਇਸ ਸਬੰਧੀ ਮੈਂ ਇਹ ਅਰਜ਼ ਕਰਨਾ ਚਾਹਾਂਗਾ ਕਿ 'ਆਤੰਕਵਾਦ' ਆਪਣੇ ਆਪ ਵਿਚ ਕੋਈ ਚੀਜ਼ ਨਹੀਂ। ਇਹ ਹਮੇਸ਼ਾਂ ਹਾਲਾਤਾਂ ਦੀ ਉਪਜ ਹੁੰਦਾ ਹੈ ਅਤੇ ਜੇ ਕਿਸੇ ਸਮੱਸਿਆ ਨਾਲ ਜੁੜਿਆ ਹੋਇਆ ਨਾ ਹੋਵੇ ਤਾਂ ਯਕੀਨਨ ਨਿੰਦਣਯੋਗ ਹੈ ਪਰ ਜਦੋਂ ਉਹ ਕਿਸੇ ਕੌਮ ਦੇ ਜਜ਼ਬਾਤਾਂ ਦੀ ਤਰਜਮਾਨੀ ਲਈ ਸੰਘਰਸ਼ ਦੀ ਵਿਧੀ ਵਜੋਂ ਅਪਣਾਇਆ ਜਾਵੇ ਤਾਂ ਉਸਦੇ ਅਰਥ ਬਦਲ ਜਾਂਦੇ ਹਨ।

ਆਤੰਕਵਾਦ ਨਿਰਦੋਸ਼ ਲੋਕਾਂ ਦੇ ਕਤਲ ਦਾ ਨਾਂ ਨਹੀਂ, ਇਕ ਯੁਧ ਨੀਤੀ ਹੈ। ਯੁੱਧ ਆਪਣੀ ਮੁਖਾਲਫ ਤਾਕਤ ਦੇ ਵਿਰੁੱਧ। ਇਸ ਨੀਤੀ ਨੂੰ ਮੁੱਢ ਕਦੀਮ ਤੋਂ ਹੀ ਰਾਸ਼ਟਰੀ ਜੰਗਾਂ ਵਿਚ ਅਪਣਾਇਆ ਜਾਂਦਾ ਰਿਹਾ ਹੈ। 'ਆਤੰਕ' ਦਾ ਅਰਥ ਹੈ ਡਰ, ਖੌਫ (Terror) ਅਤੇ 'ਆਤੰਕਵਾਦ' ਦਾ ਅਰਥ ਹੈ ਆਪਣੇ ਵਿਰੋਧੀ ਦੇ ਦਿਲ ਵਿਚ ਡਰ ਜਾਂ ਖੌਫ ਪੈਦਾ ਕਰਨ ਦੀ ਨੀਤੀ। ਜਦੋਂ ਵੱਡੀਆਂ ਤਾਕਤਾਂ ਆਪਣੇ ਸਮੁੰਦਰੀ ਬੇੜਿਆਂ ਨੂੰ ਆਪਣੇ ਹਿੱਤਾਂ ਲਈ ਨਾਜ਼ੁਕ ਸਮਝੇ ਜਾਣ ਵਾਲੇ ਇਲਾਕਿਆਂ ਵਿਚ ਤੈਨਾਤ ਕਰਦੀਆਂ ਹਨ ਤਾਂ ਉਨ੍ਹਾਂ ਦਾ ਮਕਸਦ ਵੀ ਆਪਣੀ ਮੁਖਾਲਫ ਧਿਰ ਦੇ ਦਿਲ ਵਿਚ ਡਰ ਪੈਦਾ ਕਰਨਾ ਹੀ ਹੁੰਦਾ ਹੈ।

ਜਦੋਂ ਇਕ ਮੁਲਕ ਕਿਸੇ ਦੂਜੇ ਮੁਲਕ ਦੀ ਸਰਹੱਦ ਦੇ ਕੋਲ ਵੱਡੀਆਂ-ਵੱਡੀਆਂ ਮਸ਼ਕਾਂ ਕਰਦਾ ਹੈ ਤਾਂ ਉਸਦਾ ਮਕਸਦ ਵੀ ਮੁਖਾਲਫ ਦੇ ਦਿਲ ਵਿਚ ਡਰ ਪੈਦਾ ਕਰਨਾ ਹੀ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਕੋਈ ਆਪਣੇ ਹੱਕਾਂ ਲਈ ਹਥਿਆਰਬੰਦ ਸੰਘਰਸ਼ ਕਰ ਰਹੀ ਜਥੇਬੰਦੀ ਆਪਣੀ ਮੁਖਾਲਫ ਧਿਰ ਦੀ ਕਿਸੇ ਨਾਜ਼ੁਕ ਥਾਂ 'ਤੇ ਕੋਈ ਬੰਬ ਧਮਾਕਾ ਕਰਦੀ ਹੈ ਤਾਂ ਉਸਦਾ ਮਕਸਦ ਵੀ ਮੁਖਾਲਫ ਦੇ ਦਿਲ ਵਿਚ ਡਰ ਪੈਦਾ ਕਰਨਾ ਹੀ ਹੁੰਦਾ ਹੈ।

ਫਰਕ ਕੇਵਲ ਇੰਨਾ ਹੈ ਕਿ ਵੱਡੇ ਰਾਸ਼ਟਰਾਂ ਜਾਂ ਵੱਡੀਆਂ ਤਾਕਤਾਂ ਕੋਲ ਡਰ ਪੈਦਾ ਕਰਨ ਦੇ ਬਹੁਤ ਆਧੁਨਿਕ ਅਤੇ ਸੁਲਝੇ ਹੋਏ ਸਾਧਨ ਹੁੰਦੇ ਹਨ ਜਦੋਂਕਿ ਸੰਘਰਸ਼ ਕਰ ਰਹੀਆਂ ਹਥਿਆਰਬੰਦ ਜਥੇਬੰਦੀਆਂ ਕੋਲ ਤਾਕਤ ਦੇ ਮੁਜ਼ਾਹਰੇ ਰਾਹੀਂ ਡਰ ਪੈਦਾ ਕਰਨ ਦੇ ਵਸੀਲੇ ਉਨ੍ਹਾਂ ਤੋਂ ਬਹੁਤ ਘੱਟ ਹੁੰਦੇ ਹਨ। ਨਿਰਦੋਸ਼ ਲੋਕਾਂ ਦਾ ਕਤਲ ਕੋਈ ਵੀ ਮਹਿਜ਼ ਆਪਣੇ ਆਨੰਦ ਦੀ ਖਾਤਰ ਨਹੀਂ ਕਰਨਾ ਚਾਹੇਗਾ। ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਲੋਕ, ਜਿਨ੍ਹਾਂ ਨੂੰ ਆਤੰਕਵਾਦੀ ਕਿਹਾ ਜਾਂਦਾ ਹੈ, ਉਹ ਵੀ ਜ਼ਿੰਦਗੀ ਨੂੰ ਉਨਾਂ ਹੀ ਪਿਆਰ

ਕਰਦੇ ਹਨ, ਜਿੰਨਾਂ ਕੋਈ ਹੋਰ ਇਨਸਾਨ ਕਰ ਸਕਦਾ ਹੈ ਤੇ ਸ਼ਾਇਦ ਉਸ ਤੋਂ ਵੀ ਕੁਝ ਵੱਧ। ਜਜ਼ਬਾਤਾਂ ਨਾਲ ਜੁੜੇ ਹੋਏ ਇਹ ਲੋਕ ਕਿਸੇ ਦੂਜੇ ਦੇ ਜਜ਼ਬਾਤਾਂ ਦੇ ਕਾਤਲ ਬਣਨ ਵਿਚ ਕਦੇ ਵੀ ਖੁਸ਼ੀ ਮਹਿਸੂਸ ਨਹੀਂ ਕਰਦੇ।

ਨਿਰਦੋਸ਼ ਲੋਕਾਂ ਦੇ ਕਤਲਾਂ ਲਈ ਜ਼ਿੰਮੇਵਾਰ ਹਮੇਸ਼ਾਂ ਜ਼ਾਲਮ ਹਕੂਮਤ ਦਾ ਰਵਈਆ ਬਣਦਾ ਰਿਹਾ ਹੈ। ਜਦੋਂ ਵੀ, ਜਿੱਥੇ ਵੀ, ਜਿਸ ਵੀ ਮਕਸਦ ਲਈ ਦੋ ਧਿਰਾਂ ਵਿਚ ਜੰਗ ਹੋਈ ਹੈ, ਨਿਰਦੋਸ਼ ਲੋਕ ਚਾਹੇ-ਅਣਚਾਹੇ ਮਰਦੇ ਰਹੇ ਹਨ। ਹਿੰਦ-ਪਾਕਿ ਦੀ ਜੰਗ ਹੋਵੇ ਜਾਂ ਅਰਬਾਂ ਤੇ ਇਜ਼ਰਾਇਲੀਆਂ ਦੀ ਤੇ ਜਾਂ ਫਿਰ ਇਰਾਨ-ਇਰਾਕ ਦੀ, ਹਰ ਜੰਗ ਵਿਚ ਨਿਰਦੋਸ਼ ਲੋਕਾਂ ਦੀਆਂ ਜਾਨਾਂ ਦਾ ਨੁਕਸਾਨ ਹੋਇਆ ਹੈ ਅਤੇ ਹੋ ਰਿਹਾ ਹੈ। ਕੌਮੀ ਮੁਕਤੀ ਸੰਘਰਸ਼ ਕਰਨ ਵਾਲੀ ਕੋਈ ਧਿਰ ਜਦੋਂ ਵੀ ਕਾਬਜ਼ ਧਿਰ ਦੇ ਵਿਰੁੱਧ ਹਥਿਆਰ ਚੁੱਕਦੀ ਹੈ ਤਾਂ ਉਹ ਵੀ ਇਕ ਜੰਗ ਹੀ ਹੁੰਦੀ ਹੈ।

ਫਰਕ ਕੇਵਲ ਇੰਨਾ ਹੈ ਕਿ ਜਦੋਂ ਕੋਈ ਸਥਾਪਿਤ ਰਾਸ਼ਟਰ, ਸੰਘਰਸ਼ ਕਰਨ ਵਾਲੇ ਲੋਕਾਂ ਦੇ ਕਿਸੇ ਸਮੂਹ ਦੇ ਵਿਰੁੱਧ ਜਾਂ ਕਿਸੇ ਦੂਜੇ ਰਾਸ਼ਟਰ ਦੇ ਵਿਰੁੱਧ ਤਾਕਤ ਦਾ ਇਸਤੇਮਾਲ ਕਰਦਿਆਂ ਨਿਰਦੋਸ਼ ਲੋਕਾਂ ਦਾ ਕਤਲ ਕਰੇ, ਉਸ ਨੂੰ 'ਲਾਇਸੰਸਸ਼ੁਦਾ' ਸਮਝਿਆ ਜਾਂਦਾ ਹੈ ਅਤੇ ਜਦੋਂ ਆਪਣੀ ਅਜ਼ਾਦੀ ਲਈ ਆਪਣੀਆਂ ਜ਼ਿੰਦਗੀਆਂ ਦੀ ਕੀਮਤ 'ਤੇ ਸੰਘਰਸ਼ ਕਰਨ ਵਾਲੇ ਲੋਕਾਂ ਹੱਥੋਂ ਅਣਚਾਹੇ ਵਿਚ ਕਿਸੇ ਨਿਰਦੋਸ਼ ਦੀ ਜਾਨ ਦਾ ਨੁਕਸਾਨ ਹੋ ਜਾਵੇ ਤਾਂ ਉਹ 'ਆਤੰਕਵਾਦੀ' ਬਣ ਜਾਂਦਾ ਹੈ। ਇਸ ਤਰ੍ਹਾਂ ਇਨਸਾਨੀਅਤ ਦੇ ਅਖੌਤੀ ਹਮਦਰਦਾਂ ਨੂੰ ਆਪਣੇ ਪਖੰਡ ਦਾ ਮੁਜ਼ਾਹਰਾ ਕਰਨ ਲਈ ਇਕ ਮੁੱਦਾ ਮਿਲ ਜਾਂਦਾ ਹੈ।

ਦੁਨੀਆਂ ਦੀ ਤੁਸੀਂ ਕੋਈ ਵੀ ਸਮੱਸਿਆ ਲਵੋ, ਫਿਲਸਤੀਨ-ਇਜ਼ਰਾਇਲ, ਦੱਖਣੀ ਅਫਰੀਕਾ ਜਾਂ ਨਾਮੀਬੀਆ, ਕਸ਼ਮੀਰ ਜਾਂ ਅਫਗਾਨਿਸਤਾਨ, ਨਿਕਾਰਾਗੂਆ ਜਾਂ ਐਲ-ਸਲਵਾਡੋਰ, ਪੱਛਮੀ ਸਹਾਰਾ ਜਾਂ ਐਰੀਟੀਰੀਆ, ਨਾਗਾਲੈਂਡ ਜਾਂ ਤਾਮਿਲ ਈਲਮ, ਬਾਸਕ ਜਾਂ ਖਾਲਿਸਤਾਨ, ਮੋਰੋ ਜਾਂ ਕੁਰਦਿਸਤਾਨ ਦੀ, ਹਰ ਥਾਂ 'ਤੇ ਇਕ ਧਿਰ ਲਈ ਜੋ ਜੁਝਾਰੂ ਹੈ ਦੂਜੇ ਲਈ 'ਆਤੰਕਵਾਦੀ' ਹੈ। ਜੋ ਅੱਜ 'ਆਤੰਕਵਾਦੀ' ਗਰਦਾਨਿਆ ਗਿਆ ਹੈ ਕੱਲ੍ਹ ਸਫਲਤਾ ਤੋਂ ਬਾਅਦ ਜ਼ਿੰਮੇਵਾਰ ਸਿਆਸਤਦਾਨ ਮੰਨਿਆ ਜਾਂਦਾ ਹੈ।

1948 ਤੋਂ ਪਹਿਲਾਂ ਇਜ਼ਰਾਇਲ ਦੀ ਕਾਇਮੀ ਲਈ ਹਥਿਆਰ ਉਠਾਉਣ ਵਾਲੇ ਯਹੂਦੀ 'ਆਤੰਕਵਾਦੀ' ਸਨ ਪਰ ਅੱਜ ਉਹ ਇਕ ਰਾਸ਼ਟਰ ਦੇ 'ਮਾਲਿਕ'

ਹਨ ਅਤੇ ਫਲਸਤੀਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਅੱਜ ਉਨ੍ਹਾਂ ਲਈ 'ਆਤੰਕਵਾਦੀ' ਹਨ। ਇਜ਼ਰਾਇਲ ਦਾ ਸਾਬਕਾ ਪ੍ਰਧਾਨ ਮੰਤਰੀ ਮਿਸਟਰ 'ਬੇਗਿਨ' 1948 ਤੋਂ ਪਹਿਲਾਂ ਇਕ ਹਥਿਆਰਬੰਦ ਜਥੇਬੰਦੀ ਦਾ ਆਗੂ ਸੀ ਅਤੇ ਬਰਤਾਨਵੀ ਹਕੂਮਤ ਵਲੋਂ ਉਸਦੇ ਸਿਰ ਦਾ ਵੱਡਾ ਇਨਾਮ ਰੱਖਿਆ ਗਿਆ ਸੀ। ਕੋਈ ਵਕਤ ਆਇਆ ਉਸੇ ਨੂੰ ਨੋਬਲ ਇਨਾਮ ਲਈ ਹੱਕਦਾਰ ਸਮਝਿਆ ਗਿਆ।

ਦੱਖਣੀ ਅਫਰੀਕਾ ਵਿਚ ਏ. ਐਨ. ਸੀ. (ANC) ਅਤੇ ਨਾਮੀਬੀਆ ਵਿਚ ਸਵਾਪੋ (SWAPO) ਉਥੇ ਦੀ ਨਸਲਵਾਦੀ ਹਕੂਮਤ ਅਤੇ ਹਕੂਮਤ ਦੇ ਹਾਮੀ ਦੇਸ਼ਾਂ ਲਈ ਆਤੰਕਵਾਦੀ ਜਥੇਬੰਦੀਆਂ ਹਨ ਜਦੋਂਕਿ ਦੁਨੀਆਂ ਦੀ ਬਹੁ-ਗਿਣਤੀ ਨੇ ਉਨ੍ਹਾਂ ਨੂੰ ਆਪਣੇ ਲੋਕਾਂ ਦੀਆਂ ਨੁਮਾਇੰਦਾ ਆਜ਼ਾਦੀ ਪਸੰਦ ਜਥੇਬੰਦੀਆਂ ਵਜੋਂ ਮਾਨਤਾ ਦਿੱਤੀ ਹੋਈ ਹੈ। ਨਿਕਾਰਾਗੂਆ ਵਿਚ ਅੱਜ ਦਾ ਪ੍ਰਧਾਨ 'ਡੇਨੀਅਲ ਔਰਤੇਗਾ' ਅਤੇ ਉਸਦੇ ਸਾਥੀ ਕੁਝ ਸਾਲ ਪਹਿਲਾਂ ਤਕ ਆਤੰਕਵਾਦੀ ਕਹੇ ਜਾਂਦੇ ਸਨ। ਅੱਜ ਉਨ੍ਹਾਂ ਦੇ ਵਿਰੁੱਧ ਸੰਘਰਸ਼ ਕਰਨ ਵਾਲੇ ਆਤੰਕਵਾਦੀ ਕਹੇ ਜਾਂਦੇ ਹਨ। ਕੱਲ੍ਹ 'ਡੇਨੀਅਲ ਔਰਤੇਗਾ' ਖੱਬੇ ਪੱਖੀ ਦੇਸ਼ਾਂ ਲਈ ਆਜ਼ਾਦੀ ਪਸੰਦ ਸੀ। ਅੱਜ ਕੌਂਟਰਾਜ ਛਾਪਾਮਾਰ ਅਮਰੀਕਾ ਲਈ ਆਜ਼ਾਦੀ ਪਸੰਦ ਹਨ।

ਸਭ ਤੋਂ ਦਿਲਚਸਪ ਮਿਸਾਲ ਇਥੋਪੀਆ ਤੋਂ ਆਜ਼ਾਦੀ ਹਾਸਿਲ ਕਰਨ ਲਈ ਸੰਘਰਸ਼ ਕਰ ਰਹੇ 'ਐਰੀਟੀਰੀਆ' ਅਤੇ 'ਟਿਗਰੇ' ਦੇ ਲੋਕਾਂ ਦੀ ਹੈ। 1974 ਵਿਚ ਕਮਿਊਨਿਸਟ ਸੋਚ ਨਾਲ ਸਬੰਧਿਤ ਫੌਜੀ ਕ੍ਰਾਂਤੀ ਆਉਣ ਤੋਂ ਪਹਿਲਾਂ ਬਾਦਸ਼ਾਹ 'ਹੇਲ ਸਲੇਸੀ' ਦੇ ਜ਼ਮਾਨੇ ਵਿੱਚ ਇਨ੍ਹਾਂ ਲੋਕਾਂ ਦੀ ਹਮਾਇਤ, ਰੂਸ ਕਰਦਾ ਸੀ। ਉਦੋਂ ਰੂਸ ਲਈ ਇਨ੍ਹਾਂ ਲੋਕਾਂ ਦਾ ਸੰਘਰਸ਼ ਕੌਮੀ ਅਜ਼ਾਦੀ ਦਾ ਸੰਘਰਸ਼ ਸੀ ਪਰ ਜਦੋਂ ਇੱਥੇ ਕਮਿਊਨਿਸਟ ਫੌਜੀ ਕ੍ਰਾਂਤੀ ਆ ਗਈ ਤਾਂ ਰੂਸ ਦੀ ਹਮਾਇਤ ਫੌਜੀ ਹਕੂਮਤ ਨਾਲ ਹੋ ਗਈ। ਬਾਦਸ਼ਾਹਤ ਦੇ ਦੌਰ ਵਿਚ 'ਐਰੀਟੀਰੀਆ' ਅਤੇ 'ਟਿਗਰੇ' ਦੇ ਲੋਕ ਰੂਸ ਲਈ ਕ੍ਰਾਂਤੀਕਾਰੀ ਸਨ ਪਰ ਅੱਜ ਉਹੀ ਲੋਕ ਰੂਸ ਲਈ ਕ੍ਰਾਂਤੀਕਾਰੀ ਜਾਂ ਸਾਮਰਾਜ ਦੇ ਏਜੰਟ ਹੋ ਗਏ ਹਨ। ਅੱਜ ਦੁਨੀਆਂ ਦੇ ਸਾਹਮਣੇ ਅਜਿਹੀਆਂ ਜਿੰਨੀਆਂ ਵੀ ਸਮੱਸਿਆਵਾਂ ਹਨ, ਤੁਸੀਂ ਉਨ੍ਹਾਂ ਉਤੇ ਕੁਝ ਬਦਲਵੇਂ ਲਫਜ਼ਾਂ ਵਿਚ ਇਨ੍ਹਾਂ ਉਦਾਹਰਣਾਂ ਨੂੰ ਲਾਗੂ ਕਰ ਸਕਦੇ ਹੋ।

ਹੁਣ ਤੁਸੀਂ ਹਿੰਦੁਸਤਾਨ ਦੀ ਨੀਤੀ ਵਿਚ ਤਾਮਿਲ ਅਤੇ ਸਿੱਖ ਸਮੱਸਿਆ ਨੂੰ ਵੇਖ ਲਵੋ। ਸ੍ਰੀਲੰਕਾ ਦੀ ਡੇਢ ਕਰੋੜ ਆਬਾਦੀ ਵਿਚ 25/27 ਲੱਖ ਤਾਮਿਲ ਵੱਸਦੇ ਹਨ। ਤਾਮਿਲਾਂ ਦੀਆਂ ਹਥਿਆਰਬੰਦ ਜਥੇਬੰਦੀਆਂ ਹਿੰਦੁਸਤਾਨ ਦੀ

ਰਿਆਸਤ ਤਾਮਿਲਨਾਡੂ ਦੀ ਰਾਜਧਾਨੀ ਮਦਰਾਸ (ਚੈਨਈ) ਵਿਚ ਦਫਤਰ ਖੋਲ੍ਹ ਕੇ ਬੈਠੀਆਂ ਹਨ। ਟ੍ਰੇਨਿੰਗ ਕੈਂਪ ਲੱਗੇ ਹੋਏ ਹਨ (ਜਿਨ੍ਹਾਂ ਦੀਆਂ ਤਸਵੀਰਾਂ ਹਿੰਦੁਸਤਾਨ ਦੇ ਅਖਬਾਰਾਂ-ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਹਨ) ਪਰ ਹਿੰਦੁਸਤਾਨ ਦਾ ਫਿਰ ਵੀ ਦਾਅਵਾ ਹੈ ਕਿ ਉਹ ਸ੍ਰੀਲੰਕਾ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਨਹੀਂ ਕਰ ਰਿਹਾ। ਸ੍ਰੀਲੰਕਾ ਦੀ ਕੁੱਲ ਫੌਜੀ ਨਫਰੀ 10 ਹਜ਼ਾਰ ਹੈ। ਹਿੰਦੁਸਤਾਨ ਦੀ ਹਕੂਮਤ ਨੇ ਦੁਨੀਆਂ ਭਰ ਵਿਚ ਰੌਲਾ ਪਾ ਰੱਖਿਆ ਹੈ ਕਿ ਸ੍ਰੀਲੰਕਾ ਦੀ ਫੌਜ ਬੇਗੁਨਾਹ ਤਾਮਿਲਾਂ ਦਾ ਕਤਲੇਆਮ ਕਰ ਰਹੀ ਹੈ।

ਦੂਜੇ ਪਾਸੇ ਸਿੱਖ ਸੰਘਰਸ਼ ਨੂੰ ਕੁਚਲਣ ਲਈ ਹਿੰਦੁਸਤਾਨ ਨੇ 'ਅਪ੍ਰੇਸ਼ਨ ਨੀਲਾ ਤਾਰਾ' ਦੌਰਾਨ, ਪੰਜਾਬ ਵਿਚ ਦੋ ਲੱਖ ਫੌਜ ਦਾ ਇਸਤੇਮਾਲ ਕੀਤਾ ਅਤੇ ਕੇਵਲ 'ਦਰਬਾਰ ਸਾਹਿਬ ਕੰਪਲੈਕਸ' ਉਪਰ ਹਮਲੇ ਲਈ ਪੰਦਰਾਂ ਹਜ਼ਾਰ ਤੋਂ ਵੱਧ ਫੌਜ, ਟੈਂਕਾਂ ਅਤੇ ਬਕਤਰਬੰਦ ਗੱਡੀਆਂ ਸਮੇਤ, ਇਸਤੇਮਾਲ ਕੀਤੀ। ਫਿਰ ਵੀ ਉਹ (ਹਿੰਦੁਸਤਾਨ) ਬੇਗੁਨਾਹ ਹੈ। ਪਾਕਿਸਤਾਨ, ਜਿਥੇ ਹਵਾਈ ਜਹਾਜ਼ ਅਗਵਾਹ ਕਰਨ ਦੇ ਕੇਸਾਂ ਨਾਲ ਸਬੰਧਿਤ ਤਿੰਨ ਜੁਝਾਰੂਆਂ ਨੂੰ ਸਜ਼ਾਏ ਮੌਤ ਸੁਣਾਈ ਗਈ ਹੈ ਅਤੇ ਸੱਤਾਂ ਨੂੰ ਉਮਰ ਕੈਦ ਸੁਣਾਈ ਗਈ ਹੈ, ਉਸ ਉਤੇ ਸਿੱਖਾਂ ਦੀ ਮਦਦ ਅਤੇ ਟ੍ਰੇਨਿੰਗ ਕੈਂਪਾਂ ਦੇ ਇਲਜ਼ਾਮ ਲੱਗ ਰਹੇ ਹਨ। ਜਲੰਧਰ ਰੇਡੀਓ ਤੋਂ ਪੰਜਾਬੀ ਦੀਆਂ ਖਬਰਾਂ ਸੁਣੋ, "ਜਾਫਨਾ" ਵਿਚ 22 ਸਿਨਹਾਲੀ ਨਾਗਰਿਕਾਂ ਨੂੰ ਕਤਲ ਕਰਨ ਵਾਲੇ ਤਾਮਿਲਾਂ ਨੂੰ ਮੁਜਾਹਿਦ ਅਤੇ ਪੰਜਾਬ ਵਿਚ ਸੀ. ਆਰ. ਪੀ. ਉਤੇ ਘਾਤ ਲਗਾ ਕੇ ਹਮਲਾ ਕਰਨ ਵਾਲੇ ਸਿੱਖਾਂ ਨੂੰ ਅੱਤਵਾਦੀ ਕਿਹਾ ਜਾਂਦਾ ਰਿਹਾ ਹੈ। ਕੌਣ ਕਿਸ ਲਈ ਅੱਤਵਾਦੀ ਹੈ ਅਤੇ ਕੌਣ ਕਿਸ ਲਈ ਜੁਝਾਰੂ ਹੈ, ਅੱਜ ਦੀ ਅੰਤਰਰਾਸ਼ਟਰੀ ਸਿਆਸਤ ਵਿਚ ਇਸ ਦੀ ਕੋਈ ਇਕ ਪਰਿਭਾਸ਼ਾ ਨਹੀਂ ਹੈ। ਹਥਿਆਰਬੰਦ ਸੰਘਰਸ਼ ਕਰਨ ਵਾਲੇ ਲੋਕਾਂ ਦੇ ਕਿਸੇ ਸਮੂਹ ਨੂੰ, ਅੱਤਵਾਦੀ ਜਾਂ ਜੁਝਾਰੂ ਸਬੰਧਿਤ ਰਾਸ਼ਟਰ ਦੇ ਹਿੱਤ ਬਣਾਉਂਦੇ ਹਨ, ਕੋਈ ਸਿਧਾਂਤ ਨਹੀਂ।

ਬੀ.ਬੀ.ਸੀ. ਤੋਂ ਪ੍ਰਸਾਰਤ ਰੂਪਕ ਦੇ ਅਖੀਰ ਵਿਚ ਆਤੰਕਵਾਦ ਉਤੇ ਅਨੇਕਾਂ ਪੁਸਤਕਾਂ ਦੇ ਲੇਖਕ ਮਿਸਟਰ 'ਵਾਲਟੇਅਰ' ਦੇ ਹਵਾਲੇ ਨਾਲ ਸਪੇਨ ਦੇ 'ਬਾਸਕ' ਅਤੇ ਸਿੱਖਾਂ ਦੀ ਮਿਸਾਲ ਦਿੱਤੀ ਗਈ ਹੈ। ਸਿੱਖਾਂ ਬਾਰੇ ਕਿਹਾ ਗਿਆ ਹੈ ਕਿ ਸਿੱਖ, ਜੋ ਆਪਣੇ ਆਪ ਨੂੰ ਦੱਬੀ ਹੋਈ ਘੱਟ ਗਿਣਤੀ ਦੱਸਦੇ ਹਨ, ਉਨ੍ਹਾਂ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਇਸਦੇ ਦੋ ਕਾਰਨ ਦੱਸੇ ਗਏ ਹਨ। ਇਕ ਹਿੰਦੁਸਤਾਨ ਦਾ ਰਾਸ਼ਟਰਪਤੀ ਸਿੱਖ (ਗਿਆਨੀ ਜ਼ੈਲ ਸਿੰਘ) ਹੈ ਅਤੇ ਦੂਜਾ ਫੌਜ ਦੇ ਗਿਆਰਾਂ ਜਰਨੈਲਾਂ ਵਿਚੋਂ ਦਸ ਸਿੱਖ ਹਨ, ਜਦੋਂਕਿ ਸਿੱਖ, ਹਿੰਦੂਆਂ

ਦੀ ਕੁੱਲ ਆਬਾਦੀ ਦਾ ਕੇਵਲ ਇਕ-ਦੋ ਫੀਸਦੀ ਹਨ। ਤੀਜੀ ਗੱਲ ਇਹ ਕਹੀ ਗਈ ਕਿ ਖ਼ਾਲਿਸਤਾਨ ਲਹਿਰ ਨੂੰ ਸਿੱਖ ਅਵਾਮ ਦੀ ਬਹੁ-ਗਿਣਤੀ ਦੀ ਹਮਾਇਤ ਦਾ ਹਾਸਲ ਹੋਣਾ ਵੀ ਸ਼ੱਕੀ ਹੈ। ਚੌਥੀ ਗੱਲ ਇਹ ਕਹੀ ਗਈ ਕਿ ਜੇਕਰ ਖ਼ਾਲਿਸਤਾਨ ਬਣਾ ਦਿੱਤਾ ਜਾਵੇ ਤਾਂ ਇਸ ਖਿੱਤੇ ਵਿਚ ਵਸਦੇ ਦੂਜੇ ਲੋਕਾਂ ਨਾਲ ਬੇਇਨਸਾਫੀ ਹੋਵੇਗੀ। ਆਤੰਕਵਾਦ ਬਾਰੇ ਅਨੇਕਾਂ ਪੁਸਤਕਾਂ ਦੇ ਲੇਖਕ ਮਿਸਟਰ 'ਵਾਲਟੇਅਰ' ਦੇ ਆਧਾਰ 'ਤੇ ਰੂਪਕ ਦੇ ਪੇਸ਼ਕਾਰ 'ਵੀਰੇਨ ਮੁਨਸ਼ੀ' ਵੱਲੋਂ ਬੀ. ਬੀ. ਸੀ. ਵਰਗੇ ਕਿਸੇ ਵੱਡੇ ਅਦਾਰੇ ਦੇ ਕਿਸੇ ਪ੍ਰੋਗਰਾਮ ਵਿਚ ਅਜਿਹੀਆਂ ਹਲਕੀਆਂ ਦਲੀਲਾਂ ਦਾ ਪੇਸ਼ ਕੀਤਾ ਜਾਣਾ ਅਫਸੋਸਨਾਕ ਅਤੇ ਹਾਸੋਹੀਣਾ ਹੈ।

ਦੁਨੀਆਂ ਦੀ ਕਿਹੜੀ ਐਸੀ ਕੌਮ ਹੈ, ਜਿਸਨੇ ਗੱਦਾਰ ਪੈਦਾ ਨਹੀਂ ਕੀਤੇ? ਕਿਸੇ ਜ਼ਰ ਖਰੀਦ ਸਿੱਖ ਨੂੰ ਹਿੰਦੁਸਤਾਨ ਦਾ ਰਾਸ਼ਟਰਪਤੀ ਬਣਾ ਦੇਣ ਨਾਲ ਕੀ ਦੋ ਕਰੋੜ ਸਿੱਖਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਹੋ ਜਾਂਦੀ ਹੈ? ਹਿੰਦ-ਪਾਕਿ ਵੰਡ ਤੋਂ ਪਹਿਲਾਂ ਮੌਲਾਨਾ ਆਜ਼ਾਦ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਦਰ ਬਣਾ ਦੇਣ ਨਾਲ ਕੀ ਪਾਕਿਸਤਾਨ ਦੀ ਹਮਾਇਤ ਖਤਮ ਹੋ ਗਈ ਸੀ? ਹਿੰਦੁਸਤਾਨ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਕਿਉਂ ਚਾਹੀ, ਕੁਝ ਅਹੁਦੇ ਕਿਉਂ ਨਾ ਮੰਗ ਲਏ? ਵਿਚਾਰਾਂ ਦੇ ਆਧਾਰ 'ਤੇ ਲੜੀ ਜਾਣ ਵਾਲੀ ਕੌਮੀ ਅਜ਼ਾਦੀ ਦੀ ਲੜਾਈ ਅਹੁਦਿਆਂ ਦੀ ਪ੍ਰਾਪਤੀ ਨਾਲ ਕਦੇ ਖਤਮ ਨਹੀਂ ਹੋ ਸਕਦੀ।

ਹਿੰਦੁਸਤਾਨ ਦੀ ਫੌਜ ਵਿਚ ਗਿਆਰਾਂ ਵਿੱਚੋਂ ਦਸ ਸਿੱਖ ਜਰਨੈਲਾਂ ਦੀ ਗੱਲ 'ਵਾਲਟੇਅਰ' ਸਾਹਿਬ ਨੇ ਕਿਹੜੀ ਕਿਤਾਬ ਵਿਚੋਂ ਪੜ੍ਹੀ ਹੈ ਜਾਂ 'ਵੀਰੇਨ ਮੁਨਸ਼ੀ' ਨੇ ਇਸ ਤੱਥ ਦੀ ਤਸਦੀਕ ਕਿੱਥੋਂ ਕੀਤੀ ਹੈ, ਜ਼ਰਾ ਖੋਲ੍ਹ ਕੇ ਦੱਸ ਦਿੰਦੇ ਤਾਂ ਚੰਗਾ ਸੀ। ਇਹ ਠੀਕ ਹੈ ਕਿ ਸਿੱਖਾਂ ਦਾ ਫੌਜੀ ਵਿਰਸਾ ਬਹੁਤ ਗੌਰਵਮਈ ਹੈ। ਉਹ ਜਿਸ ਉਚਾਈ ਤਕ ਪਹੁੰਚੇ ਹਨ, ਆਪਣੀ ਯੋਗਤਾ ਕਰਕੇ ਹੀ ਪਹੁੰਚੇ ਹਨ। ਪਰ ਗਿਆਰਾਂ ਵਿਚੋਂ ਦਸ ਸਿੱਖ ਜਰਨੈਲਾਂ ਦੀ ਕੋਈ ਮਿਸਾਲ ਨਹੀਂ ਮਿਲਦੀ। ਇਸਦੇ ਉਲਟ ਸਿੱਖ ਜਰਨੈਲਾਂ ਨਾਲ ਵਿਤਕਰੇ ਦੀਆਂ ਅਨੇਕਾਂ ਮਿਸਾਲਾਂ ਮੌਜੂਦ ਹਨ।

ਖ਼ਾਲਿਸਤਾਨ ਲਹਿਰ ਪ੍ਰਤੀ ਬਹੁਗਿਣਤੀ ਸਿੱਖਾਂ ਦੀ ਹਮਾਇਤ ਨੂੰ ਸ਼ੱਕੀ ਕਿਹਾ ਜਾਣਾ ਵੀ ਬੇਬੁਨਿਆਦ ਹੈ। ਖ਼ਾਲਿਸਤਾਨ ਲਹਿਰ ਦੀ ਲੋਕਾਂ ਵਿਚ ਮਾਨਤਾ ਦਾ ਅੰਦਾਜ਼ਾ ਇਸ ਸੱਚਾਈ ਤੋਂ ਲਗਾਇਆ ਜਾ ਸਕਦਾ ਹੈ ਕਿ ਸਿੱਖ ਅਵਾਮ ਦੇ ਹਿਰਦਿਆਂ ਵਿਚ ਜੁਝਾਰੂ ਸਿੰਘਾਂ ਦੇ ਮਕਸਦ ਅਤੇ ਉਚੇ ਇਖਲਾਕ ਪ੍ਰਤੀ ਹਮਾਇਤ ਅਤੇ ਸਤਿਕਾਰ ਹਮੇਸ਼ਾ ਰਿਹਾ ਹੈ।

ਉਪਰੋਕਤ ਸੱਚਾਈ ਦੇ ਬਾਵਜੂਦ ਬਹੁਗਿਣਤੀ ਦੀ ਹਮਾਇਤ ਦਾ ਫੈਸਲਾ

ਕਿਸੇ ਅੰਤਰਰਾਸ਼ਟਰੀ ਸੰਸਥਾ ਦੀ ਨਿਗਰਾਨੀ ਹੇਠ ਕਿਸੇ ਨਿਰਪੱਖ ਜਨਮਤ ਰਾਹੀਂ ਹੀ ਕੀਤਾ ਜਾ ਸਕਦਾ ਹੈ ਅਤੇ ਜਨਮਤ ਕਰਵਾਉਣ ਦੀ ਮੰਗ ਦਲ ਖ਼ਾਲਸਾ, ਅਕਾਲੀ ਆਗੂ ਸ੍ਰ. ਸੁਖਜਿੰਦਰ ਸਿੰਘ ਅਤੇ ਕਈ ਹੋਰ ਜਥੇਬੰਦੀਆਂ ਵਲੋਂ ਅਕਸਰ ਹੁੰਦੀ ਰਹੀ ਹੈ। ਅੱਜ ਦੇ ਹਾਲਾਤ ਵਿਚ ਯਕੀਨਨ ਇਹ ਆਖਿਆ ਜਾ ਸਕਦਾ ਹੈ ਕਿ ਖ਼ਾਲਿਸਤਾਨ ਲਹਿਰ ਨੂੰ ਵੱਡੀ ਗਿਣਤੀ 'ਚ ਸਿੱਖਾਂ ਦੀ ਹਮਾਇਤ ਹਾਸਲ ਹੈ। ਕੇਵਲ ਥੋੜ੍ਹੇ ਜਿਹੇ ਮੁਫਾਦ-ਪ੍ਰਸਤ ਕਾਂਗਰਸੀ ਜਾਂ ਕਮਿਊਨਿਸਟ ਸਿੱਖ ਹੀ ਇਸ ਦੇ ਖਿਲਾਫ ਹਨ।

ਇਹ ਗੱਲ ਵੀ ਬਹੁਤ ਅਜੀਬ ਹੈ ਕਿ ਖਾਲਿਸਤਾਨ ਦੀ ਸਥਾਪਨਾ ਨਾਲ ਇਲਾਕੇ ਦੇ ਬਾਕੀ ਲੋਕਾਂ ਨਾਲ ਬੇਇਨਸਾਫ਼ੀ ਹੋਵੇਗੀ। ਆਨੰਦਪੁਰ ਸਾਹਿਬ ਦੇ ਮਤੇ ਵਿਚ ਦਰਜ ਇਲਾਕੇ ਜਿਨ੍ਹਾਂ 'ਤੇ ਆਧਾਰਿਤ ਖਾਲਿਸਤਾਨ ਦੀ ਮੰਗ ਕੀਤੀ ਜਾ ਰਹੀ ਹੈ, ਇਸ ਖਿੱਤੇ ਵਿਚ ਆਬਾਦੀ ਦੇ ਸੰਭਾਵਿਤ ਤਬਾਦਲੇ ਤੋਂ ਬਾਅਦ 75 ਪ੍ਰਤੀਸ਼ਤ ਤੋਂ ਵੀ ਵੱਧ ਸਿੱਖ ਵੱਸੋਂ ਹੋਵੇਗੀ। ਸਿੱਖ ਧਰਮ ਵਿਚ ਦੂਜਿਆਂ ਧਰਮਾਂ ਪ੍ਰਤੀ ਸਹਿਣਸ਼ੀਲਤਾ ਦੀਆਂ ਜੋ ਇਤਿਹਾਸਿਕ ਮਿਸਾਲਾਂ ਹਨ, ਉਨ੍ਹਾਂ ਨੂੰ ਦੇਖਦੇ ਹੋਏ ਖਾਲਿਸਤਾਨ ਦੀ 25 ਪ੍ਰਤੀਸ਼ਤ ਗੈਰ-ਸਿੱਖ ਆਬਾਦੀ ਨਾਲ ਬੇਇਨਸਾਫੀ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਖ਼ਾਲਿਸਤਾਨ ਦੀ ਵੱਡੀ ਘੱਟ ਗਿਣਤੀ ਗੁਆਂਢੀ ਮੁਲਕ ਹਿੰਦੁਸਤਾਨ ਦੀ ਭਾਰੀ ਬਹੁਗਿਣਤੀ ਹੋਵੇਗੀ। ਖ਼ਾਲਿਸਤਾਨ ਵਿਚ ਰਹਿੰਦੇ ਹਿੰਦੂਆਂ ਦੇ ਹੱਕਾਂ ਅਤੇ ਜਜ਼ਬਾਤਾਂ ਦੇ ਰਾਖੀ ਲਈ ਹਿੰਦੁਸਤਾਨ ਵਰਗੇ ਇਕ ਵੱਡੇ ਮੁਲਕ ਦੀ ਹੋਂਦ ਮੌਜੂਦ ਹੋਵੇਗੀ। ਇਸ ਲਈ ਖ਼ਾਲਿਸਤਾਨ ਦੀ ਸਥਾਪਨਾ ਉਨ੍ਹਾਂ ਨਾਲ ਬੇਇਨਸਾਫ਼ੀ ਨਹੀਂ ਕਹੀ ਜਾ ਸਕਦੀ।

ਬੀ. ਬੀ. ਸੀ. ਤੋਂ ਪ੍ਰਸਾਰਤ ਰੂਪਕ "ਆਤੰਕਵਾਦ ਕੀ ਖ਼ੂਨੀ ਛਾਇਆ" ਵਿਚ ਸਿੱਖ ਤਹਿਰੀਕ ਵਿਰੁੱਧ ਬਿਲਕੁਲ ਬੇ-ਬੁਨਿਆਦ ਦਲੀਲਾਂ ਦਿੱਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਇਸਦਾ ਇਕ ਕਾਰਨ ਸਾਡੀ ਪ੍ਰਚਾਰ ਮਸ਼ੀਨਰੀ ਦੀ ਕਮਜ਼ੋਰੀ ਵੀ ਹੈ। ਅਸੀਂ ਦੁਨੀਆਂ ਸਾਹਮਣੇ ਖਾਲਿਸਤਾਨ ਲਹਿਰ ਦਾ ਸਹੀ ਰੂਪ ਅਤੇ ਇਸਦੀ ਹੱਕ ਬਜਾਨਬਤਾ ਠੋਸ ਤਰ੍ਹਾਂ ਨਾਲ ਨਹੀਂ ਪੇਸ਼ ਕਰ ਸਕੇ। ਸਾਡੇ ਪ੍ਰਚਾਰ ਯਤਨਾਂ ਦੀ ਕਮਜ਼ੋਰੀ ਦੇ ਕਾਰਨ ਹੀ ਪੱਛਮੀ ਮੁਲਕਾਂ ਵਿਚ ਲੋਕ ਸਿੱਖ ਕੌਮ ਦੇ ਜਜ਼ਬਾਤਾਂ ਅਤੇ ਉਨ੍ਹਾਂ ਦੇ ਸੰਘਰਸ਼ ਪ੍ਰਤੀ ਹਮਦਰਦੀ ਵਾਲਾ ਰਵਈਆ ਨਹੀਂ ਰੱਖਦੇ।

ਸਾਡੀ ਇਸ ਕਮਜ਼ੋਰੀ ਦੇ ਕੁਝ ਭਿਅੰਕਰ ਸਿੱਟੇ ਵੀ ਨਿਕਲਣ ਲੱਗ ਪਏ ਹਨ। 5/7/87 ਨੂੰ ਕੈਨੇਡਾ ਅਤੇ ਹਿੰਦੁਸਤਾਨ ਵਿਚਕਾਰ ਇਕ "ਐਕਸਟਰਾਡੀਸ਼ਨ" ਹਵਾਲਗੀ ਸੰਧੀ ਉਤੇ ਦਸਤਖ਼ਤ ਹੋ ਗਏ ਹਨ, ਜਿਸਦਾ

ਮੁੱਖ ਨਿਸ਼ਾਨਾ ਕੈਨੇਡਾ ਵਿਚ ਵਸਦੇ ਜੁਝਾਰੂ ਸਿੱਖ ਹੀ ਹਨ। ਬਰਤਾਨੀਆ ਅਤੇ ਅਮਰੀਕਾ ਦੀ ਵੀ ਹਿੰਦ ਸਰਕਾਰ ਨਾਲ ਅਜਿਹੀਆਂ ਸੰਧੀਆਂ ਲਈ ਵਾਰਤਾ ਚਲ ਰਹੀ ਹੈ। ਸਿੱਖ ਜਗਤ ਵਲੋਂ ਜੇ ਇਨ੍ਹਾਂ ਦਾ ਰਾਹ ਰੋਕਣ ਲਈ ਕੋਈ ਵਿਸ਼ੇਸ਼ ਅਤੇ ਠੋਸ ਉਪਰਾਲੇ ਨਾ ਕੀਤੇ ਗਏ ਤਾਂ ਵਿਦੇਸ਼ਾਂ ਵਿਚ ਵਸਦੇ ਸਿੱਖ ਆਜ਼ਾਦੀ ਪਸੰਦਾਂ ਨੂੰ ਭਿਅੰਕਰ ਦੌਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੇਸ਼ਾਂ ਵਿਚ ਵਸਦੀਆਂ ਗ਼ੈਰ-ਸਿੱਖ ਹਮਦਰਦ ਕੌਮਾਂ ਦਾ ਸਾਥ ਲੈ ਕੇ ਹਕੂਮਤਾਂ ਉਤੇ ਦਬਾਓ ਪਾਉਣਾ ਚਾਹੀਦਾ ਹੈ। ਸਿੱਖ ਜਥੇਬੰਦੀਆਂ ਨੂੰ ਆਲਮੀ ਪੱਧਰ ਉਤੇ ਅਤੇ ਵਿਸ਼ੇਸ਼ ਤੌਰ 'ਤੇ ਯੂਰਪ ਅਤੇ ਅਮਰੀਕਾ ਦੇ ਅਵਾਮ ਸਾਹਮਣੇ ਖ਼ਾਲਿਸਤਾਨ ਤਹਿਰੀਕ ਦੀ ਤਰਕ ਸੰਗਤ ਤਸਵੀਰ ਪੇਸ਼ ਕਰਕੇ ਉਨ੍ਹਾਂ ਦੀ ਹਮਾਇਤ ਹਾਸਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ।

"ਅਕਾਲ ਤਖਤ ਸਾਹਿਬ ਸਭ ਲਈ ਸਾਂਝਾ ਹੈ। ਸੋ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਇਕ ਸੰਪਰਦਾ ਜਾਂ ਧਿਰ ਦੇ ਵਿਚਾਰਾਂ ਜਾਂ ਫੈਸਲਿਆਂ ਨਾਲ ਨਹੀਂ ਜੁੜਨਾ ਚਾਹੀਦਾ।"

ਸਿੰਘ ਸਾਹਿਬ ਭਾਈ ਜਸਬੀਰ ਸਿੰਘ ਦੇ ਨਾਂ ਖੁੱਲ੍ਹਾ ਖ਼ਤ

ਮਾਰਚ 1988

ਸਿੰਘ ਸਾਹਿਬ ਜੀਓ, ਪੰਥ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਜ਼ਿੰਮੇਵਾਰੀਆਂ ਸੰਭਾਲਣ ਉੱਤੇ ਸਾਡੀ ਮੁਬਾਰਕਬਾਦ ਕਬੂਲ ਕਰੋ।

ਆਪ ਜੀ ਹੁਣ ਸਮੁੱਚੇ ਪੰਥ ਲਈ ਸਾਂਝੀ ਸ਼ਖ਼ਸੀਅਤ ਹੋ। ਸਭ ਤੋਂ ਪਹਿਲੀ ਬੇਨਤੀ ਤਾਂ ਮੈਂ ਇਹੀ ਕਰਨੀ ਚਾਹਾਂਗਾ ਕਿ ਜਥੇਦਾਰ ਅਕਾਲ ਤਖਤ ਦੀ ਪਛਾਣ ਕਿਸੇ 'ਜਥੇ' ਜਾਂ 'ਜਥੇਬੰਦੀ' ਨਾਲ ਉਨ੍ਹਾਂ ਦੇ ਸਬੰਧਾਂ ਦੇ ਆਧਾਰ 'ਤੇ ਨਹੀਂ ਰਹਿਣੀ ਚਾਹੀਦੀ ।

ਪੰਥ ਵਿਚ ਧਰਮ ਅਤੇ ਸਿਆਸਤ ਦਾ ਸੁਮੇਲ, ਪੰਥ ਦੇ ਆਗੂਆਂ ਨੂੰ ਕਿਸੇ ਵੀ ਹੋਰ ਕੌਮ ਦੇ ਆਗੂਆਂ ਨਾਲੋਂ ਵਧੇਰੇ ਜ਼ਿੰਮੇਵਾਰ ਬਣਾਉਂਦਾ ਹੈ। ਸਿਆਸਤ ਵਿਚ ਪਏ ਹੋਏ ਵਖਰੇਵਿਆਂ ਨੂੰ ਮੇਟਣਾ ਸੌਖਾ ਹੁੰਦਾ ਹੈ ਪਰ ਧਰਮ-ਕਰਮ ਵਿਚ ਪਏ ਹੋਏ ਵਖਰੇਵੇਂ ਜੇਕਰ ਇਕ ਵਾਰ ਜੜ੍ਹ ਫੜ ਜਾਣ ਤਾਂ ਉਨ੍ਹਾਂ ਨੂੰ ਮੇਟਣਾ ਬਹੁਤ ਔਖਾ ਹੁੰਦਾ ਹੈ। ਪੰਥ ਅਨੇਕਾਂ ਜਥੇਬੰਦੀਆਂ ਅਤੇ ਸੰਪਰਦਾਵਾਂ ਦਾ ਸਮੂਹ ਹੈ, ਜਿਨ੍ਹਾਂ ਵਿਚ ਧਾਰਮਿਕ ਮਰਿਯਾਦਾਵਾਂ ਸਬੰਧੀ ਕਈ ਵਖਰੇਵੇਂ ਤੁਰੇ ਆਉਂਦੇ ਹਨ।

•

ਪੰਥ ਦੇ ਆਗੂਆਂ ਅਤੇ ਵਿਦਵਾਨਾਂ ਨੇ ਇਨ੍ਹਾਂ ਵਖਰੇਵਿਆਂ ਨੂੰ ਮਿਟਾਉਣ ਦਾ ਕਾਫੀ ਹੱਦ ਤਕ ਸਫਲ ਯਤਨ 1936 ਵਿਚ ਕੀਤਾ ਸੀ, ਜਦੋਂ ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਸਮੁੱਚੇ ਪੰਥ ਵੱਲੋਂ 'ਪ੍ਰਵਾਨਤ ਮਰਿਯਾਦਾ' ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੀ ਗਈ ਸੀ। ਸਮੇਂ ਨੇ ਉਨ੍ਹਾਂ ਵਖਰੇਵਿਆਂ ਨੂੰ ਅੱਜ ਫਿਰ ਉਭਾਰ ਦਿੱਤਾ ਹੈ ਅਤੇ ਜਜ਼ਬਾਤੀ ਰੁਝਾਨਾਂ ਨੇ ਵੰਡੀਆਂ ਦੀਆਂ ਨਵੀਆਂ ਦੀਵਾਰਾਂ ਨੂੰ ਉਸਾਰਨਾ ਸ਼ੁਰੂ ਕਰ ਦਿੱਤਾ ਹੈ। ਮੈਂ ਇੱਥੇ ਆਪ ਜੀ ਨੂੰ ਇਹ ਬੇਨਤੀ ਕਰਨੀ ਚਾਹਾਂਗਾ ਕਿ ਆਪ ਜੀ ਪੰਥ ਦੀ ਪ੍ਰਵਾਨਤ ਮਰਿਯਾਦਾ ਨੂੰ ਅਮਲੀ ਰੂਪ ਵਿਚ ਹਰ ਪਾਸੇ ਲਾਗੂ ਕਰਕੇ ਇਨ੍ਹਾਂ ਵੰਡੀਆਂ ਦੀਆਂ ਉਸਰ ਰਹੀਆਂ ਨਵੀਆਂ ਦੀਵਾਰਾਂ ਨੂੰ ਮੇਟਣ ਦੇ ਉਪਰਾਲੇ ਨੂੰ ਪਹਿਲ ਦਿਉ।

ਪੰਥ ਦੀ ਪ੍ਰਵਾਨਤ ਮਰਿਯਾਦਾ 'ਰਾਗਮਾਲਾ' ਹੀ ਇਕ ਅਜਿਹਾ ਵਿਸ਼ਾ ਹੈ, ਜਿਸ ਉਤੇ ਪੰਥ ਇਕ ਮਤ ਨਹੀਂ ਹੋ ਸਕਿਆ ਅਤੇ ਇਸ ਸਬੰਧੀ ਚਲੀ ਆ ਰਹੀ ਪਰੰਪਰਾ ਨੂੰ ਹੀ ਕਿਸੇ ਅੰਤਮ ਫੈਸਲੇ ਤਕ ਬਹਾਰ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਅੱਜ ਇਹ ਵੀ ਆਪ ਜੀ ਦੀ ਜ਼ਿੰਮੇਵਾਰੀ ਹੈ ਕਿ ਕਿਸੇ ਅੰਤਿਮ ਫੈਸਲੇ ਤਕ, ਅਕਾਲ ਤਖਤ ਸਾਹਿਬ 'ਤੇ ਚਲੀ ਆ ਰਹੀ ਪਰੰਪਰਾ ਨੂੰ ਹੀ ਜਾਰੀ ਰੱਖਿਆ ਜਾਵੇ।

ਅੱਜ ਜਿਨ੍ਹਾਂ ਵਿਸ਼ਿਆਂ 'ਤੇ ਪੰਥਕ ਮਰਿਯਾਦਾ ਵਿਚ ਵਖਰੇਵੇਂ ਪਾਏ ਜਾ ਰਹੇ ਹਨ, ਇਨ੍ਹਾਂ ਨੂੰ ਪੱਕੇ ਤੌਰ 'ਤੇ ਮੇਟਣ ਲਈ ਜੇਕਰ ਮਾਹੌਲ ਪੈਦਾ ਕੀਤਾ ਜਾ ਸਕੇ ਤਾਂ ਇਹ ਆਪ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੋਵੇਗੀ। ਇਨ੍ਹਾਂ ਵਖਰੇਵਿਆਂ ਸਬੰਧੀ ਕੋਈ ਵੀ ਫੈਸਲਾ ਸਮੂੰਹ ਪੰਥ ਦੇ ਜਥੇ, ਜਥੇਬੰਦੀਆਂ, ਸੰਪਰਦਾਵਾਂ ਅਤੇ ਵਿਦਵਾਨਾਂ ਦੀ ਰਾਏ ਅਤੇ ਸਹਿਮਤੀ ਤੋਂ ਬਿਨਾਂ ਨਹੀਂ ਕੀਤਾ ਜਾਣਾ ਚਾਹੀਦਾ। ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਲੰਮੇ ਵਿਚਾਰ-ਵਟਾਂਦਰੇ ਦੀ ਲੋੜ ਹੈ, ਜੋ ਵਰ੍ਹਿਆਂ ਤਕ ਫੈਲ ਸਕਦਾ ਹੈ। ਵਿਚਾਰ-ਵਟਾਂਦਰੇ ਦਾ ਵਰ੍ਹਿਆਂ ਤਕ ਫੈਲ ਜਾਣਾ ਕੋਈ ਮਾੜੀ ਗੱਲ ਨਹੀਂ ਪਰ ਪੰਥ ਦੀ ਸਮੁੱਚੀ ਸਹਿਮਤੀ

ਅਤੇ ਪ੍ਰਵਾਨਗੀ ਜ਼ਰੂਰੀ ਹੈ। ਇਨ੍ਹਾਂ ਫੈਸਲਿਆਂ ਵਿਚ ਪੰਥ ਦੇ ਉਨ੍ਹਾਂ ਮਹਾਨ ਵਿਦਵਾਨਾਂ ਦੇ ਵਿਚਾਰਾਂ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ, ਜੋ ਅੱਜ ਸਰੀਰਕ ਤੌਰ 'ਤੇ ਪੰਥ ਵਿੱਚ ਮੌਜੂਦ ਨਹੀਂ ਰਹੇ। ਮੈਂ ਇੱਥੇ ਸਿਰਦਾਰ ਕਪੂਰ ਸਿੰਘ ਜੀ ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹਾਂਗਾ।

ਪਿਛਲੇ ਕੁਝ ਅਰਸੇ ਤੋਂ ਫੈਸਲੇ ਕਰਨ ਦੀ ਪੰਥ ਵਿਚ ਪ੍ਰਚਲਿਤ ਵਿਧੀ ਕਿ ਸੱਦੇ ਹੋਏ ਇਕੱਠ ਸਾਹਮਣੇ, ਪਹਿਲਾਂ ਤੋਂ ਤਿਆਰ ਕੀਤੇ ਮਤੇ ਪੜ੍ਹਕੇ, ਜੈਕਾਰਿਆਂ ਰਾਹੀਂ ਪ੍ਰਵਾਨਗੀ ਦੀ ਮੋਹਰ ਲਗਵਾ ਲੈਣੀ ਅਤੇ ਫਿਰ ਉਨ੍ਹਾਂ ਨੂੰ ਪੰਥ ਦੇ ਫੈਸਲੇ ਕਰਾਰ ਦੇ ਦੇਣਾ, ਕਿਸੇ ਵੀ ਤਰ੍ਹਾਂ ਸ਼ਲਾਘਾਯੋਗ ਨਹੀਂ ਹੈ। ਇਸ ਤਰ੍ਹਾਂ ਕੀਤੇ ਹੋਏ ਫੈਸਲਿਆਂ ਨੂੰ ਸਮੁੱਚੇ ਪੰਥ ਦੀ ਪ੍ਰਵਾਨਗੀ ਕਦੇ ਵੀ ਹਾਸਿਲ ਨਹੀਂ ਹੋ ਸਕਿਆ ਕਰਦੀ। ਆਪ ਜੀ ਨੂੰ ਇਸ ਤਰੀਕੇ ਰਾਹੀਂ ਫੈਸਲੇ ਕਰਨ ਦੀ ਪ੍ਰਵਿਰਤੀ ਨੂੰ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਪੰਥ ਵਿਚ ਕਈ ਸਿਆਸੀ ਧਿਰਾਂ ਹਨ। ਹਰ ਇਕ ਦੇ ਆਪਣੇ-ਆਪਣੇ ਵਿਚਾਰ ਹਨ ਤੇ ਆਪੋ-ਆਪਣੇ ਤਰੀਕੇ ਹਨ। ਪੰਥ ਦੇ ਹੱਕਾਂ ਲਈ ਜੂਝਣ ਦਾ ਦਾਅਵਾ ਹੈ। ਕੋਈ ਇਕ ਜਥੇਬੰਦੀ, ਕਿਸੇ ਖਾਸ ਵਕਤ 'ਤੇ ਪੰਥ ਦੀ ਨੁਮਾਇੰਦਗੀ ਤਾਂ ਕਰ ਸਕਦੀ ਹੈ ਪਰ ਸਮੁੱਚਾ ਪੰਥ ਨਹੀਂ ਹੋ ਸਕਦੀ।

ਅਕਾਲ ਤਖਤ ਸਾਹਿਬ ਸਭ ਲਈ ਸਾਂਝਾ ਹੈ। ਸੋ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਇਕ ਸੰਪਰਦਾ ਜਾਂ ਧਿਰ ਦੇ ਵਿਚਾਰਾਂ ਜਾਂ ਫੈਸਲਿਆਂ ਨਾਲ ਨਹੀਂ ਜੁੜਨਾ ਚਾਹੀਦਾ। ਸੰਘਰਸ਼ ਕਰਦੀਆਂ ਜਥੇਬੰਦੀਆਂ ਦੇ ਸਮੇਂ ਦੀਆਂ ਸਰਕਾਰਾਂ ਨਾਲ ਸਮਝੌਤੇ ਹੁੰਦੇ ਅਤੇ ਟੁੱਟਦੇ ਰਹਿੰਦੇ ਹਨ। ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਜਥੇਬੰਦੀ ਜਾਂ ਜਥੇਬੰਦੀਆਂ ਵੱਲੋਂ ਕੀਤੇ ਹੋਏ ਸਮਝੌਤੇ ਵਿੱਚ ਸ਼ਾਮਿਲ ਹੋਣ ਜਾਂ ਉਸ ਉਤੇ ਤਈਦੀ ਦਸਤਖਤ ਹਰਗਿਜ਼ ਨਹੀਂ ਕਰਨੇ ਚਾਹੀਦੇ। ਜਥੇਦਾਰ ਸਾਹਿਬ ਨੂੰ ਲੋੜ ਪੈਣ 'ਤੇ ਸਮੁੱਚੇ ਪੰਥਕ ਹਿੱਤਾਂ ਵਿਚ ਅਗਵਾਈ ਜ਼ਰੂਰ ਦੇਣੀ ਚਾਹੀਦੀ ਹੈ ਪਰ ਕਿਸੇ ਧਿਰ ਜਾਂ ਧਿਰ ਵੱਲੋਂ ਕੀਤੇ ਹੋਏ ਸਮਝੌਤੇ ਦਾ ਪਾਬੰਦ ਨਹੀ ਹੋਣਾ ਚਾਹੀਦਾ।

ਅੰਤ ਵਿਚ ਮੈਂ ਇਹ ਵੀ ਸਪੱਸ਼ਟ ਕਰ ਦੇਣਾ ਆਪਣਾ ਫਰਜ਼ ਸਮਝਦਾ ਹਾਂ ਕਿ 'ਦਲ ਖਾਲਸਾ' ਖਾਲਿਸਤਾਨ ਲਈ ਵਚਨਬੱਧ ਹੈ ਪਰ ਆਪਣੇ ਤੋਂ ਵੱਖ ਵਿਚਾਰ ਰੱਖਣ ਵਾਲਿਆਂ ਨੂੰ "ਪੰਥ ਵਿਰੋਧੀ ਜਾਂ ਗ਼ੱਦਾਰ" ਨਹੀਂ ਸਮਝਦਾ। ਅਸੀਂ ਪੰਥ ਦੀ ਪ੍ਰਵਾਨਤ ਮਰਿਯਾਦਾ ਤੇ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਵਿੱਚ ਦ੍ਰਿੜ੍ਹ ਯਕੀਨ ਰੱਖਦੇ ਹਾਂ। ਮੇਰੀ ਅਤੇ ਮੇਰੇ ਸਾਥੀਆਂ ਦੀ ਅਦਬ ਸਤਿਕਾਰ ਸਹਿਤ ਫਤਿਹ ਕਬੂਲ ਕਰੋ।

(ਗਜਿੰਦਰ ਸਿੰਘ)

"ਹਥਿਆਰ ਦੇ ਨਾਲ ਜੇ ਵਿਚਾਰ ਨਾ ਹੋਵੇ ਤਾਂ ਹਥਿਆਰ ਆਪਣੇ-ਆਪ ਲਈ ਹੀ ਘਾਤਕ ਬਣ ਜਾਂਦਾ ਹੈ।

ਦੁਨੀਆਂ ਦਾ ਕਿਹੜਾ ਅਜਿਹਾ ਧਰਮ, ਕਿਹੜਾ ਗ੍ਰੰਥ ਜਾਂ ਕਿਹੜੀ ਨੀਤੀ ਹੈ, ਜਿਸ ਅਨੁਸਾਰ ਕਿਸੇ ਗੁਨਾਹ ਦੀ ਸਜ਼ਾ ਗੁਨਾਹਗਾਰ ਦੀ ਬੁੱਢੀ ਮਾਂ, ਜਵਾਨ ਭੈਣ ਜਾਂ ਉਸਦੇ ਡੇਢ ਮਹੀਨੇ ਦੇ ਬੱਚੇ ਨੂੰ ਵੀ ਦਿੱਤੀ ਜਾ ਸਕਦੀ ਹੈ? ਦੁਨੀਆਂ ਦਾ ਧਰਮ ਕੋਈ ਵੀ ਹੋਵੇ ਪਰ ਆਮ ਇਨਸਾਨ ਦੀ ਸਮਝ ਵਿਚ ਆਉਣ ਵਾਲਾ ਰੱਬ ਅਤੇ ਕੁਦਰਤ ਦਾ ਕਾਨੂੰਨ ਕੇਵਲ ਇਕ ਹੀ ਹੈ ਤੇ ਉਹ ਹੈ ਕਿ 'ਕਿਸੇ ਗੁਨਾਹ ਦੀ ਸਜ਼ਾ ਕੇਵਲ ਗੁਨਾਹ ਕਰਨ ਵਾਲੇ ਨੂੰ ਹੀ ਦਿੱਤੀ ਜਾ ਸਕਦੀ ਹੈ।"

ਕੀ ਇਹ ਸਿੱਖੀ ਹੈ?

ਫਰਵਰੀ 1988

ਪਿਛਲੇ ਕੁਝ ਅਰਸੇ ਤੋਂ ਪੰਜਾਬ ਵਿਚ ਜੁਝਾਰੂਆਂ ਦੀਆਂ ਹਥਿਆਰਬੰਦ ਕਾਰਵਾਈਆਂ ਸਬੰਧੀ ਜੋ ਖਬਰਾਂ ਆ ਰਹੀਆਂ ਹਨ, ਉਨ੍ਹਾਂ ਵਿੱਚ 'ਮੁਖ਼ਬਰਾਂ' ਦੇ ਪੂਰੇ-ਪੂਰੇ ਪਰਿਵਾਰਾਂ ਦਾ ਸਫਾਇਆ ਕੀਤੇ ਜਾਣ ਦੀਆਂ ਖਬਰਾਂ ਦੀ ਭਰਮਾਰ ਹੈ। ਅਜਿਹੀਆਂ ਕਾਰਵਾਈਆਂ ਤੋਂ ਬਾਅਦ ਆਮ ਤੌਰ 'ਤੇ ਘਟਨਾ ਸਥਾਨ ਤੋਂ ਮਿਲੇ ਇਕ ਪੱਤਰ ਦਾ ਜ਼ਿਕਰ ਹਰ ਖ਼ਬਰ ਵਿਚ ਹੁੰਦਾ ਹੈ, ਜਿਸ ਰਾਹੀਂ ਕਿਸੇ ਜੁਝਾਰੂ ਜਥੇਬੰਦੀ ਵਲੋਂ ਦੋਸ਼ੀ ਨੂੰ ਸਖ਼ਤ ਸਜ਼ਾ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੁੰਦਾ ਹੈ। ਇਨ੍ਹਾਂ ਕਾਰਵਾਈਆਂ ਵਿਚ ਦੋਸ਼ੀ ਦੀ ਬਜ਼ੁਰਗ ਮਾਤਾ ਜਾਂ ਪਤਨੀ, ਜਵਾਨ ਭੈਣ ਜਾਂ ਬੇਟੀ ਅਤੇ ਦੁੱਧ ਚੁੰਘਦੇ ਬੱਚੇ ਜਾਂ ਪੋਤਰੇ-ਦੋਹਤਰੇ, ਸਭ ਦੋਸ਼ੀ ਦੇ ਨਾਲ ਹੀ ਸਜ਼ਾ ਦੇ ਭਾਗੀ ਬਣਾ ਕੇ ਕਤਲ ਕੀਤੇ ਗਏ ਹੁੰਦੇ ਹਨ।

ਪਿਛਲੇ ਦਿਨੀਂ ਅੰਮ੍ਰਿਤਸਰ ਜ਼ਿਲੇ ਦੇ 'ਚੀਮਾ ਬਾਠ' ਪਿੰਡ ਵਿਚ ਬੀਰ ਸਿੰਘ ਦੇ ਪਰਿਵਾਰ ਦੇ ਨੌਂ ਜੀਆਂ ਦੇ ਕਤਲ ਨੇ ਬਰਦਾਸ਼ਤ ਦੀ ਹੱਦ ਮੁਕਾ ਦਿੱਤੀ ਅਤੇ ਇਸ ਵਿਸ਼ੇ 'ਤੇ ਸਮੁੱਚੇ ਪੰਥ ਨਾਲ ਸੋਚ ਅਤੇ ਜਜ਼ਬਾਤ ਸਾਂਝੇ ਕਰਨ ਲਈ ਕਲਮ ਚੁੱਕਣ 'ਤੇ ਮਜਬੂਰ ਕਰ ਦਿੱਤਾ ਹੈ। ਇਸ ਕਤਲ ਕਾਂਡ ਦਾ ਦਿਲ ਨੂੰ ਦਹਿਲਾ ਦੇਣ ਵਾਲਾ ਅਣਮਨੁੱਖੀ ਪਹਿਲੂ ਇਹ ਹੈ ਕਿ ਇਸ ਵਿਚ ਮਾਵਾਂ ਦੀਆਂ ਝੋਲੀਆਂ ਵਿਚ ਬੈਠੇ ਤਿੰਨ ਮਾਸੂਮ ਬੱਚਿਆਂ ਦਾ ਲਹੂ ਵੀ ਡੋਲ੍ਹਿਆ ਗਿਆ ਹੈ।

ਇਹ ਕਤਲ ਕਾਂਡ ਵੀ ਮੌਕੇ ਤੋਂ ਮਿਲੇ ਇਕ ਪੱਤਰ ਦੇ ਹਵਾਲੇ ਨਾਲ ਹੋਰ ਜੁਝਾਰੂ ਕਾਰਵਾਈਆਂ ਵਾਂਗ ਇਕ ਜਥੇਬੰਦੀ ਵਲੋਂ ਇਕ ਮੁਖ਼ਬਰ ਨੂੰ ਮੁਖ਼ਬਰੀ ਦੀ ਸਜ਼ਾ ਦੇਣ ਨਾਲ ਜੋੜਿਆ ਗਿਆ ਹੈ। ਖ਼ਬਰ ਨੂੰ ਪੜ੍ਹਦੇ ਸਾਰ ਪਹਿਲਾਂ ਤਾਂ ਇਹ ਯਕੀਨ ਹੀ ਨਹੀਂ ਆਉਂਦਾ ਕਿ ਅਜਿਹੇ ਬੇਰਹਿਮ ਕਤਲ ਗੁਰੂ ਦਾ ਭੈਅ ਰੱਖਣ ਵਾਲੇ ਸਿੰਘ ਨੇ ਕੀਤੇ ਹੋਣਗੇ? ਜ਼ਰੂਰ ਇਹ ਕੋਈ ਸਰਕਾਰੀ ਸਾਜਿਸ਼ ਹੈ। ਪਰ ਕੁਝ ਦਿਨ ਬੀਤਣ ਤੋਂ ਬਾਅਦ ਜਦੋਂ ਸਬੰਧਿਤ ਜਥੇਬੰਦੀ ਵਲੋਂ ਕਿਸੇ ਖ਼ਬਰ ਦਾ ਖੰਡਨ ਨਹੀਂ ਆਇਆ ਤਾਂ ਮਨ ਖ਼ਬਰ ਉਤੇ ਉਸਦੇ ਲਫ਼ਜ਼ਾਂ ਅਨੁਸਾਰ ਯਕੀਨ ਕਰਨ 'ਤੇ ਮਜਬੂਰ ਹੁੰਦਾ ਹੈ। ਜੇ ਅਜਿਹੀਆਂ ਕਾਰਵਾਈਆਂ ਸੱਚ-ਮੁੱਚ ਹੀ ਪੰਜਾਬ ਵਿਚ ਸਰਗਰਮ ਕੁਝ ਜੁਝਾਰੂ ਜਥੇਬੰਦੀਆਂ ਹੀ ਕਰ ਰਹੀਆਂ ਹਨ ਤਾਂ ਫਿਰ ਮੈਂ ਉਨ੍ਹਾਂ ਦੇ ਸਾਹਮਣੇ ਤੇ ਸਮੁੱਚੇ ਪੰਥ ਸਾਹਮਣੇ ਕੁਝ ਸੋਚਣ ਲਈ ਰੱਖਣਾ ਚਾਹੁੰਦਾ ਹਾਂ।

ਮੇਰੇ ਵੀਰੋ! ਦੁਨੀਆਂ ਦਾ ਕਿਹੜਾ ਅਜਿਹਾ ਧਰਮ, ਕਿਹੜਾ ਗ੍ਰੰਥ ਜਾਂ ਕਿਹੜੀ ਨੀਤੀ ਹੈ, ਜਿਸ ਅਨੁਸਾਰ ਕਿਸੇ ਗੁਨਾਹ ਦੀ ਸਜ਼ਾ ਗੁਨਾਹਗਾਰ ਦੀ ਬੁੱਢੀ ਮਾਂ, ਜਵਾਨ ਭੈਣ ਜਾਂ ਉਸਦੇ ਡੇਢ ਮਹੀਨੇ ਦੇ ਬੱਚੇ ਨੂੰ ਵੀ ਦਿੱਤੀ ਜਾ ਸਕਦੀ ਹੈ? ਦੋਸ਼ੀ ਨੂੰ ਉਸਦਾ ਦੋਸ਼ ਸਾਬਿਤ ਹੋ ਜਾਣ 'ਤੇ ਸਜ਼ਾ ਦੇਣ ਦਾ ਹੱਕ ਸਾਨੂੰ ਹੈ। ਆਤਮ ਰੱਖਿਆ ਵਿਚ ਪਹਿਲ ਕਰਕੇ ਵਾਰ ਕਰਨ ਦਾ ਹੱਕ ਵੀ ਸਾਨੂੰ ਹੈ। ਪਰ ਦੋਸ਼ੀ ਦੇ ਕੀਤੇ ਗੁਨਾਹ ਦੀ ਸਜ਼ਾ ਉਸਦੇ ਪਰਿਵਾਰ ਦੇ ਕਿਸੇ ਹੋਰ ਜੀਅ ਨੂੰ ਨਹੀਂ ਦਿੱਤੀ ਜਾ ਸਕਦੀ ਤੇ ਨਾ ਹੀ ਦੁਸ਼ਮਣ ਦੇ ਬੀਵੀ ਬੱਚਿਆਂ ਨਾਲ ਦੁਸ਼ਮਣ ਵਾਲਾ ਸਲੂਕ ਹੀ ਕੀਤਾ ਜਾ ਸਕਦਾ ਹੈ। ਦੁਨੀਆਂ ਦਾ ਧਰਮ ਕੋਈ ਵੀ ਹੋਵੇ ਪਰ ਆਮ ਇਨਸਾਨ ਦੀ ਸਮਝ ਵਿਚ ਆਉਣ ਵਾਲਾ ਰੱਬ ਅਤੇ ਕੁਦਰਤ ਦਾ ਕਾਨੂੰਨ ਕੇਵਲ ਇਕ ਹੀ ਹੈ ਤੇ ਉਹ ਹੈ ਕਿ 'ਕਿਸੇ ਗੁਨਾਹ ਦੀ ਸਜ਼ਾ ਕੇਵਲ ਗੁਨਾਹ ਕਰਨ ਵਾਲੇ ਨੂੰ ਹੀ ਦਿੱਤੀ ਜਾ ਸਕਦੀ ਹੈ।'

ਪੰਜਾਬ ਵਿਚ ਹੋ ਰਹੀਆਂ ਅਜਿਹੀਆਂ ਕਾਰਵਾਈਆਂ ਨੂੰ ਜੇ ਸਿੱਖ ਇਤਿਹਾਸ

ਦੀ ਕਸਵੱਟੀ 'ਤੇ ਰੱਖ ਕੇ ਵੇਖੀਏ ਤਾਂ ਵੀ ਇਨ੍ਹਾਂ ਦੀ ਪ੍ਰੋੜ੍ਹਤਾ ਕਰਨ ਵਾਲੀ ਕੋਈ ਮਿਸਾਲ ਨਹੀਂ ਲੱਭਦੀ। ਸਿਰਦਾਰ ਕਪੂਰ ਸਿੰਘ ਪੁਰਾਤਨ ਸਿੱਖ ਇਤਿਹਾਸ ਵਿੱਚੋਂ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੇ ਜਾਣ ਦੀ ਇਕ ਘਟਨਾ ਦੀ ਮਿਸਾਲ ਅਕਸਰ ਦਿਆ ਕਰਦੇ ਸਨ। ਇਹ ਘਟਨਾ ਆਨੰਦਪੁਰ ਸਾਹਿਬ ਦੇ ਕੋਲ ਰੰਘੜਾਂ ਦੇ ਇਕ ਪਿੰਡ ਦੀ ਹੈ, ਜਿਥੋਂ ਦੇ ਰੰਘੜ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਨੂੰ ਲੁੱਟ ਲਿਆ ਕਰਦੇ ਸਨ। ਜਦੋਂ ਇਨ੍ਹਾਂ ਰੰਘੜਾਂ ਦੀ ਲੁੱਟ-ਖੋਹ ਸਿੱਖਾਂ ਦੇ ਕਤਲ ਤੇ ਔਰਤਾਂ ਦੀ ਬੇਪੱਤੀ ਤਕ ਵੱਧ ਗਈ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਅਜਿਹੀ ਸਜ਼ੀ ਦੇਣ ਦਾ ਫੈਸਲਾ ਕੀਤਾ ਜੋ ਬਾਕੀਆਂ ਲਈ ਸਬਕ ਦਾ ਕਾਰਨ ਬਣ ਸਕੇ।

ਸਿਰਦਾਰ ਕਪੂਰ ਸਿੰਘ ਜੀ ਅਨੁਸਾਰ ਇਕ ਰਾਤ ਗੁਰੂ ਸਾਹਿਬ ਕੁਝ ਸਿੰਘਾਂ ਨੂੰ ਨਾਲ ਲੈ ਕੇ ਗਏ ਤੇ ਉਸ ਪਿੰਡ ਨੂੰ ਘੇਰਾ ਪਾ ਲਿਆ। ਕੁਝ ਕੁ ਸਿੰਘਾਂ ਨੂੰ, ਔਰਤਾਂ ਤੇ ਬੱਚਿਆਂ ਨੂੰ ਬਾਹਰ ਕੱਢ ਕੇ ਲਿਆਉਣ ਲਈ ਪਿੰਡ ਦੇ ਅੰਦਰ ਭੇਜ ਦਿੱਤਾ। ਜਦੋਂ ਪਿੰਡ ਦੇ ਸਭ ਬੱਚੇ, ਬੁੱਢੇ ਤੇ ਔਰਤਾਂ ਨੂੰ ਬਾਹਰ ਕੱਢ ਲਿਆ ਗਿਆ ਤਾਂ ਗੁਰੂ ਸਾਹਿਬ ਨੇ ਸਿੰਘਾਂ ਨੂੰ ਅੰਦਰ ਭੇਜਿਆ ਅਤੇ ਹੁਕਮ ਕੀਤਾ ਕਿ ਪਿੰਡ ਦਾ ਕੋਈ ਬੰਦਾ ਨਹੀਂ ਬਚਣਾ ਚਾਹੀਦਾ। ਜਦੋਂ ਸਿੰਘ ਆਪਣਾ ਕੰਮ ਮੁਕੰਮਲ ਕਰਕੇ ਵਾਪਸ ਆਏ ਤਾਂ ਗੁਰੂ ਸਾਹਿਬ ਨੇ ਪਿੰਡ ਨੂੰ ਅੱਗ ਲਵਾ ਦਿੱਤੀ ਅਤੇ ਜਦੋਂ ਤਕ ਉਹ ਸੜ ਕੇ ਸਵਾਹ ਨਹੀਂ ਹੋ ਗਿਆ, ਉਥੇ ਹੀ ਮੌਜੂਦ ਰਹੇ। ਉਸ ਪਿੰਡ ਦਾ ਨਾਮੋ-ਨਿਸ਼ਾਨ ਮਿਟਾ ਦੇਣ ਤੋਂ ਬਾਅਦ ਗੁਰੂ ਸਾਹਿਬ ਨੇ ਬਾਹਰ ਇਕੱਠੇ ਕੀਤੇ ਹੋਏ ਬੱਚੇ, ਬੁੱਢੇ ਅਤੇ ਔਰਤਾਂ ਨੂੰ ਕਿਹਾ ਕਿ ਉਹ ਨੇੜੇ-ਤੇੜੇ ਦੇ ਇਲਾਕਿਆਂ ਵਿਚ ਆਪਣੇ ਸਾਕ-ਸਬੰਧੀਆਂ ਦੇ ਘਰ ਚਲੇ ਜਾਣ ਤੇ ਜੋ ਕੁਝ ਇਥੇ ਦੇਖਿਆ ਹੈ, ਸਭ ਉਨ੍ਹਾਂ ਨੂੰ ਜਾ ਕੇ ਦੱਸਣ। ਇਨ੍ਹਾਂ ਪਰਿਵਾਰਾਂ ਨੂੰ ਗੁਰੂ ਸਾਹਿਬ ਨੇ ਸਿੰਘਾਂ ਦੀ ਹਿਫਾਜ਼ਤ ਵਿਚ ਉਨ੍ਹਾਂ ਦੇ ਨੇੜੇ-ਤੇੜੇ ਦੇ ਸਬੰਧੀਆਂ ਦੇ ਘਰੀਂ ਪਹੁੰਚਾਇਆ।

ਇਹ ਵਾਕਿਆ ਮੈਂ ਸਿਰਦਾਰ ਕਪੂਰ ਸਿੰਘ ਜੀ ਦੇ ਮੂੰਹੋਂ ਕਈ ਵਾਰ ਸੁਣਿਆ ਅਤੇ ਉਨ੍ਹਾਂ ਅਨੁਸਾਰ ਇਹ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਵਿਚ ਦਰਜ ਹੈ। ਪਿੰਡ ਦਾ ਨਾਂ ਉਹ ਹਰ ਵਾਰ ਲਿਆ ਕਰਦੇ ਸਨ ਪਰ ਮੈਂ ਭੁੱਲ ਜਾਣ ਕਰਕੇ ਇਥੇ ਨਹੀਂ ਦੇ ਸਕਿਆ।

ਸਿੱਖ ਇਤਿਹਾਸਕ ਪ੍ਰੰਪਰਾਵਾਂ ਅਨੁਸਾਰ ਅਸੀਂ ਇਸ ਘਟਨਾ ਨੂੰ ਕਿਸੇ ਦੋਸ਼ੀ ਨੂੰ ਸਖਤ ਸਜ਼ਾ ਦੇਣ ਲਈ ਇਕ ਮਾਪਦੰਡ ਦੇ ਤੌਰ 'ਤੇ ਸਾਹਮਣੇ ਰੱਖ ਸਕਦੇ ਹਾਂ। ਜਿਸ ਪੂਰੇ ਪਿੰਡ ਨੇ ਇਕ ਨਹੀਂ ਅਨੇਕਾਂ ਗੁਨਾਹ ਕੀਤੇ ਸਨ, ਉਸ ਨੂੰ ਸਜ਼ਾ ਦੇਣ ਲੱਗਿਆਂ ਵੀ ਗੁਰੂ ਸਾਹਿਬ ਨੇ ਬੱਚੇ, ਬੁੱਢੇ ਅਤੇ ਔਰਤਾਂ

ਸਜ਼ਾ ਦੇ ਦਾਇਰੇ ਤੋਂ ਬਾਹਰ ਰੱਖੇ ਸਨ। ਅੱਜ ਅਸੀਂ ਦੁੱਧ ਚੁੰਘਦੇ ਬੱਚਿਆਂ ਦੇ ਕਤਲਾਂ ਨੂੰ ਸਹੀ ਸਾਬਤ ਕਰਨ ਲਈ ਕਿਹੜੀਆਂ ਇਤਿਹਾਸਕ ਰਵਾਇਤਾਂ ਦੀ ਗਵਾਹੀ ਦੇਵਾਂਗੇ?

ਕੁਝ ਇਤਿਹਾਸਕਾਰਾਂ ਅਨੁਸਾਰ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਉਤੇ ਹਮਲੇ ਦੌਰਾਨ ਦੁਸ਼ਮਣਾਂ ਨੂੰ ਸੋਧਣ ਵੇਲੇ, ਬੱਚੇ, ਬੁੱਢੇ ਅਤੇ ਔਰਤਾਂ ਦਾ ਖਿਆਲ ਨਹੀਂ ਸੀ ਰੱਖਿਆ ਗਿਆ, ਪਰ ਇਸਦੇ ਨਾਲ ਹੀ ਕੁਝ ਇਤਿਹਾਸਕਾਰ ਇਸ ਗੱਲ ਦਾ ਜ਼ਿਕਰ ਵੀ ਕਰਦੇ ਹਨ ਕਿ ਬੰਦਾ ਸਿੰਘ ਬਹਾਦਰ ਨੇ ਆਪਣੇ ਅਖੀਰਲੇ ਸਮੇਂ ਆਪਣੀ ਇਸ ਵਧੀਕੀ ਦਾ ਅਹਿਸਾਸ ਵੀ ਕੀਤਾ ਸੀ। ਇਸ ਦੇ ਬਾਵਜੂਦ ਅਸੀਂ ਗੁਰੂ ਸਾਹਿਬ ਤੋਂ ਬਾਅਦ ਦੇ ਦੌਰ ਦੀ ਕਿਸੇ ਇੱਕਾ-ਦੁੱਕਾ ਘਟਨਾ ਦਾ ਹਵਾਲਾ ਦੇ ਕੇ ਆਪਣੀਆਂ ਅਣਮਨੁਖੀ ਕਾਰਵਾਈਆਂ ਲਈ ਸਰਟੀਫਿਕੇਟ ਹਾਸਲ ਨਹੀਂ ਕਰ ਸਕਦੇ।

ਕੁਝ ਵੀਰ ਇਹ ਕਹਿ ਕੇ ਇਨ੍ਹਾਂ ਕਾਰਵਾਈਆਂ ਨੂੰ ਠੀਕ ਸਾਬਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ ਕਿ ਹਿੰਦ ਸਰਕਾਰ ਜਾਂ ਹਿੰਦੂਆਂ ਨੇ ਸਾਡੇ 'ਤੇ ਜ਼ੁਲਮ ਕਰਨ ਲੱਗਿਆਂ ਕਿਹੜੇ ਅਸੂਲ ਦਾ ਖਿਆਲ ਰੱਖਿਆ ਹੈ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਹਿੰਦੂ ਸਰਕਾਰ ਜਾਂ ਹਿੰਦੂਆਂ ਨੇ ਸਿੱਖਾਂ 'ਤੇ ਜ਼ੁਲਮ ਕਰਨ ਲੱਗਿਆਂ ਕਿਸੇ ਕਾਨੂੰਨੀ, ਇਨਸਾਨੀ ਜਾਂ ਇਖ਼ਲਾਕੀ ਕਦਰਾਂ-ਕੀਮਤਾਂ ਦੀ ਪ੍ਰਵਾਹ ਨਹੀਂ ਕੀਤੀ।

ਪਰ ਕੀ ਸਾਡੇ ਦੁਸ਼ਮਣਾਂ ਵਲੋਂ ਕੀਤੇ ਸਿਖ ਬੇਦੋਸ਼ਿਆਂ ਦੇ ਕਤਲ ਸਾਨੂੰ ਵੀ ਅਜਿਹੇ ਕਤਲ ਕਰਨ ਦਾ ਲਾਈਸੈਂਸ ਦਿੰਦੇ ਹਨ? ਜੇ ਇਹੀ ਗੱਲ ਹੈ ਤਾਂ ਦੁਸ਼ਮਣ ਵਿਚ ਤੇ ਸਾਡੇ ਵਿਚ ਕੀ ਫਰਕ ਰਹਿ ਜਾਂਦਾ ਹੈ? ਜੇ ਇਹੀ ਗੱਲ ਹੈ ਤਾਂ ਉਹ ਕਿਹੜੀ ਉੱਚਤਾ ਹੈ ਜੋ ਗੁਰੂ ਸਾਹਿਬਾਨ ਦੇ ਸਿਧਾਂਤ ਨੇ ਸਾਨੂੰ ਦਿੱਤੀ, ਜਿਸਨੂੰ ਕਾਇਮ ਰੱਖਣ ਲਈ ਅਸੀਂ ਵੱਖਰੇ ਰਾਜ ਦੀ ਸਥਾਪਨਾ ਲਈ ਲੜ ਰਹੇ ਹਾਂ?

ਅੱਜ ਦੀ ਸਥਿਤੀ ਵਿਚ ਕੌਮੀ ਆਜ਼ਾਦੀ ਦੀ ਕੋਈ ਜੰਗ, ਦਸ ਵੀਹ ਟੱਬਰਾਂ ਦਾ ਸਫਾਇਆ ਕਰਕੇ, ਜਾਂ ਕੁਝ ਹੋਰ ਬੰਬ ਧਮਾਕੇ ਕਰਕੇ ਹੀ ਨਹੀਂ ਜਿੱਤੀ ਜਾ ਸਕਦੀ। ਹਥਿਆਰ ਦੇ ਨਾਲ ਜੇ ਵਿਚਾਰ ਨਾ ਹੋਵੇ ਤਾਂ ਹਥਿਆਰ ਆਪਣੇ-ਆਪ ਲਈ ਹੀ ਘਾਤਕ ਬਣ ਜਾਂਦਾ ਹੈ। ਸਹੀ ਦਿਸ਼ਾ ਵਿਚ ਕੀਤੀਆਂ ਹੋਈਆਂ ਹਥਿਆਰਬੰਦ ਕਾਰਵਾਈਆਂ ਦਾ ਲਾਭ ਵੀ ਤਹਿਰੀਕ ਨੂੰ ਉਸੇ ਸੂਰਤ ਵਿਚ ਪਹੁੰਚਾਇਆ ਜਾ ਸਕਦਾ ਹੈ ਜੇ ਉਨ੍ਹਾਂ ਕਾਰਵਾਈਆਂ ਨਾਲ ਜੁੜੇ ਮੰਤਵ ਨੂੰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਦੁਨੀਆਂ ਤਕ ਪਹੁੰਚਾਇਆ ਜਾਵੇ।

"ਪਿਛਲੇ ਕੁਝ ਅਰਸੇ ਦੀ ਸਿੱਖ ਤਹਿਰੀਕ ਵਿਚ ਇਹ ਰੁਝਾਨ ਵੀ ਬੜੀ ਤੇਜ਼ੀ ਨਾਲ ਪ੍ਰਵਾਨ ਚੜ੍ਹਿਆ ਹੈ ਕਿ ਜੋ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਉਹ ਗ਼ੱਦਾਰ ਹੈ।"

ਸਿੱਖ ਤਹਿਰੀਕ ਅਤੇ ਤੀਜੀ ਧਿਰ

ਅਕਤੂਬਰ 1988

ਅੱਜ ਸਿੱਖ ਤਹਿਰੀਕ ਵਿਚ 'ਤੀਜੀ ਧਿਰ' ਦੇ ਰੋਲ ਦੀ ਬਹੁਤ ਚਰਚਾ ਹੈ। ਜਥੇਬੰਦੀਆਂ ਵਿਚ ਵਿਚਾਰਕ ਮਤਭੇਦਾਂ ਤੋਂ ਲੈ ਕੇ ਇਕ ਦੂਜੇ ਦੀਆਂ ਪੱਗਾਂ ਉਛਾਲਣ ਤਕ, ਅੱਜ ਅਸੀਂ ਹਰ ਗੱਲ ਲਈ 'ਤੀਜੀ ਧਿਰ' ਨੂੰ ਦੋਸ਼ੀ ਕਰਾਰ ਦੇ ਰਹੇ ਹਾਂ। 'ਤੀਜੀ ਧਿਰ' ਤੋਂ ਸਾਡੀ ਮੁਰਾਦ ਹਿੰਦ ਸਰਕਾਰ ਦੀਆਂ ਖੁਫ਼ੀਆ ਏਜੰਸੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਏਜੰਟ ਵੱਖ-ਵੱਖ ਸਿੱਖ ਜਥੇਬੰਦੀਆਂ ਵਿਚ ਦਾਖਲ ਹੋ ਕੇ ਆਪਣੇ ਹਥਕੰਡਿਆਂ ਨਾਲ ਸਿੱਖ ਤਹਿਰੀਕ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੇ ਹਨ। ਇਹਦੇ ਵਿਚ ਤਾਂ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਹਿੰਦ ਸਰਕਾਰ ਦੀਆਂ ਖੁਫੀਆ ਏਜੰਸੀਆਂ ਸਾਡੇ ਵਿਚ ਪੂਰੀ ਤਰ੍ਹਾਂ ਸਰਗਰਮ ਹਨ ਪਰ ਇਹ ਕੋਈ ਨਵੀਂ ਜਾਂ ਵੱਖਰੀ ਗੱਲ ਤਾਂ ਨਹੀਂ, ਜਿਸਦਾ ਸਾਨੂੰ ਸਾਹਮਣਾ

ਕਰਨਾ ਪੈ ਰਿਹਾ ਹੈ। ਦੁਨੀਆ ਦਾ ਕਿਹੜਾ ਮੁਲਕ ਜਾਂ ਕਿਹੜੀ ਹਕੂਮਤ ਹੈ ਜਿਹੜੀ ਆਪਣੇ ਮੁਖਾਲਫਾਂ ਨੂੰ ਕੁਚਲਣ ਲਈ ਅਜਿਹੇ ਹਥਕੰਡਿਆਂ ਦਾ ਇਸਤੇਮਾਲ ਨਹੀਂ ਕਰਦੀ।

'ਤੀਜੀ ਧਿਰ' ਨੂੰ ਸਫਲਤਾ ਉਸ ਵੇਲੇ ਮਿਲਦੀ ਹੈ ਜਦੋਂ ਅਸੀਂ ਜਾਣੇ-ਅਣਜਾਣੇ ਉਸਦੇ ਹੱਥਾਂ ਵਿਚ ਖੇਡ ਜਾਂਦੇ ਹਾਂ। ਉਸਦੀ ਸਫਲਤਾ ਦਾ ਕਾਰਨ ਸਾਡੀਆਂ ਕਮਜ਼ੋਰੀਆਂ ਅਤੇ ਖ਼ੁਦਗਰਜ਼ੀਆਂ ਹੀ ਹੁੰਦੀਆਂ ਹਨ।

ਪਿਛਲੇ ਕੁਝ ਅਰਸੇ ਦੀ ਸਿੱਖ ਤਹਿਰੀਕ ਵਿਚ ਇਹ ਰੁਝਾਨ ਵੀ ਬੜੀ ਤੇਜ਼ੀ ਨਾਲ ਪ੍ਰਵਾਨ ਚੜ੍ਹਿਆ ਹੈ ਕਿ ਜੋ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਉਹ ਗ਼ੱਦਾਰ ਹੈ। ਜੇ ਵੱਸ ਲੱਗੇ ਤਾਂ ਉਸਨੂੰ ਸੋਧ ਦਿਓ। ਸਥਿਤੀ ਇਹ ਹੈ ਕਿ ਜੇ 'ਏ', 'ਬੀ' ਲਈ ਗ਼ੱਦਾਰ ਹੈ ਤਾਂ 'ਬੀ', 'ਏ' ਲਈ ਗ਼ੱਦਾਰ ਹੈ।

ਚਾਹੀਦਾ ਇਹ ਹੈ ਕਿ ਅਸੀਂ ਸਮਾਂ ਪਛਾਣੀਏ ਅਤੇ ਹਰ ਇਕ ਨੂੰ ਆਪਣਾ ਦੁਸ਼ਮਣ ਮੰਨਣ ਦੀ ਬਿਮਾਰ ਮਾਨਸਿਕਤਾ ਨੂੰ ਤਿਆਗੀਏ। ਦਿੱਲੀ ਹਕੂਮਤ ਦੇ ਵਿਰੁੱਧ ਕੌਮੀ ਹੱਕਾਂ ਲਈ ਲੜ ਰਹੀਆਂ ਧਿਰਾਂ ਵਿਚ ਕਿਸੇ ਵਿਸ਼ੇ 'ਤੇ ਮਤਭੇਦ ਹੋਣਾ ਕੋਈ ਮਾੜੀ ਗੱਲ ਨਹੀਂ। ਪਰ ਟਕਰਾਓ ਹੋਣਾ ਪੰਥ ਅਤੇ ਮਕਸਦ ਲਈ ਹਾਨੀਕਾਰਕ ਜ਼ਰੂਰ ਹੈ।

ਅਜਿਹੇ ਸੰਘਰਸ਼ ਅਕਸਰ ਉਮਰਾਂ ਲੰਮੇ ਹੋ ਜਾਇਆ ਕਰਦੇ ਹਨ। ਸਾਨੂੰ ਦਿਨਾਂ ਵਿੱਚ ਮੰਜ਼ਿਲ ਮਾਰ ਲੈਣ ਦੀ ਉਮੀਦ ਰੱਖ ਕੇ ਨਹੀਂ ਤੁਰਨਾ ਚਾਹੀਦਾ, ਅਜਿਹੀ ਸਥਿਤੀ ਵਿਚ ਹੰਭ ਜਾਣ ਦਾ ਡਰ ਰਹਿੰਦਾ ਹੈ। ਲੰਮੀ ਲੜਾਈ ਲੜਨ ਲਈ ਪੰਥਕ ਜਥੇਬੰਦੀਆਂ ਵਿਚਕਾਰ ਮਿਲਵਰਤਣ ਦੀ ਭਾਵਨਾ, ਸੰਤੁਲਤ ਰਵਈਆ ਅਤੇ ਦੂਰ ਅੰਦੇਸ਼ੀ ਦੀ ਲੋੜ ਹੈ। ਤੀਜੀ ਧਿਰ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਇਹ ਹੀ ਸਭ ਤੋਂ ਕਾਰਗਰ ਹਥਿਆਰ ਸਿੱਧ ਹੋ ਸਕਦਾ ਹੈ।

"ਸ਼ਖ਼ਸੀਅਤ-ਪ੍ਰਸਤੀ ਅਤੇ ਸਿਧਾਂਤ-ਪ੍ਰਸਤੀ ਦੀ ਲੜਾਈ ਵਿਚ, ਇਤਿਹਾਸ ਗਵਾਹ ਹੈ, ਜਿੱਤ ਹਮੇਸ਼ਾਂ ਸਿਧਾਂਤ ਦੀ ਹੁੰਦੀ ਹੈ ਅਤੇ ਸ਼ਖ਼ਸੀਅਤ-ਪ੍ਰਸਤ ਆਪਣੇ ਵਖਰੇਵਿਆਂ ਕਰਕੇ, ਪੰਥ ਦੀ ਮੂਲ ਧਾਰਾ ਤੋਂ ਟੁੱਟ ਕੇ, ਇੱਕ ਫਿਰਕੇ ਜਾਂ ਡੇਰੇ ਦੇ ਰੂਪ ਵਿਚ ਸੁੰਗੜ ਕੇ ਰਹਿ ਜਾਂਦੇ ਹਨ।"

ਸਿਧਾਂਤ ਅਤੇ ਸ਼ਖ਼ਸੀਅਤ ਦਾ ਟਕਰਾਓ

ਜਨਵਰੀ 1989

ਯੂ. ਕੇ. ਤੋਂ ਨਿਕਲਦੇ ਪੰਜਾਬੀ ਦੇ ਸਪਤਾਹਿਕ ਪਰਚੇ 'ਆਵਾਜ਼ਿ ਕੌਮ' ਵਿਚ "ਦਰਸ਼ਨ ਸਿੰਘ ਦੇ ਨਾਂ ਖੁੱਲ੍ਹੀ ਚਿੱਠੀ" ਦੇ ਸਿਰਲੇਖ ਹੇਠ ਜਥੇਦਾਰ ਸੰਤ ਸਿੰਘ ਤੇਗ਼ ਦੀ ਇਕ ਲਿਖਤ ਲੜੀਵਾਰ ਛਪ ਰਹੀ ਹੈ। ਪਰਚੇ ਦੇ 27 ਅਕਤੂਬਰ, 1988 ਦੇ ਅੰਕ ਵਿਚ ਇਸ ਖੁੱਲ੍ਹੀ ਚਿੱਠੀ ਦੀ ਜੋ ਕਿਸ਼ਤ ਛਪੀ ਹੈ, ਉਸ ਵਿੱਚ ਤੇਗ਼ ਸਾਹਿਬ ਨੇ ਮੰਜੀ ਸਾਹਿਬ, ਅੰਮ੍ਰਿਤਸਰ, ਨੀਲਾ ਤਾਰਾ ਅਪਰੇਸ਼ਨ ਤੋਂ ਪਹਿਲਾਂ ਵਿਸਾਖੀ ਦੇ ਇਕੱਠ ਵਿੱਚ ਪ੍ਰਗਟਾਏ ਹੋਏ ਆਪਣੇ ਵਿਚਾਰ ਇਨ੍ਹਾਂ ਲਫ਼ਜ਼ਾਂ ਵਿਚ ਅੰਕਿਤ ਕੀਤੇ ਹਨ, "ਦਾਸ ਨੇ ਖਾਲਸੇ ਦੇ ਜਨਮ ਦਿਵਸ ਦੀ ਵਧਾਈ ਦੇਣ ਤੋਂ ਬਾਅਦ ਪੰਥ ਦੇ ਵਾਲੀ ਦਾ ਵਾਸਤਾ ਪਾਉਂਦੇ ਹੋਏ ਅਕਾਲੀਆਂ ਪਾਸ ਅਪੀਲ

ਕੀਤੀ ਕਿ ਆਪ ਇਕ ਹੋ ਜਾਓ। ਆਪ ਨੇ ਜੇ ਤੱਤ ਖਾਲਸਾ ਜੋ ਗ਼ੱਦਾਰ ਸਨ, ਵਾਂਗ ਬਾਬਾ ਬੰਦਾ ਬਹਾਦਰ ਵਾਲਾ ਸਲੂਕ ਮਹਾਂ ਬਲੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨਾਲ ਕੀਤਾ ਤਾਂ ਇਹ ਹੱਠੀ ਸਿੱਖ ਗੁਰੂ ਦੇ ਸਨਮੁੱਖ ਸ਼ਹੀਦੀ ਪਾ ਜਾਣਗੇ ਪਰ ਪੰਥ ਆਪ ਨੂੰ ਮਾਫ ਨਹੀਂ ਕਰੇਗਾ...।" ਤੇਗ਼ ਸਾਹਿਬ ਆਪਣੀ ਇਸ ਖੁੱਲ੍ਹੀ ਚਿੱਠੀ ਵਿੱਚ ਜੋ ਵਿਚਾਰ ਪ੍ਰਗਟਾਅ ਰਹੇ ਹਨ, ਸਮੁੱਚੇ ਰੂਪ ਵਿੱਚ ਮੈਂ ਉਸ ਬਾਰੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ।

ਵਿਚਾਰ ਆਪਣੇ-ਆਪਣੇ ਅਤੇ ਵਿਚਾਰਾਂ ਨੂੰ ਪੇਸ਼ ਕਰਨ ਦਾ ਅੰਦਾਜ਼ ਵੀ ਆਪਣਾ-ਆਪਣਾ। ਤੇਗ਼ ਸਾਹਿਬ ਦੀ ਜਾਤ ਬਾਰੇ ਵੀ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। 'ਆਵਾਜ਼ਿ ਕੌਮ' ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵੱਲੋਂ ਕੱਢਿਆ ਜਾ ਰਿਹਾ ਇਕ ਪੰਜਾਬੀ ਪਰਚਾ ਹੈ ਅਤੇ ਪੰਥ ਦੀ ਗੱਲ ਕਰਨ ਵਾਲੇ ਹਰ ਪਰਚੇ ਨੂੰ ਮੈਂ ਸਤਿਕਾਰ ਦਾ ਹੱਕਦਾਰ ਸਮਝਦਾ ਹਾਂ।

ਇਸ ਖੁੱਲ੍ਹੀ ਚਿੱਠੀ ਦੇ ਜਿਨ੍ਹਾਂ ਲਫਜ਼ਾਂ ਨੇ ਮੇਰੇ ਜਜ਼ਬਾਤਾਂ ਨੂੰ ਸੱਟ ਮਾਰੀ ਹੈ ਅਤੇ ਮੈਨੂੰ ਇਹ ਜਵਾਬੀ ਲਫਜ਼ ਲਿਖਣ ਲਈ ਟੁੰਬਿਆ ਹੈ, ਉਹ ਇਹ ਹਨ "ਤੱਤ ਖਾਲਸਾ ਜੋ ਗ਼ੱਦਾਰ ਸਨ"। ਇਨ੍ਹਾਂ ਲਫਜ਼ਾਂ ਉਤੇ ਟਿੱਪਣੀ ਕਰਨ ਤੋਂ ਪਹਿਲਾਂ ਮੈਂ ਉਪਰੋਕਤ ਭੂਮਿਕਾ ਇਸ ਕਰਕੇ ਬੰਨ੍ਹੀ ਹੈ ਤਾਂ ਜੋ ਮੇਰੇ ਲਫਜ਼ਾਂ ਨੂੰ ਗਲਤ ਅਰਥ ਨਾ ਪਹਿਨਾਏ ਜਾ ਸਕਣ ਅਤੇ ਲਫਜ਼ਾਂ ਨੂੰ ਉਨ੍ਹਾਂ ਦੀ ਅਸਲ ਭਾਵਨਾ ਨਾਲ ਲਿਆ ਜਾਵੇ।

ਸਿੱਖ ਇਤਿਹਾਸ ਵਿਚ "ਤੱਤ ਖਾਲਸਾ" ਦੇ ਨਾਲ ਜੋ ਦੂਜਾ ਲਫਜ਼ ਜੁੜਿਆ ਹੋਇਆ ਹੈ, ਉਹ ਹੈ 'ਬੰਦਈ ਖਾਲਸਾ'। 'ਤੱਤ ਖਾਲਸਾ' ਤੇ 'ਬੰਦਈ ਖਾਲਸਾ' ਦਾ ਝਗੜਾ ਗੁਰੂ ਕਾਲ ਤੋਂ ਬਾਅਦ ਪੰਥ ਦੀ ਪਹਿਲੀ ਅੰਦਰੂਨੀ ਲੜਾਈ ਮੰਨੀ ਜਾਂਦੀ ਹੈ। ਸੰਨ 1708 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਤੋਂ ਮਾਧੋਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ, ਬੰਦਾ ਸਿੰਘ ਬਣਾ ਕੇ ਪੰਜਾਬ ਵੱਲ ਰਵਾਨਾ ਕੀਤਾ। ਬੰਦਾ ਬਹਾਦਰ ਨੂੰ ਗੁਰੂ ਸਾਹਿਬ ਨੇ ਪੰਥ ਦੇ, ਸੰਘਰਸ਼ ਵਿਚ ਜਥੇਦਾਰੀ ਸੌਂਪੀ ਸੀ ਅਤੇ ਨਾਲ ਪੰਜ ਸਿੰਘ ਨਾਮਜ਼ਦ ਕੀਤੇ ਸਨ, ਜਿਨ੍ਹਾਂ ਦੀ ਸਲਾਹ ਨਾਲ ਉਸਨੂੰ ਚੱਲਣ ਦਾ ਹੁਕਮ ਸੀ। ਇਨ੍ਹਾਂ ਪੰਜਾਂ ਸਿੰਘਾਂ ਦੇ ਨਾਂ ਸਨ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਯਾ ਸਿੰਘ ਅਤੇ ਭਾਈ ਰਣ ਸਿੰਘ। ਗੁਰੂ ਸਾਹਿਬ ਨੇ ਬੰਦਾ ਬਹਾਦਰ ਨੂੰ ਪੰਜ ਤੀਰ, ਇਕ ਨਗਾਰਾ, ਨਿਸ਼ਾਨ ਸਾਹਿਬ ਤੇ ਵੱਖ-ਵੱਖ ਸੰਗਤਾਂ ਤੇ ਸਿੱਖ ਸਰਦਾਰਾਂ ਦੇ ਨਾਂ ਹੁਕਮਨਾਮੇ ਵੀ ਲਿਖਕੇ ਦਿੱਤੇ।

ਬੰਦਾ ਬਹਾਦਰ ਨੇ ਪੰਜਾਬ ਆ ਕੇ ਜ਼ਾਲਮਾਂ ਤੇ ਵੈਰੀਆਂ ਦੇ ਆਹੂ ਲਾਹੇ ਅਤੇ ਧਰਤੀ 'ਤੇ ਪਹਿਲੀ ਖਾਲਸਈ ਹਕੂਮਤ ਸਥਾਪਤ ਕੀਤੀ। ਨਾਨਕਸ਼ਾਹੀ ਸਿੱਕੇ ਅਤੇ ਗੁਰੂ ਦੇ ਨਾਂ 'ਤੇ ਮੋਹਰ ਚਾਲੂ ਕੀਤੀ। ਇਹ ਖਾਲਸਈ ਹਕੂਮਤ ਬਹੁਤ ਪੱਕੇ ਪੈਰੀਂ ਨਹੀਂ ਸੀ, ਟਕਰਾਓ ਚਲਦਾ ਰਹਿੰਦਾ ਸੀ, ਕਦੇ ਸਿੰਘਾਂ ਦਾ ਹੱਥ ਉਤੇ ਹੋ ਜਾਂਦਾ ਅਤੇ ਕਦੇ ਮੁਗ਼ਲਾਂ ਦਾ। ਅਪ੍ਰੈਲ 1715 ਵਿਚ ਬੰਦਾ ਬਹਾਦਰ ਦੀ ਅਗਵਾਈ ਵਿਚ ਲੜਦਾ ਜੁਝਾਰੂ ਖਾਲਸਾ, ਗੁਰਦਾਸਪੁਰ ਜ਼ਿਲੇ ਵਿਚ, ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਿਆ। ਏਸ ਘੇਰੇ ਦੌਰਾਨ ਪਹਿਲੀ ਵਾਰ ਪੰਥ ਵਿੱਚ ਫੁੱਟ ਉਭਰ ਕੇ ਸਾਹਮਣੇ ਆਈ, ਬੰਦਾ ਬਹਾਦਰ ਦੇ ਹਾਮੀਆਂ ਅਤੇ ਉਸਦੇ ਵਿਰੋਧੀਆਂ ਦੇ ਰੂਪ ਵਿਚ। ਜਿਨ੍ਹਾਂ ਸਿੰਘਾਂ ਦਾ ਬੰਦਾ ਬਹਾਦਰ ਨਾਲ ਵਿਰੋਧ ਪੈਦਾ ਹੋ ਗਿਆ ਸੀ, ਉਹ ਭਾਈ ਬਿਨੋਦ ਸਿੰਘ ਦੀ ਅਗਵਾਈ ਵਿਚ, ਮੁਗ਼ਲਾਂ ਦਾ ਘੇਰਾ ਤੋੜਦੇ ਹੋਏ ਗੁਰਦਾਸ ਨੰਗਲ ਦੀ ਗੜ੍ਹੀ ਛੱਡ ਕੇ ਬਾਹਰ ਨਿਕਲ ਗਏ।

ਤਕਰੀਬਨ ਨੌਂ ਮਹੀਨੇ ਦੇ ਘੇਰੇ ਤੋਂ ਬਾਅਦ, ਮੁਗ਼ਲ ਹਕੂਮਤ ਵੱਲੋਂ ਦਿੱਤੀਆਂ ਗਈਆਂ ਕੁਝ ਯਕੀਨ ਦਹਾਨੀਆਂ ਦੇ ਆਧਾਰ 'ਤੇ 17 ਦਸੰਬਰ, 1775 ਨੂੰ ਗੁਰਦਾਸ ਨੰਗਲ ਦੀ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਸਿੰਘਾਂ ਨੇ ਸਮਝੌਤੇ ਦਾ ਇਹ ਰਾਹ ਬਹੁਤ ਭਾਰੀ ਕਸ਼ਟ ਸਹਿਣ ਤੋਂ ਬਾਅਦ ਚੁਣਿਆ ਸੀ। ਮੁਗ਼ਲ ਫੌਜਾਂ ਨੇ ਆਪਣੀਆਂ ਸਾਰੀਆਂ ਯਕੀਨ ਦਹਾਨੀਆਂ ਅਤੇ ਵਾਅਦਿਆਂ ਨੂੰ ਛਿੱਕੇ ਟੰਗ ਕੇ, ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ 740 ਸਾਥੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਅੰਤ 19 ਜੂਨ, 1716 ਤਕ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਰੇ ਸਾਥੀਆਂ ਨੂੰ ਭਾਰੀ ਤਸੀਹੇ ਦੇਣ ਤੋਂ ਬਾਅਦ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।

ਕੁਝ ਇਤਿਹਾਸਕਾਰਾਂ ਅਨੁਸਾਰ 1720 ਦੀ ਦੀਵਾਲੀ ਨੂੰ ਅਤੇ ਕੁਝ ਅਨੁਸਾਰ 1721 ਦੀ ਵਿਸਾਖੀ ਨੂੰ, ਪੰਥ ਦੇ ਸ੍ਰੀ ਦਰਬਾਰ ਸਾਹਿਬ ਵਿਚ ਹੋਏ ਇਕ ਭਾਰੀ ਇੱਕਠ ਵਿਚ ਪਹਿਲੀ ਵਾਰ 'ਤੱਤ ਖਾਲਸਾ' ਅਤੇ 'ਬੰਦਈ ਖਾਲਸਾ' ਦਾ ਖੁੱਲ੍ਹਾ ਟਕਰਾਓ ਹੋਇਆ। 'ਤੱਤ ਖਾਲਸਾ' ਅਤੇ 'ਬੰਦਈ ਖਾਲਸਾ' ਵਿਚ ਮਤ-ਭੇਦ ਦੇ ਟਕਰਾਓ ਦੇ ਕਾਰਨ ਵੱਖ-ਵੱਖ ਇਤਿਹਾਸਕਾਰਾਂ ਨੇ ਵੱਖ-ਵੱਖ ਦਿੱਤੇ ਹਨ। ਕਈਆਂ ਨੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਉਤੇ ਗੁਰੂ ਤੋਂ ਬੇਮੁਖ ਹੋਣ ਅਤੇ ਇੱਥੋਂ ਤਕ ਕਿ ਉਸ ਉਤੇ ਆਪਣੇ-ਆਪ ਨੂੰ ਗੁਰੂ ਸਦਵਾਉਣ ਦਾ ਦੋਸ਼ ਵੀ ਲਗਾਇਆ ਹੈ। ਪਰ ਬੰਦਾ ਬਹਾਦਰ ਦੀ ਸਿੱਖੀ ਮਾਰਗ 'ਤੇ ਚਲਦੇ ਹੋਏ ਸਿੱਦਕ ਦਿਲੀ ਨਾਲ ਦਿੱਤੀ ਹੋਈ ਸ਼ਹਾਦਤ ਇਸ ਦੋਸ਼ ਨੂੰ ਨਕਾਰਨ ਲਈ ਕਾਫੀ ਹੈ।

ਇਸ ਵਿਸ਼ੇ 'ਤੇ ਸਿੱਖ ਇਤਿਹਾਸਕਾਰਾਂ ਦੀਆਂ ਨਵੀਆਂ ਖੋਜਾਂ, ਖਾਸ ਕਰਕੇ ਡਾ. ਗੰਡਾ ਸਿੰਘ ਜੀ ਦੀ, ਬੰਦਾ ਬਹਾਦਰ ਦੇ ਰੋਲ ਨੂੰ ਬੜੇ ਹੀ ਸਹੀ ਰੂਪ ਵਿੱਚ ਪੇਸ਼ ਕਰਦੀ ਹੈ।

'ਤੱਤ ਖਾਲਸਾ' ਅਤੇ 'ਬੰਦਈ ਖਾਲਸਾ' ਵਿਚ ਜੋ ਮਤ-ਭੇਦ ਉਭਰ ਕੇ ਸਾਹਮਣੇ ਆਏ, ਉਹ ਮੁੱਖ ਰੂਪ ਵਿਚ ਤਿੰਨ ਗੱਲਾਂ 'ਤੇ ਸਨ। 'ਬੰਦਈ ਖਾਲਸਾ' 'ਵਾਹਿਗੁਰੂ ਜੀ ਕੀ ਫਤਿਹ' ਦੀ ਥਾਂ ਤੇ 'ਫਤਿਹ ਦਰਸ਼ਨ' ਦਾ ਜੈਕਾਰਾ ਗਜਾਉਣ ਲੱਗ ਪਿਆ ਸੀ, ਬਾਣਾ ਨੀਲੇ ਦੀ ਥਾਂ 'ਤੇ ਭਗਵੇ ਰੰਗ ਨੂੰ ਤਰਜੀਹ ਦੇਣ ਲੱਗ ਗਿਆ ਸੀ ਅਤੇ ਮਾਸ ਖਾਣ ਦਾ ਵਿਰੋਧ ਕਰਨ ਲੱਗ ਪਿਆ ਸੀ। ਇਤਿਹਾਸ ਦੀ ਨਵੀਨ ਖੋਜ, ਬੰਦਾ ਬਹਾਦਰ ਨੂੰ ਗੁਰੂ ਤੋਂ ਬੇ-ਮੁੱਖ ਹੋਣ ਦਾ ਦੋਸ਼ੀ ਤਾਂ ਨਹੀਂ ਮੰਨਦੀ ਪਰ ਇਸ ਗੱਲ 'ਤੇ ਘੱਟ ਜਾਂ ਵੱਧ ਮੁਤਫਿਕ ਜ਼ਰੂਰ ਹੈ ਕਿ ਬੰਦਾ ਬਹਾਦਰ ਨੇ ਆਪਣੇ ਕੁਝ ਜ਼ਿਆਦਾ ਹੀ ਜਜ਼ਬਾਤੀ ਸ਼ਰਧਾਲੂਆਂ ਨੂੰ ਸ਼ਖਸੀਅਤ ਪ੍ਰਸਤੀ ਲਈ ਜੇ ਉਤਸ਼ਾਹਿਤ ਨਾ ਕੀਤਾ ਤਾਂ ਟੋਕਿਆ ਵੀ ਨਹੀਂ।

ਬਾਬਾ ਬੰਦਾ ਸਿੰਘ ਬਹਾਦਰ, ਸਿੰਘ ਸਜਣ ਤੋਂ ਪਹਿਲਾਂ ਵੈਸ਼ਨਵ ਮੱਤ ਦਾ ਇਕ ਬੈਰਾਗੀ ਸਾਧੂ ਸੀ। ਸਿੰਘ ਸਜਣ ਤੋਂ ਬਾਅਦ ਉਹ ਫੌਰੀ ਤੌਰ 'ਤੇ ਪੰਜਾਬ ਵੱਲ ਰਵਾਨਾ ਹੋ ਗਿਆ ਸੀ। ਗੁਰੂ ਦੀ ਸੰਗਤ ਜਾਂ ਸਿੱਖ ਸਿਧਾਂਤਾਂ ਅਨੁਸਾਰ ਢਲਣ ਦਾ ਉਸਨੂੰ ਕੋਈ ਬਹੁਤਾ ਸਮਾਂ ਨਹੀਂ ਸੀ ਮਿਲਿਆ। ਸ਼ਾਇਦ ਇਸੇ ਲਈ ਉਹ ਸਿੰਘ ਸੱਜਣ ਤੋਂ ਬਾਅਦ ਵੀ ਆਪਣੇ ਪਿਛਲੇ ਸੰਸਕਾਰਾਂ ਦੇ ਪ੍ਰਭਾਵ ਵਿੱਚੋਂ ਪੂਰੀ ਤਰ੍ਹਾਂ ਨਿਕਲ ਨਹੀਂ ਸਕਿਆ। ਇਹ ਇਨਸਾਨੀ ਫਿਤਰਤ ਹੈ, ਜਦੋਂ ਵੀ ਕੋਈ ਮਹਾਨ ਸ਼ਖਸੀਅਤ ਉਭਰਦੀ ਹੈ, ਕੁਝ ਲੋਕ ਉਸ ਨਾਲ ਜਜ਼ਬਾਤੀ ਰੂਪ ਵਿਚ ਜੁੜ ਜਾਂਦੇ ਹਨ। ਅਜਿਹੇ ਜਜ਼ਬਾਤੀ ਲੋਕਾਂ ਲਈ ਦੁਨੀਆਂ ਦੀ ਹਰ ਚੀਜ਼ ਉਸ ਸ਼ਖਸੀਅਤ ਤੋਂ ਛੋਟੀ ਹੋ ਜਾਂਦੀ ਹੈ ਤੇ ਫਿਰ ਹੌਲੀ-ਹੌਲੀ ਸ਼ਖਸੀਅਤ ਨਾਲ ਜੁੜੇ ਇਹ ਲੋਕ ਸਮੁੱਚੀ ਇਕਾਈ ਤੋਂ ਕੁਝ ਵੱਖਰੇ-ਵੱਖਰੇ ਨਜ਼ਰ ਆਉਣ ਲੱਗਦੇ ਹਨ। ਜਦੋਂ ਅਜਿਹੀ ਸ਼ਖਸੀਅਤ ਸਰੀਰਕ ਤੌਰ 'ਤੇ ਦੁਨੀਆਂ ਵਿੱਚੋਂ ਚਲੀ ਜਾਂਦੀ ਹੈ ਤਾਂ ਉਸ ਨਾਲ ਜਜ਼ਬਾਤੀ ਰੂਪ ਵਿਚ ਜੁੜਿਆ ਹੋਇਆ ਵਿਸ਼ੇਸ਼ ਤਬਕਾ ਆਪਣਾ ਹਿੱਤ ਆਪਣੀ ਵੱਖਰੀ ਪਛਾਣ ਬਣਾਈ ਰੱਖਣ ਵਿਚ ਹੀ ਸਮਝਦਾ ਹੈ।

ਜਿਨ੍ਹਾਂ ਸਿੰਘਾਂ ਨੇ ਬੰਦਾ ਸਿੰਘ ਬਹਾਦਰ ਨਾਲ ਮਤ-ਭੇਦਾਂ ਕਰਕੇ ਗੁਰਦਾਸ ਨੰਗਲ ਦੀ ਗੜ੍ਹੀ ਛੱਡੀ ਸੀ, ਉਸਦੇ ਆਗੂ ਭਾਈ ਬਿਨੋਦ ਸਿੰਘ, ਦਸਮ ਪਾਤਿਸ਼ਾਹ ਵੱਲੋਂ ਬੰਦਾ ਸਿੰਘ ਬਹਾਦਰ ਨਾਲ ਭੇਜੇ ਗਏ ਪੰਜਾਂ ਵਿੱਚੋਂ ਇਕ ਸਨ। ਸੰਨ 1720-21 ਵਿਚ ਜਦੋਂ ਸ੍ਰੀ ਦਰਬਾਰ ਸਾਹਿਬ ਵਿਖੇ "ਤੱਤ ਖਾਲਸਾ" ਅਤੇ

"ਬੰਦਈ ਖਾਲਸਾ" ਦਾ ਟਕਰਾਓ ਹੋਇਆ ਤਾਂ "ਤੱਤ ਖਾਲਸਾ" ਦੀ ਅਗਵਾਈ ਕਰਨ ਵਾਲੇ ਭਾਈ ਕਾਹਨ ਸਿੰਘ, ਭਾਈ ਬਿਨੋਦ ਸਿੰਘ ਦੇ ਹੀ ਸਪੁੱਤਰ ਸਨ। 'ਬੰਦਈ ਖਾਲਸਾ' ਇਕ ਸ਼ਖ਼ਸੀਅਤ ਨਾਲ ਜੁੜਿਆ ਹੋਇਆ ਸੀ ਤੇ ਤੱਤ ਖਾਲਸਾ ਸਿਧਾਂਤਾਂ ਨਾਲ। ਇਸ ਟਕਰਾਓ ਦਾ ਮੂਲ ਕਾਰਨ ਸ਼ਖ਼ਸੀਅਤ ਨੂੰ ਸਿਧਾਂਤਾਂ ਉਤੇ ਹਾਵੀ ਕਰਨ ਦੀ ਕੋਸ਼ਿਸ਼ ਹੀ ਸੀ। ਇਨ੍ਹਾਂ ਸਿਧਾਂਤਕ ਮਤ-ਭੇਦਾਂ ਤੋਂ ਇਲਾਵਾ ਕੁਝ ਮਤ-ਭੇਦ ਲੜਾਈ ਦੀ ਨੀਤੀ ਸਬੰਧੀ ਵੀ ਸਨ।

1720-21 ਵਿਚ ਜਦੋਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਅਤੇ ਚੜ੍ਹਾਵੇ ਦੇ ਮਸਲੇ 'ਤੇ ਝਗੜਾ ਹੋਇਆ ਤਾਂ ਭਾਈ ਮਨੀ ਸਿੰਘ ਜੀ ਨੇ ਦੋਹਾਂ ਧਿਰਾਂ ਵਿਚ ਸੁਲਾਹ ਕਰਾਉਣ ਦੀ ਕੋਸ਼ਿਸ਼ ਕੀਤੀ। ਪਹਿਲੀ ਕੋਸ਼ਿਸ਼ ਇਹ ਕੀਤੀ ਗਈ ਕਿ "ਤੱਤ ਖਾਲਸਾ" ਦੇ ਜਥੇਦਾਰ ਭਾਈ ਕਾਹਨ ਸਿੰਘ ਦੇ ਲੜਕੇ ਭਾਈ ਮੀਰੀ ਸਿੰਘ ਅਤੇ "ਬੰਦਈ ਖਾਲਸਾ" ਦੇ ਦੋ ਪ੍ਰਮੁੱਖ ਆਗੂਆਂ ਅਤੇ ਮਹੰਤ ਸਿੰਘ ਅਤੇ ਭਾਈ ਲਹੌਰਾ ਸਿੰਘ ਵਿੱਚੋਂ, ਭਾਈ ਲਹੌਰਾ ਸਿੰਘ ਦੇ ਲੜਕੇ ਭਾਈ ਮੰਗਤ ਸਿੰਘ ਵਿਚ ਘੋਲ ਕਰਵਾਇਆ ਗਿਆ। ਇਕ ਘੋਲ ਵਿਚ 'ਤੱਤ ਖਾਲਸਾ' ਦੇ ਭਾਈ ਮੀਰੀ ਸਿੰਘ ਦੀ ਜਿੱਤ ਹੋਈ ਪਰ ਬੰਦਈ ਫਿਰ ਵੀ ਆਪਣੀ ਅੜੀ 'ਤੇ ਅੜੇ ਰਹੇ। ਦੂਜੀ ਵਾਰ ਇਹ ਫੈਸਲਾ ਹੋਇਆ ਕਿ 'ਹਰ ਕੀ ਪੌੜੀ' ਕੋਲ ਸਰੋਵਰ ਸਾਹਿਬ ਵਿਚ ਦੋ ਪਰਚੀਆਂ ਪਾਈਆਂ ਜਾਣ। ਇਕ ਉਤੇ 'ਵਾਹਿਗੁਰੂ ਜੀ ਕੀ ਫਤਿਹ' ਲਿਖਿਆ ਹੋਵੇ ਅਤੇ ਦੂਜੀ ਉਤੇ 'ਫਤਿਹ ਦਰਸ਼ਨ' ਲਿਖਿਆ ਹੋਵੇ। ਜਿਸ ਦੀ ਪਰਚੀ ਤਰ ਆਵੇ ਉਸਦੀ ਜਿੱਤ ਅਤੇ ਅਗਵਾਈ ਮੰਨੀ ਜਾਵੇ। ਪਰਚੀਆਂ ਪਾਈਆਂ ਗਈਆਂ। "ਫਤਿਹ ਦਰਸ਼ਨ" ਵਾਲੀ ਪਰਚੀ ਡੁੱਬ ਗਈ ਅਤੇ "ਵਾਹਿਗੁਰੂ ਜੀ ਕੀ ਫਤਿਹ" ਵਾਲੀ ਤਰ ਆਈ। ਫੈਸਲਾ ਸਪੱਸ਼ਟ ਰੂਪ ਵਿਚ 'ਤੱਤ ਖਾਲਸਾ' ਦੇ ਹੱਕ ਵਿਚ ਹੋ ਗਿਆ ਸੀ। ਇਸ ਫੈਸਲੇ ਨੂੰ ਗੁਰੂ ਸਾਹਿਬ ਦਾ ਫੈਸਲਾ ਸਮਝ ਕੇ, ਬੰਦਈਆਂ ਦਾ ਇਕ ਹਿੱਸਾ, ਜਿਸ ਦੀ ਅਗਵਾਈ ਭਾਈ ਲਹੌਰਾ ਸਿੰਘ ਕਰ ਰਹੇ ਸਨ 'ਤੱਤ ਖਾਲਸਾ' ਵਿਚ ਸ਼ਾਮਿਲ ਹੋ ਗਿਆ।

ਭਾਈ ਮਹੰਤ ਸਿੰਘ ਦੀ ਅਗਵਾਈ ਵਿਚ ਬੰਦਈਆਂ ਦੇ ਇਕ ਧੜੇ ਨੇ ਫੈਸਲਾ ਮੰਨਣ ਤੋਂ ਇਨਕਾਰ ਕਰ ਦਿੱਤਾ ਜਿਸ 'ਤੇ ਕਿਰਪਾਨਾਂ ਨਿਕਲ ਆਈਆਂ ਤੇ ਇੰਝ ਸ੍ਰੀ ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿਚ ਸਿੱਖ ਹੱਥੋਂ ਸਿੱਖ ਦਾ ਲਹੂ ਡੁੱਲ੍ਹਿਆ। ਭਾਈ ਮਹੰਤ ਸਿੰਘ ਮਾਰੇ ਗਏ ਅਤੇ ਕੁਝ ਬਚੇ-ਖੁਚੇ ਬੰਦਈਆਂ ਨੇ ਦਰਬਾਰ ਸਾਹਿਬ ਤੋਂ ਭੱਜ ਕੇ ਜੰਮੂ ਦੀਆਂ ਪਹਾੜੀਆਂ ਵਿਚ ਜਾ ਡੇਰੇ ਲਾਏ। ਜੰਮੂ ਕੋਲ ਹੀ ਬੰਦਾ ਬਹਾਦਰ ਦੀ ਦੂਜੀ ਬੀਵੀ ਸਾਹਿਬ ਕੌਰ ਅਤੇ ਉਸਦਾ ਪੁੱਤਰ ਰਣਜੀਤ ਸਿੰਘ (ਕਈ ਇਸ ਪੁੱਤਰ ਦਾ ਨਾਂ ਅਜੀਤ ਸਿੰਘ ਲਿਖਦੇ ਹਨ)

ਰਹਿੰਦੇ ਸਨ। ਉਦੋਂ ਤੋਂ ਪੁਸ਼ਤ-ਦਰ-ਪੁਸ਼ਤ ਬੰਦਾ ਬਹਾਦਰ ਦੇ ਨਾਂ 'ਤੇ ਇਕ ਗੱਦੀ ਚਲੀ ਆ ਰਹੀ ਹੈ, ਜਿਸ 'ਤੇ ਅੱਜ-ਕੱਲ੍ਹ ਭਾਈ ਜਤਿੰਦਰ ਪਾਲ ਸਿੰਘ ਬੈਠੇ ਹਨ ਤੇ ਇਨ੍ਹਾਂ ਦਾ ਹੈੱਡ-ਕੁਆਟਰ ਜੰਮੂ ਕੋਲ ਹੈ।

'ਤੱਤ ਖ਼ਾਲਸਾ' ਦੀ ਇਸ ਫਤਿਹ ਤੋਂ ਬਾਅਦ ਸਾਰਾ ਸਿੱਖ ਸੰਘਰਸ਼, ਸਿੱਖ ਇਤਿਹਾਸ ਤੱਤ ਖ਼ਾਲਸਈ ਰਵਾਇਤਾਂ ਦਾ ਵਾਰਿਸ ਹੈ। ਮੇਰੇ ਕੋਲ ਇਸ ਵੇਲੇ ਹਵਾਲਾ ਦੇਣ ਲਈ ਕੋਈ ਇਤਿਹਾਸ ਦੀ ਕਿਤਾਬ ਤਾਂ ਮੌਜੂਦ ਨਹੀਂ ਹੈ ਪਰ ਮੈਂ ਜੇਲ੍ਹ ਵਿਚ ਆਉਣ ਤੋਂ ਪਹਿਲਾਂ ਇਹ ਗੱਲ ਇਕ ਤੋਂ ਵਧੇਰੇ ਕਿਤਾਬਾਂ ਵਿਚ ਪੜ੍ਹੀ ਹੈ ਕਿ ਬੰਦਈ ਖ਼ਾਲਸੇ ਤੋਂ ਤੱਤ ਖ਼ਾਲਸਾ ਵਿਚ ਸ਼ਾਮਿਲ ਹੋਣ ਵਾਲੇ ਨੂੰ ਝਟਕਾ ਮਾਸ ਖਵਾ ਕੇ ਸ਼ਾਮਿਲ ਕੀਤੇ ਜਾਣ ਦੀ ਰਵਾਇਤ ਸੀ। ਸ੍ਰੀ ਦਰਬਾਰ ਸਾਹਿਬ ਵਿਚ ਹੋਏ 1720-21 ਦੇ ਇਤਿਹਾਸਕ ਨਿਰਣੇ ਅਨੁਸਾਰ ਅੱਜ ਸਮੁੱਚਾ ਪੰਥ 'ਤੱਤ ਖਾਲਸਾ' ਦਾ ਵਾਰਿਸ ਹੈ, "ਵਾਹਿਗੁਰੂ ਜੀ ਕੀ ਫਤਿਹ" ਦਾ ਵਾਰਿਸ ਹੈ। ਜਥੇਦਾਰ ਸੰਤ ਸਿੰਘ ਤੇਗ਼ ਦਾ 'ਤੱਤ ਖ਼ਾਲਸਾ' ਨੂੰ ਗ਼ੱਦਾਰ ਕਹਿਣਾ, ਪੰਥ ਨੂੰ ਗਾਲ੍ਹ ਕੱਢਣ ਦੇ ਤੁੱਲ ਹੈ।

ਸ਼ਖ਼ਸੀਅਤ-ਪ੍ਰਸਤੀ ਅਤੇ ਸਿਧਾਂਤ-ਪ੍ਰਸਤੀ ਦੀ ਲੜਾਈ ਵਿਚ, ਇਤਿਹਾਸ ਗਵਾਹ ਹੈ, ਜਿੱਤ ਹਮੇਸ਼ਾਂ ਸਿਧਾਂਤ ਦੀ ਹੁੰਦੀ ਹੈ ਅਤੇ ਸ਼ਖ਼ਸੀਅਤ-ਪ੍ਰਸਤ ਆਪਣੇ ਵਖਰੇਵਿਆਂ ਕਰਕੇ, ਪੰਥ ਦੀ ਮੂਲ ਧਾਰਾ ਤੋਂ ਟੁੱਟ ਕੇ, ਇਕ ਫਿਰਕੇ ਜਾਂ ਡੇਰੇ ਦੇ ਰੂਪ ਵਿਚ ਸੁੰਗੜ ਕੇ ਰਹਿ ਜਾਂਦੇ ਹਨ। ਅੰਨ੍ਹੇ ਜਜ਼ਬਾਤਾਂ ਵਾਲੇ ਲੋਕ, ਵੱਡੀਆਂ ਤੇ ਮਹਾਨ ਸ਼ਖ਼ਸੀਅਤਾਂ ਨੂੰ ਆਪਣੀ ਸ਼ਖ਼ਸੀਅਤ-ਪ੍ਰਸਤ ਸੋਚ ਅਤੇ ਨਿਜੀ ਹਿੱਤਾਂ ਕਰਕੇ ਬਾਅਦ ਵਿਚ ਹਮੇਸ਼ਾ ਛੁਟਿਆਉਣ ਦਾ ਹੀ ਕਾਰਨ ਬਣਦੇ ਹਨ। ਜੋ ਕੁਝ ਬਾਬਾ ਬੰਦਾ ਸਿੰਘ ਬਹਾਦਰ ਨਾਲ ਹੋਇਆ ਸੀ, ਬਾਅਦ ਵਿਚ ਉਹੀ ਕੁਝ ਬਾਬਾ ਰਾਮ ਸਿੰਘ ਜੀ ਨਾਲ ਵੀ ਹੋਇਆ।

ਸਿਰਦਾਰ ਕਪੂਰ ਸਿੰਘ ਜੀ ਨੇ ਆਪਣੀ ਕਿਤਾਬ 'ਸਪਤ ਸਰਿੰਗ' ਵਿਚ ਦੁਨੀਆਂ ਦੇ ਜਿਨ੍ਹਾਂ ਸੱਤ ਮਹਾਨ ਮਨੁੱਖਾਂ ਦੀਆਂ ਜੀਵਨੀਆਂ ਦਿੱਤੀਆਂ ਹਨ, ਉਨ੍ਹਾਂ ਵਿਚ ਬਾਬਾ ਰਾਮ ਸਿੰਘ ਜੀ ਦੀ ਜੀਵਨੀ ਵੀ ਸ਼ਾਮਿਲ ਹੈ। ਸਿਰਦਾਰ ਜੀ ਦੀ ਇਸ ਲਿਖਤ ਦੇ ਅਨੁਸਾਰ ਬਾਬਾ ਰਾਮ ਸਿੰਘ ਜੀ ਰੰਗੂਨ ਜੇਲ੍ਹ ਤੋਂ ਆਪਣੇ ਸ਼ਰਧਾਲੂਆਂ ਨੂੰ ਵਾਰ-ਵਾਰ ਗੁਰੂ ਦੇ ਲੜ ਲੱਗਣ ਲਈ ਲਿਖਦੇ ਰਹੇ ਹਨ। ਇਨ੍ਹਾਂ ਪੱਤਰਾਂ ਤੋਂ ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਅਟੁੱਟ ਵਿਸ਼ਵਾਸ ਸਾਫ ਦਿਖਾਈ ਦਿੰਦਾ ਹੈ। ਪਰ ਬਾਅਦ ਵਿਚ ਉਨ੍ਹਾਂ ਦੇ ਖਾਸ ਸ਼ਰਧਾਲੂਆਂ ਨੇ, ਬਾਬਾ ਰਾਮ ਸਿੰਘ ਜੀ ਨੂੰ ਇਕ ਮਹਾਨ, ਇਕ ਚੰਗੇ ਗੁਰੂ ਦੇ ਸਿੱਖ ਦੀ

ਬਜਾਏ 'ਗੁਰੂ' ਬਣਾ ਕੇ ਹੀ ਸਾਹ ਲਿਆ ਤੇ ਇੰਝ ਉਨ੍ਹਾਂ ਨੂੰ ਸਮੁੱਚੇ ਪੰਥ ਤੋਂ ਤੋੜ ਕੇ ਇਕ ਫਿਰਕੇ ਜੋਗਾ ਬਣਾ ਕੇ ਰੱਖ ਦਿੱਤਾ।

ਬਾਬਾ ਬਿਨੋਦ ਸਿੰਘ ਜੀ ਅਤੇ 'ਤੱਤ ਖਾਲਸਾ' ਦੀ ਲੜਾਈ ਸਿਧਾਂਤ ਦੀ ਲੜਾਈ ਸੀ ਅਤੇ ਸਿਧਾਂਤ ਵਕਤੀ ਜਿੱਤਾਂ ਹਾਰਾਂ ਤੋਂ ਹਮੇਸ਼ਾਂ ਉਪਰ ਹੁੰਦੇ ਹਨ। ਗੁਰਦਾਸ ਨੰਗਲ ਦੇ ਮੋਰਚੇ ਵਿਚ ਬਰਦਾਸ਼ਤ ਕੀਤਾ ਨੁਕਸਾਨ ਤਾਂ ਦਸਾਂ-ਵੀਹਾਂ ਸਾਲਾਂ ਵਿਚ ਪੂਰਾ ਕੀਤਾ ਜਾ ਸਕਦਾ ਹੈ ਪਰ 'ਵਾਹਿਗੁਰੂ ਜੀ ਕੀ ਫਤਿਹ' ਤੋਂ ਟੁੱਟ ਕੇ ਤਾਂ ਲੜਾਈ•ਦਾ ਮਕਸਦ ਹੀ ਗਵਾਚ ਜਾਂਦਾ ਹੈ। ਹਿੰਦੁਸਤਾਨ ਵਿਚ ਮਾਧੋਦਾਸ ਬੈਰਾਗੀਆਂ ਦੀ ਤਾਂ ਕਦੇ ਵੀ ਕਮੀ ਨਹੀਂ ਰਹੀ, ਗੱਲ ਤਾਂ ਮਾਧੋਦਾਸ ਬੈਰਾਗੀ ਨੂੰ ਬੰਦਾ ਸਿੰਘ ਬਹਾਦਰ ਬਣਾਉਣ ਵਾਲੇ ਦੀ ਹੈ ਅਤੇ 'ਵਾਹਿਗੁਰੂ ਜੀ ਕੀ ਫਤਿਹ' ਹੀ ਸਾਨੂੰ 'ਬੈਰਾਗੀ' ਤੋਂ 'ਬੰਦਾ ਸਿੰਘ' ਬਣਾਉਣ ਵਾਲੇ ਨਾਲ ਜੋੜਦੀ ਹੈ। ਜਦ ਵੀ ਕਦੇ 'ਬੈਰਾਗੀ ਤੋਂ ਬੰਦਾ ਸਿੰਘ' ਬਣਾਉਣ ਵਾਲੇ ਦੇ ਸਿਧਾਂਤਾਂ ਉਤੇ ਹੋਰ ਸ਼ਖ਼ਸੀਅਤ ਨੂੰ ਹਾਵੀ ਕਰਨ ਦੀ ਕੋਸ਼ਿਸ਼ ਹੋਵੇਗੀ, 'ਤੱਤ ਖਾਲਸਾ' ਫਿਰ ਪੈਦਾ ਹੋਵੇਗਾ ਅਤੇ ਜਿੱਤ ਯਕੀਨੀ ਰੂਪ ਵਿਚ 'ਤੱਤ ਖਾਲਸਾ' ਦੀ ਹੋਵੇਗੀ।

ਅੰਤ ਵਿਚ ਮੈਂ 'ਆਵਾਜ਼ਿ ਕੌਮ' ਦੇ ਪ੍ਰਬੰਧਕਾਂ ਨੂੰ ਬੇਨਤੀ ਕਰਨਾ ਚਾਹਾਂਗਾ ਕਿ ਕਿੰਨਾ ਚੰਗਾ ਹੁੰਦਾ ਜੇ ਉਹ ਸਿਰਲੇਖ 'ਦਰਸ਼ਨ ਸਿੰਘ ਦੇ ਨਾਂ ਖੁੱਲ੍ਹੀ ਚਿੱਠੀ' ਦੀ ਬਜਾਏ 'ਪ੍ਰੋ. ਦਰਸ਼ਨ ਸਿੰਘ ਜੀ ਦੇ ਨਾਂ ਖੁੱਲ੍ਹੀ ਚਿੱਠੀ' ਲਗਾਉਂਦੇ। ਮਤ-ਭੇਦਾਂ ਦੇ ਬਾਵਜੂਦ ਸਾਨੂੰ ਹਰ ਸਿੱਖ ਦਾ ਨਾਂ ਸਤਿਕਾਰ ਨਾਲ ਲੈਣਾ ਚਾਹੀਦਾ ਹੈ, ਦੂਜੇ ਨੂੰ ਇੱਜ਼ਤ ਦੇਣ ਨਾਲ ਆਪਣਾ ਕੱਦ ਘਟਦਾ ਨਹੀਂ ਵੱਧਦਾ ਹੀ ਹੈ।

"ਇਨਸਾਨੀ ਆਜ਼ਾਦੀ, ਜਮਹੂਰੀਅਤ ਅਤੇ ਲੋਕਾਂ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਨ ਵਾਲੇ ਜੇਕਰ ਸੱਚ-ਮੁੱਚ ਦੁਨੀਆਂ ਵਿਚ ਸ਼ਾਂਤੀ ਚਾਹੁੰਦੇ ਹਨ ਤਾਂ ਜ਼ੁਲਮ ਨੂੰ ਜ਼ੁਲਮ ਕਹਿਣ ਦੀ ਹਿੰਮਤ ਕਰਨ, ਚਾਹੇ ਉਹ ਜਾਫਨਾ, ਫਿਲਸਤੀਨ, ਕਸ਼ਮੀਰ ਜਾਂ ਅੰਮ੍ਰਿਤਸਰ ਵਿਚ ਹੋ ਰਿਹਾ ਹੋਵੇ। ਅਸੀਂ ਸ਼ਾਂਤੀ ਦੇ ਹੱਕ ਵਿਚ ਹਾਂ ਪਰ ਆਪਣੇ ਹੱਕ ਲੈਣ ਲਈ ਉਮਰਾਂ ਲੰਮੇ ਸੰਘਰਸ਼ ਵੀ ਲੜਨੇ ਜਾਣਦੇ ਹਾਂ। ਅਮਨ ਲਈ ਅਸੀਂ ਹਰ ਇਕ ਦੇ ਨਾਲ ਖੜੇ ਹਾਂ ਪਰ ਜ਼ੁਲਮ ਵਿਰੁੱਧ ਅਸੀਂ ਹਰ ਕਿਸੇ ਦੇ ਸਾਹਮਣੇ ਖੜੇ ਹਾਂ।"

ਅੱਜ ਦੇ ਅੰਤਰਰਾਸ਼ਟਰੀ ਸਬੰਧਾਂ 'ਚ 'ਸਟੇਟ ਹੁੱਡ' ਦੀ ਅਹਿਮੀਅਤ ਹੈ

ਮਾਰਚ 1989

ਚੌਥਾ ਸਾਰਕ ਸਿਖਰ ਸੰਮੇਲਨ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਖ਼ਤਮ ਹੋ ਗਿਆ ਹੈ। 'ਸਾਰਕ' ਅੰਗਰੇਜ਼ੀ ਦੇ ਪੰਜ ਅੱਖਰਾਂ 'ਐਸ ਏ ਏ ਆਰ ਸੀ' ਦਾ ਜੋੜ ਹੈ ਅਤੇ ਇਸਦਾ ਮੁਕੰਮਲ ਅੰਗਰੇਜ਼ੀ ਰੂਪ 'ਸਾਊਥ ਏਸ਼ੀਅਨ ਐਸੋਸੀਏਸ਼ਨ ਆਫ ਰਿਜ਼ੀਨਲ ਕੋ-ਆਪਰੇਸ਼ਨ' ਹੈ। ਇਸਦਾ ਮੁੱਢਲਾ ਵਿਚਾਰ ਬੰਗਲਾ ਦੇਸ਼ ਦੇ ਮਰਹੂਮ ਸਦਰ ਜਨਰਲ ਜ਼ਿਆ ਉਰ ਰਹਿਮਾਨ ਨੇ ਪੇਸ਼ ਕੀਤਾ ਸੀ। ਇਸੇ ਕਰਕੇ ਇਸਦੇ ਪਰਮਾਨੈਂਟ ਸੈਕਟਰੀ ਜਨਰਲ ਦਾ ਅਹੁਦਾ ਬੰਗਲਾ ਦੇਸ਼ ਨੂੰ ਦਿੱਤਾ ਗਿਆ ਹੈ। ਦੱਖਣੀ ਏਸ਼ੀਆ ਦੀ ਇਸ ਇਲਾਕਾਈ

ਸਹਿਯੋਗ ਸੰਸਥਾ ਦੀ ਸ਼ੁਰੂਆਤ ਵਿਦੇਸ਼ ਸਕੱਤਰਾਂ ਦੇ ਪੱਧਰ ਤੋਂ ਹੋਈ ਸੀ, ਫਿਰ ਵਿਦੇਸ਼ ਮੰਤਰੀਆਂ ਦੇ ਪੱਧਰ 'ਤੇ ਪਹੁੰਚੀ ਤੇ ਤਿੰਨ ਸਾਲ ਪਹਿਲਾਂ ਦਾ ਪੱਧਰ ਹਕੂਮਤਾਂ ਦੇ ਮੁਖੀਆਂ ਤਕ ਪਹੁੰਚ ਗਿਆ ਸੀ। ਇਸ ਸੰਸਥਾ ਦੇ ਕੁਲ ਸੱਤ ਮੈਂਬਰ ਹਨ। ਬੰਗਲਾ ਦੇਸ਼, ਭਾਰਤ, ਨੇਪਾਲ, ਪਾਕਿਸਤਾਨ, ਸ੍ਰੀਲੰਕਾ, ਭੂਟਾਨ ਤੇ ਮਾਲਦੀਵ। ਪਹਿਲਾ ਸਿਖਰ ਸੰਮੇਲਨ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿਚ ਹੋਇਆ ਸੀ। ਦੂਜਾ ਭਾਰਤ ਦੇ ਸ਼ਹਿਰ ਬੰਗਲੋਰ ਵਿਚ। ਤੀਜਾ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਤੇ ਹੁਣ ਚੌਥਾ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਸਮਾਪਤ ਹੋਇਆ ਹੈ। ਸਾਰਕ ਦਾ ਸਥਾਈ ਮੁੱਖ ਦਫਤਰ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਬਣਾਇਆ ਜਾ ਚੁੱਕਾ ਹੈ।

ਇਸਲਾਮਾਬਾਦ ਸੰਮੇਲਨ ਵਿਚ ਜਿਨ੍ਹਾਂ ਸੱਤ ਮੁਖੀਆਂ ਨੇ ਹਿੱਸਾ ਲਿਆ, ਉਨ੍ਹਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ, ਬੰਗਲਾ ਦੇਸ਼ ਦੇ ਸਦਰ ਹੁਸੈਨ ਮੁਹੰਮਦ ਇਰਸ਼ਾਦ, ਸ੍ਰੀਲੰਕਾ ਦੇ ਸਦਰ ਜੂਲੀਅਸ ਜੈਵਰਧਨੇ, ਮਾਲਦੀਵ ਦੇ ਸਦਰ ਮਾਮੂਨ ਅਬਦੁਲ ਗਯੂਮ, ਨੇਪਾਲ ਦੇ ਸ਼ਾਹ ਬੀਰ ਬੀਰੇਂਦਰ ਬਿਕਰਮ ਸ਼ਾਹ ਦੇਵ, ਭੂਟਾਨ ਦੇ ਰਾਜਾ ਜਿਗਮੇ ਸਿੰਘੀ ਵਾਂਗਚੁਕ ਅਤੇ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਮੈਡਮ ਬੇਨਜ਼ੀਰ ਭੁੱਟੋ ਸ਼ਾਮਿਲ ਸਨ।

ਇਸ ਸੰਮੇਲਨ ਦੀ ਖਾਸ ਗੱਲ ਜੋ ਸਾਰੇ ਸੰਮੇਲਨ 'ਤੇ ਹਾਵੀ ਰਹੀ ਹੈ, ਉਹ ਰਾਜੀਵ-ਬੇਨਜ਼ੀਰ ਮੁਲਾਕਾਤ ਸੀ। ਇਸ ਮੁਲਾਕਾਤ ਬਾਰੇ, ਅੰਤਰਰਾਸ਼ਟਰੀ ਪ੍ਰੈਸ ਅਤੇ ਖਾਸ ਕਰ ਦੋਹਾਂ ਮੁਲਕਾਂ ਦੀ ਪ੍ਰੈਸ ਵਿਚ ਕਾਫੀ ਚਿਰ ਪਹਿਲਾਂ ਤੋਂ ਹੀ ਕਿਆਸ-ਅਰਾਈਆਂ ਸ਼ੁਰੂ ਸਨ। 1947 ਵਿਚ ਉਪ-ਮਹਾਂਦੀਪ ਦੀ ਵੰਡ ਤੋਂ ਬਾਅਦ, ਪਹਿਲੇ ਦਿਨ ਤੋਂ ਹੀ ਦੋਹਾਂ ਮੁਲਕਾਂ ਦੇ ਸਬੰਧ ਤਣਾਓ ਅਤੇ ਟਕਰਾਓ ਭਰੇ ਰਹੇ ਹਨ। ਇਸ ਸਮੇਂ ਦੌਰਾਨ ਦੋਹਾਂ ਮੁਲਕਾਂ ਵਿਚ ਤਿੰਨ ਥਾਵਾਂ 'ਤੇ ਕੋਈ ਛੋਟੀਆਂ-ਵੱਡੀਆਂ ਫੌਜੀ ਝੜਪਾਂ ਹੋ ਚੁੱਕੀਆਂ ਹਨ। ਇਸ ਟਕਰਾਓ ਦੇ ਪਿਛੋਕੜ ਵਿਚ ਇਤਿਹਾਸਕ ਰੰਜਸ਼ਾਂ ਤਾਂ ਬਹੁਤ ਦੂਰ ਤਕ ਜਾਂਦੀਆਂ ਹਨ ਪਰ ਮੌਜੂਦਾ ਦੌਰ ਵਿਚ ਟਕਰਾਓ ਦਾ ਮੁੱਖ ਮੁੱਦਾ ਕਸ਼ਮੀਰ ਦਾ ਮਸਲਾ ਹੈ। ਵਕਤ ਦੇ ਨਾਲ ਹਾਲਾਤ ਬਦਲਦੇ ਰਹੇ ਹਨ। ਇਸੇ ਚਲੇ ਆਉਂਦੇ ਟਕਰਾਓ ਦੇ ਨਤੀਜੇ ਵਜੋਂ ਦਸੰਬਰ 1971 ਵਿਚ ਭਾਰਤ ਦੀ ਖੁੱਲ੍ਹੀ ਦਖਲ-ਅੰਦਾਜ਼ੀ ਨਾਲ 'ਪੂਰਬੀ ਪਾਕਿਸਤਾਨ' ਬੰਗਲਾਦੇਸ਼ ਬਣ ਚੁੱਕਿਆ ਹੈ। ਪਾਕਿਸਤਾਨ ਦੇ ਦੋ ਟੋਟੇ ਹੋਣ ਤੋਂ ਬਾਅਦ, ਭਾਰਤ ਦੱਖਣੀ ਏਸ਼ੀਆ ਵਿਚ ਚੌਧਰਾਹਟ ਨੂੰ ਆਪਣਾ ਹੱਕ ਸਮਝਦਾ ਹੈ, ਪਰ ਪਾਕਿਸਤਾਨ ਵੱਡੀ ਚੋਟ ਖਾਣ ਤੋਂ ਬਾਅਦ ਵੀ ਉਸਦੇ ਇਸ ਦਾਅਵੇ ਨੂੰ ਤਸਲੀਮ ਕਰਨ ਲਈ ਤਿਆਰ ਨਹੀਂ ਹੈ। ਪੂਰਬੀ ਪਾਕਿਸਤਾਨ ਦੇ ਅਲੱਗ

ਹੋ ਜਾਣ ਦੀ ਦੁਰਘਟਨਾ ਤੋਂ ਬਾਅਦ ਪਾਕਿਸਤਾਨ ਦੇ ਲੋਕਾਂ ਵਿਚ ਦੋ ਕਿਸਮ ਦੀਆਂ ਸੋਚਾਂ ਪ੍ਰਵਾਨ ਚੜ੍ਹੀਆਂ ਹਨ। ਇਕ ਸੋਚ ਇਹ ਕਹਿੰਦੀ ਹੈ ਕਿ ਹਿੰਦੁਸਤਾਨ ਸਾਡੇ ਤੋਂ ਵੱਡਾ ਤੇ ਤਾਕਤਵਰ ਮੁਲਕ ਹੈ, ਅਸੀਂ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਲਈ ਸਾਨੂੰ ਭਵਿੱਖ ਵਿਚ ਉਸ ਨਾਲ ਕੋਈ ਜੰਗ ਨਹੀਂ ਲੜਨੀ ਚਾਹੀਦੀ। ਦੂਜੀ ਸੋਚ ਇਕ ਜ਼ਖਮ ਖੁਰਦਾ ਇਨਸਾਨ ਵਾਲੀ ਹੈ, ਜਿਸ ਦੇ ਅੰਦਰ ਜ਼ਿਆਦਤੀ ਦਾ ਬਦਲਾ ਲੈਣ ਦੀ ਭਾਵਨਾ ਉਸਦੇ ਰੋਮ-ਰੋਮ ਵਿਚ ਸਮਾਈ ਰਹਿੰਦੀ ਹੈ। 1971 ਦੇ ਬਾਅਦ ਦੀ ਸਥਿਤੀ ਵਿਚ ਦੋਹਾਂ ਮੁਲਕਾਂ ਵਿਚ ਤਣਾਓ ਦੇ ਕੁਝ ਨਵੇਂ ਨੁਕਤੇ ਉਭਰ ਚੁੱਕੇ ਹਨ, ਜਿਨ੍ਹਾਂ ਵਿਚ ਪ੍ਰਮੁੱਖ ਹਨ: ਐਟਮੀ ਤਰੱਕੀ, ਸਿੱਖ ਮਸਲਾ ਅਤੇ ਸਿਆਚਿਨ। ਕਸ਼ਮੀਰ ਦਾ ਮਸਲਾ ਸਬੰਧਾਂ ਵਿਚ ਤਣਾਓ ਦੀ ਅੱਜ ਵੀ ਬੁਨਿਆਦ ਹੀ ਹੈ। ਪਾਕਿਸਤਾਨ ਵਿਚ ਸਰਕਾਰ ਦੀ ਤਬਦੀਲੀ ਨਾਲ ਦੋਹਾਂ ਮੁਲਕਾਂ ਦੇ ਸਬੰਧਾਂ ਵਿਚ ਇਕ ਨਵੀਂ ਤਾਜ਼ਗੀ ਦਾ ਅਹਿਸਾਸ ਤਾਂ ਹੁੰਦਾ ਹੈ ਪਰ ਇਹ ਤਾਜ਼ਗੀ ਪੁਰਾਣੀਆਂ ਗੰਢਾਂ ਨੂੰ ਕਿਸ ਹੱਦ ਤਕ ਖੋਲ੍ਹ ਸਕੇਗੀ, ਹਾਲੇ ਕੁਝ ਨਹੀਂ ਕਿਹਾ ਜਾ ਸਕਦਾ।

29 ਦਸੰਬਰ ਨੂੰ ਸਿਖਰ ਸੰਮੇਲਨ ਦੇ ਉਦਘਾਟਨੀ ਸਮਾਰੋਹ ਦੀ ਕਾਰਵਾਈ ਨੇਪਾਲ ਦੇ ਸ਼ਾਹ ਬੀਰ ਬੀਰੇਂਦਰ ਬਿਕਰਮ ਸ਼ਾਹ ਦੇਵ ਦੀ ਪ੍ਰਧਾਨਗੀ ਵਿਚ ਉਨ੍ਹਾਂ ਦੇ ਭਾਸ਼ਣ ਨਾਲ ਸ਼ੁਰੂ ਹੋਈ ਸੀ। ਇਸਤੋਂ ਬਾਅਦ ਉਦਘਾਟਨੀ ਭਾਸ਼ਣ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੇ ਦਿੱਤਾ ਅਤੇ ਇਸਦੇ ਨਾਲ ਹੀ ਪੁਰਾਣੇ ਚੇਅਰਮੈਨ ਨੇ ਨਵੇਂ ਚੇਅਰਪਰਸਨ ਲਈ ਕੁਰਸੀ ਖਾਲੀ ਕਰ ਦਿੱਤੀ।

ਇਸ ਸਿਖਰ ਸੰਮੇਲਨ ਦੇ ਕਾਬਿਲੇ ਜ਼ਿਕਰ ਫੈਸਲਿਆਂ ਵਿਚ ਇਕ ਫੈਸਲਾ ਇਹ ਹੈ ਕਿ ਸੱਤੇ ਮੁਲਕਾਂ ਦੇ ਜੱਜ ਸਾਹਿਬਾਨ ਤੇ ਪਾਰਲੀਮੈਂਟ ਦੇ ਮੈਂਬਰਜ਼, ਕਿਸੇ ਵੀ ਦੂਜੇ ਮੈਂਬਰ ਮੁਲਕ ਵਿਚ ਬਿਨਾਂ ਵੀਜ਼ੇ ਦੇ ਜਾ ਸਕਿਆ ਕਰਨਗੇ। ਇਕ ਹੋਰ ਫੈਸਲੇ ਮੁਤਾਬਕ ਸਾਲ 1989 ਨੂੰ 'ਸਾਰਕ ਈਅਰ ਆਫ ਦੀ ਗਰਲ ਚਾਈਲਡ' ਕਰਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਨਸ਼ਾਆਵਰ ਪਦਾਰਥਾਂ ਦੀ ਪੈਦਾਵਾਰ, ਸਮੱਗਲਿੰਗ ਤੇ ਇਸਤੇਮਾਲ, ਅੱਤਵਾਦ, ਅੰਨ ਦਾ ਸਾਂਝਾ ਭੰਡਾਰ, ਕੁਦਰਤੀ ਆਫਤਾਂ ਦਾ ਮੁਕਾਬਲਾ ਤੇ ਨਵੇਂ ਮੈਂਬਰਾਂ ਦੀ ਸ਼ਮੂਲੀਅਤ ਆਦਿ ਵਿਸ਼ਿਆਂ ਬਾਰੇ ਸਹਿਮਤੀ ਪੈਦਾ ਕੀਤੀ ਗਈ ਹੈ। ਬਾਕੀ ਕਿਸੇ ਵੀ ਵਿਸ਼ੇ ਉਤੇ ਪੈਦਾ ਹੋਈ ਸਹਿਮਤੀ ਨੂੰ ਸ਼ਾਇਦ ਅਮਲੀ ਰੂਪ ਵਿਚ ਢਾਲਿਆ ਜਾ ਸਕੇ। ਪਰ ਅੱਤਵਾਦ ਸਬੰਧੀ ਸਹਿਮਤੀ ਨੂੰ ਅਮਲੀ ਰੂਪ ਵਿਚ ਢਾਲਣਾ ਕਾਫੀ ਮੁਸ਼ਕਲ ਹੋਵੇਗਾ। ਕਿਉਂਕਿ ਅੱਤਵਾਦ ਦੇ ਅਰਥ ਸਭ ਲਈ ਆਪੋ-ਆਪਣੇ ਹਨ ਅਤੇ ਹਿੱਤਾਂ ਮੁਤਾਬਕ ਬਦਲਦੇ ਵੀ ਰਹਿੰਦੇ ਹਨ। ਇਸ ਇਲਾਕਾਈ ਜਥੇਬੰਦੀ ਦੀ

ਹਾਲੇ ਕੋਈ ਠੋਸ ਅਮਲੀ ਪ੍ਰਾਪਤੀ ਤਾਂ ਸਾਹਮਣੇ ਨਹੀਂ ਆਈ ਪਰ ਮੈਂਬਰ ਮੁਲਕਾਂ ਦੀਆਂ ਡੂੰਘੀਆਂ ਰੰਜਸ਼ਾਂ ਨੂੰ ਧਿਆਨ ਵਿਚ ਰੱਖਦੇ ਹੋਏ, ਇੰਨਾ ਵੀ ਘੱਟ ਮਹੱਤਵਪੂਰਨ ਨਹੀਂ ਕਿ ਹੁਣ ਸਾਲ ਵਿਚ ਘੱਟੋ-ਘਟ ਸਰਵਉਚ ਪੱਧਰ 'ਤੇ ਸਿੱਧੀ ਗੱਲਬਾਤ ਲਈ ਇਕ ਪਲੇਟਫਾਰਮ ਮੁਹੱਈਆ ਹੋ ਗਿਆ ਹੈ।

ਸੰਮੇਲਨ ਦੇ ਆਖਰੀ ਸੈਸ਼ਨ ਦੌਰਾਨ ਸਦਰ ਜੈਵਰਧਨੇ ਨੇ ਆਪਣੇ ਮੁਲਕ ਵਿਚ ਅਤਿਵਾਦ ਦਾ ਜ਼ਿਕਰ ਕਰਦੇ ਹੋਏ ਸ੍ਰੀ ਲੰਕਾ ਦੇ ਇਕ ਫੌਜੀ ਦੀ ਮਿਸਾਲ ਦਿੱਤੀ, ਜਿਸ ਦਾ ਸਿਰ ਅੱਤਵਾਦੀਆਂ ਨੇ ਉਸ ਦੀ ਮਾਂ ਦੇ ਸਾਹਮਣੇ ਹੀ ਧੜ ਤੋਂ ਅਲੱਗ ਕਰਕੇ ਉਸਦੇ ਹੀ ਘਰ ਦੇ ਵਿਹੜੇ ਵਿਚ ਟੰਗ ਦਿੱਤਾ ਸੀ। ਸਦਰ ਜੈਵਰਧਨੇ ਨੇ ਅਤਿਵਾਦ ਬਾਰੇ ਕਿਹਾ, "ਜਿਹੜੇ ਲੋਕ ਅਜਿਹੀ ਬੁਰਾਈ ਦਾ ਪ੍ਰਚਾਰ ਕਰਦੇ ਹਨ, ਮੈਂ ਉਨ੍ਹਾਂ ਨੂੰ ਇਨਸਾਨ ਨਹੀਂ ਸਮਝਦਾ।" ਬੇਨਜ਼ੀਰ ਭੁੱਟੋ ਨੇ ਸਦਰ ਜੈਵਰਧਨੇ ਦੇ ਇਸ ਜ਼ਿਕਰ ਦੇ ਹਵਾਲੇ ਨਾਲ ਹੀ, ਭਰੀਆਂ ਅੱਖਾਂ ਨਾਲ ਸਦਰ ਜ਼ਿਆ ਦੇ ਦੌਰ ਵਿਚਲੇ ਹਕੂਮਤੀ ਅੱਤਵਾਦ (State Terrorism) ਦਾ ਜ਼ਿਕਰ ਕੀਤਾ। ਬੇਨਜ਼ੀਰ ਨੇ ਆਪਣੀ ਪਾਰਟੀ ਦੇ ਇਕ ਵਰਕਰ ਦੀ ਮਿਸਾਲ ਦਿੱਤੀ। ਅਬਦੁੱਲ ਰਜ਼ਾਕ ਨਾਂ ਦੇ ਇਸ ਵਰਕਰ ਨੂੰ ਲਾਹੌਰ ਦੀ ਕੋਟ ਲੱਖਪਤ ਜੇਲ੍ਹ ਵਿਚ ਫੌਜੀ ਹਕੂਮਤ ਵਲੋਂ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਇਨ੍ਹਾਂ ਦੋਹਾਂ ਨੇਤਾਵਾਂ ਨੇ ਅਤਿਵਾਦ ਦਾ ਜ਼ਿਕਰ ਆਪਣੇ ਨੁਕਤਾ-ਨਜ਼ਰ ਨਾਲ ਕੀਤਾ ਤੇ ਹੰਝੂ ਕੇਰੇ ਪਰ ਅਫਸੋਸ ਦੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਹਿੰਦੁਸਤਾਨ ਦਾ ਹਕੂਮਤੀ ਅਤਿਵਾਦ (State Terrorism) ਨਜ਼ਰ ਨਹੀਂ ਆਇਆ, ਜਿਸ ਦੇ ਜ਼ੁਲਮਾਂ ਦਾ ਸ਼ਿਕਾਰ ਪਿਛਲੇ ਕਈ ਸਾਲਾਂ ਤੋਂ ਸਿੱਖ ਹੋ ਰਹੇ ਹਨ। ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਗੁਰਮੀਤ ਸਿੰਘ ਰਾਹੋਂ ਤੇ ਹੋਰ ਅਨੇਕਾਂ ਨੌਜਵਾਨ, ਜਿਨ੍ਹਾਂ ਦੇ ਪੱਟ ਚੀਰ ਕੇ ਮਿਰਚਾਂ ਪਾਈਆਂ ਗਈਆਂ, ਗਰਮ ਸਲਾਖਾਂ ਨਾਲ ਸਰੀਰ ਦਾਗੇ ਗਏ, ਮਾਸ ਨਾਲੋਂ ਨਹੁੰ ਨਖੇੜੇ ਗਏ ਤੇ ਫਿਰ ਲਾਸ਼ਾਂ ਨੂੰ ਸੁੰਨ-ਸਾਨ ਥਾਵਾਂ 'ਤੇ ਸੁੱਟ ਕੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਕਰਾਰ ਦਿੱਤੇ ਗਏ, ਇਹ ਜ਼ੁਲਮ ਸਾਰਕ ਦੇਸ਼ਾਂ ਦੇ ਇਨ੍ਹਾਂ ਆਗੂਆਂ ਨੂੰ ਦਿਖਾਈ ਨਹੀਂ ਦਿੱਤੇ। ਕਿਉਂ?

15-16 ਸਾਲ ਦੇ ਅਣਦਾਹੜੀਏ ਮੁੰਡਿਆਂ ਦੀਆਂ ਲਾਸ਼ਾਂ ਕੋਲ ਬਹਿ ਕੇ ਜਦੋਂ ਸੀ ਆਰ ਪੀ ਵਾਲੇ ਕਿਸੇ ਖਤਰਨਾਕ ਅੱਤਵਾਦੀ ਨੂੰ ਮਾਰਨ ਸਬੰਧੀ ਆਪਣੀ ਬਹਾਦਰੀ ਦੇ ਜੌਹਰਾਂ ਦਾ ਵਿਖਿਆਨ ਕਰਦੇ ਹਨ ਤਾਂ ਉਹ ਨਜ਼ਾਰੇ ਦੇਖ ਕੇ ਇਨ੍ਹਾਂ ਦੀ ਰੂਹ ਨਹੀ ਕੰਬਦੀ। ਦਿੱਲੀ ਦੀਆਂ ਸੜਕਾਂ 'ਤੇ ਸਿੱਖਾਂ ਨੂੰ ਜਿਊਂਦਿਆਂ ਜਲਾਇਆ ਗਿਆ, ਭੈਣਾਂ ਦੀ ਇੱਜ਼ਤ ਭਰਾਵਾਂ ਸਾਹਮਣੇ ਤੇ ਮਾਵਾਂ ਦੀ ਇੱਜ਼ਤ

ਬੱਚਿਆਂ ਸਾਹਮਣੇ ਰੋਲੀ, ਇਹ ਸਭ ਕੁਝ ਵੀ ਇਨ੍ਹਾਂ ਨੂੰ ਦਿਖਾਈ ਨਹੀਂ ਦਿੱਤਾ।

ਕਿਸੇ ਸ੍ਰੀਲੰਕਨ ਫੌਜੀ ਉਤੇ ਉਸਦੀ ਮਾਂ ਸਾਹਮਣੇ ਕਤਲ ਉਤੇ ਜਾਂ ਪੀਪਲਜ਼ ਪਾਰਟੀ ਦੇ ਕਿਸੇ ਕਾਰਕੁੰਨ ਨੂੰ ਕੋਟ ਲੱਖਪੱਤ ਜੇਲ੍ਹ ਵਿਚ ਫਾਂਸੀ ਦਿੱਤੇ ਜਾਣ ਉਤੇ ਅੱਥਰੂ ਕੇਰਨਾ, ਕਿਸੇ ਵੀ ਤਰ੍ਹਾਂ ਅੱਤਵਾਦ ਦੀ ਮੁਖਾਲਫਤ ਨਹੀਂ ਹੈ, ਇਹ ਤਾਂ ਕੇਵਲ ਆਪਣਾ-ਆਪਣਾ ਰੋਣਾ-ਰੋਣ ਵਾਲੀ ਗੱਲ ਹੈ। ਜੇ ਕਿਸੇ ਸਿਨਹਾਲੀ ਫੌਜੀ ਦੇ ਕਤਲ ਉਤੇ ਜਾਂ ਕਿਸੇ ਪੀਪਲਜ਼ ਪਾਰਟੀ ਦੇ ਕਾਰਕੁੰਨ ਦੇ ਕਤਲ ਉਤੇ ਅੱਥਰੂ ਵਹਾਉਣ ਵਾਲੇ ਦੀ ਅੱਖ ਕਿਸੇ ਨਿਰਦੋਸ਼ ਸਿੱਖ ਦੇ ਕਤਲ ਉਤੇ ਅੱਥਰੂ ਨਹੀਂ ਕੇਰਦੀ ਤਾਂ ਇਸਨੂੰ ਇਨਸਾਨੀਅਤ ਪਸੰਦੀ ਤਾਂ ਨਹੀਂ ਕਿਹਾ ਜਾ ਸਕਦਾ, ਹੋਰ ਭਾਵੇਂ ਕੁਝ ਵੀ ਕਹਿ ਲਈਏ। ਇਸ ਰਵਈਏ ਨਾਲ ਭਾਰਤ ਅਤੇ ਸ੍ਰੀਲੰਕਾ ਵਿਚ ਸਮਝੌਤਾ ਹੋ ਸਕਦਾ ਹੈ, ਪਾਕਿਸਤਾਨ ਅਤੇ ਭਾਰਤ ਵਿਚ ਵੀ ਹੋ ਸਕਦਾ ਹੈ ਪਰ ਦੱਖਣੀ ਏਸ਼ੀਆ ਵਿਚ ਹਕੀਕੀ ਅਮਨ ਨਹੀਂ ਹੋ ਸਕਦਾ। ਹਕੀਕੀ ਅਮਨ ਤਾਂ ਕੇਵਲ ਬਰਾਬਰ ਦਾ ਰਵਈਆ ਧਾਰਨ ਕੀਤਿਆਂ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿੱਤਿਆਂ ਹੀ ਹੋ ਸਕਦਾ ਹੈ।

ਦੱਖਣੀ ਏਸ਼ੀਆ ਵਿਚ ਸਿੱਖਾਂ ਦੀ ਆਬਾਦੀ ਤਕਰੀਬਨ ਪੌਣੇ ਦੋ ਕਰੋੜ ਹੈ, ਜੋ ਸਾਰਕ ਦੇ ਸੱਤਾਂ ਮੁਲਕਾਂ ਵਿੱਚੋਂ ਤਿੰਨ ਮੁਲਕਾਂ ਤੋਂ ਯਕੀਨਨ ਵੱਧ ਹੈ। ਮਾਲਦੀਵ ਦੀ ਆਬਾਦੀ ਦੋ ਲੱਖ ਹੈ, ਭੂਟਾਨ ਦੀ ਆਬਾਦੀ 12 ਲੱਖ ਹੈ ਪਰ ਉਨ੍ਹਾਂ ਦੇ ਨੁਮਾਇੰਦੇ 70-80 ਕਰੋੜ ਦੀ ਆਬਾਦੀ ਵਾਲੇ ਮੁਲਕ ਦੇ ਨੁਮਾਇੰਦੇ ਨਾਲ ਬਰਾਬਰ 'ਤੇ ਬੈਠ ਸਕਦੇ ਹਨ। ਗੱਲ ਸਪੱਸ਼ਟ ਹੈ, ਅੱਜ ਦੇ ਅੰਤਰਰਾਸ਼ਟਰੀ ਸਬੰਧਾਂ ਵਿੱਚ 'ਸਟੇਟਹੁੱਡ' ਦੀ ਅਹਿਮੀਅਤ ਹੈ, ਲੋਕਾਂ ਦੀ ਨਹੀਂ। ਉਹ ਕੌਮ ਜਿਹੜੀ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹੋਏ ਦੋ ਲੱਖ ਬੰਦੇ ਸਵੈਇੱਛਤ ਤੌਰ 'ਤੇ ਜੇਲ੍ਹਾਂ ਵਿਚ ਬੰਦ ਹੋਣ ਲਈ ਭੇਜ ਸਕਦੀ ਹੈ, ਉਸਦੇ ਨੁਮਾਇੰਦਿਆਂ ਦਾ ਉਹ ਸਥਾਨ ਨਹੀਂ ਜੋ ਕੁੱਲ ਦੋ ਲੱਖ ਦੀ ਆਬਾਦੀ ਵਾਲੇ ਮੁਲਕਾਂ ਦਾ ਹੈ।

ਇਨਸਾਨੀ ਆਜ਼ਾਦੀ, ਜਮਹੂਰੀਅਤ ਅਤੇ ਲੋਕਾਂ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਨ ਵਾਲੇ ਜੇਕਰ ਸੱਚ-ਮੁੱਚ ਦੁਨੀਆਂ ਵਿਚ ਸ਼ਾਂਤੀ ਚਾਹੁੰਦੇ ਹਨ ਤਾਂ ਜ਼ੁਲਮ ਨੂੰ ਜ਼ੁਲਮ ਕਹਿਣ ਦੀ ਹਿੰਮਤ ਕਰਨ, ਚਾਹੇ ਉਹ ਜਾਫਨਾ, ਫਿਲਸਤੀਨ, ਕਸ਼ਮੀਰ ਜਾਂ ਅੰਮ੍ਰਿਤਸਰ ਵਿਚ ਹੋ ਰਿਹਾ ਹੋਵੇ। ਅਸੀਂ ਸ਼ਾਂਤੀ ਦੇ ਹੱਕ ਵਿਚ ਹਾਂ ਪਰ ਆਪਣੇ ਹੱਕ ਲੈਣ ਲਈ ਉਮਰਾਂ ਲੰਮੇ ਸੰਘਰਸ਼ ਵੀ ਲੜਨੇ ਜਾਣਦੇ ਹਾਂ। ਅਮਨ ਲਈ ਅਸੀਂ ਹਰ ਇਕ ਦੇ ਨਾਲ ਖੜੇ ਹਾਂ ਪਰ ਜ਼ੁਲਮ ਵਿਰੁੱਧ ਅਸੀਂ ਹਰ ਕਿਸੇ ਦੇ ਸਾਹਮਣੇ ਖੜੇ ਹਾਂ। ਤੁਹਾਡੇ ਮਿਲ ਬੈਠਣ ਨੂੰ ਅਸੀਂ 'ਜੀ

ਆਇਆਂ' ਆਖਦੇ ਹਾਂ। ਪਰ ਤੁਹਾਡੀਆਂ ਇਹ ਨਵੀਆਂ ਸਾਂਝਾਂ ਆਜ਼ਾਦੀ ਦਾ ਨਿੱਘ ਮਾਣਨ ਦੀ ਇੱਛਾ ਰੱਖਣ ਵਾਲੇ ਲੋਕਾਂ ਦੇ ਸਾਹ ਘੁੱਟਣ ਦੀ ਇੱਛਾ ਨਾਲ ਨਹੀਂ ਹੋਣੀਆਂ ਚਾਹੀਦੀਆਂ।

ਅਸੀਂ ਪਾਕਿਸਤਾਨ ਵਿੱਚ ਜਮਹੂਰੀਅਤ ਦੀ ਮੁਕੰਮਲ ਬਹਾਲੀ 'ਤੇ ਖੁਸ਼ ਹਾਂ ਅਤੇ ਨਵੀਂ ਹਕੂਮਤ ਨੂੰ ਜੀ ਆਇਆਂ ਆਖਦੇ ਹਾਂ। ਪਾਕਿਸਤਾਨ ਦੇ ਗੁਆਂਢ ਵਿਚ ਵੱਸਣ ਵਾਲੀ ਇਕ ਆਜ਼ਾਦੀ ਪਸੰਦ ਕੌਮ ਦੇ ਨਾਤੇ ਪਾਕਿਸਤਾਨ ਵਿਚ ਆਉਣ ਵਾਲੀ ਹਰ ਸਿਆਸੀ ਤਬਦੀਲੀ ਪ੍ਰਤੀ ਸਾਡਾ ਵਿਚਾਰਸ਼ੀਲ ਹੋਣਾ ਕੁਦਰਤੀ ਹੈ। ਸਾਡੀ ਵਿਚਾਰਧਾਰਕ ਅਤੇ ਜਜ਼ਬਾਤੀ ਨੇੜਤਾ ਪਾਕਿਸਤਾਨ ਕੌਮ ਨਾਲ ਹੈ, ਕਿਸੇ ਵਿਸ਼ੇਸ਼ ਹਕੂਮਤ ਨਾਲ ਨਹੀਂ। ਅਸੀਂ ਆਪਣੇ ਗੁਆਂਢ ਵਿਚ ਇਕ ਖੁਸ਼ਹਾਲ ਤੇ ਮਜ਼ਬੂਤ ਪਾਕਿਸਤਾਨ ਦੀ ਇੱਛਾ ਰੱਖਦੇ ਹਾਂ ਅਤੇ ਜਮਹੂਰੀਅਤ ਯਕੀਨਨ ਪਾਕਿਸਤਾਨ ਦੀ ਖੁਸ਼ਹਾਲੀ ਅਤੇ ਮਜ਼ਬੂਤੀ ਦੀ ਜ਼ਾਮਨ ਹੋਵੇਗੀ। ਅਸੀਂ ਨਵੀਂ ਹਕੂਮਤ ਤੋਂ ਇਹ ਉਮੀਦ ਰੱਖਦੇ ਹਾਂ ਕਿ ਉਹ ਹਿੰਦੁਸਤਾਨ ਨਾਲ ਸਬੰਧਾਂ ਨੂੰ ਸੁਧਾਰਨ ਲਈ ਕੋਈ ਵੀ ਕਦਮ ਚੁੱਕਣ ਲੱਗਿਆਂ ਗੁਆਂਢ ਵਿਚ ਵੱਸਦੀ ਇਸ ਸੰਘਰਸ਼ਸ਼ੀਲ ਕੌਮ ਦੇ ਜਜ਼ਬਾਤ ਅਤੇ ਉਮੰਗਾਂ ਨੂੰ ਧਿਆਨ ਵਿਚ ਰੱਖੇਗੀ।

31 ਦਸੰਬਰ ਨੂੰ, ਜਿਸ ਦਿਨ ਸਾਰਕ ਸਿਖਰ ਸੰਮੇਲਨ ਸਮਾਪਤ ਹੋਇਆ, ਉਸੇ ਦਿਨ ਦੁਪਹਿਰ ਬਾਅਦ ਕੋਟ ਲੱਖਪਤ ਜੇਲ੍ਹ ਵਿਚ ਕੈਦ 1984 ਦੇ ਹਾਈਜੈਕਿੰਗ ਕੇਸ ਨਾਲ ਸਬੰਧਿਤ ਤਿੰਨ ਜੁਝਾਰੂ ਸਿੰਘਾਂ ਦੀ ਸਜ਼ਾਏ ਮੌਤ ਤੋੜ ਦਿੱਤੀ ਗਈ । ਵੈਸੇ ਇਹ ਫੈਸਲਾ ਉਸੇ ਸਮੂਹਿਕ ਫੈਸਲੇ ਦਾ ਹਿੱਸਾ ਹੈ, ਜਿਸ ਤਹਿਤ ਪ੍ਰਧਾਨ ਮੰਤਰੀ ਬੇਨਜ਼ੀਰ ਨੇ ਅਹੁਦਾ ਸੰਭਾਲਣ ਤੋਂ ਬਾਅਦ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਸਭ ਵਿਅਕਤੀਆਂ ਦੀ ਸਜ਼ਾਏ ਮੌਤ ਤੋੜਨ ਦਾ ਐਲਾਨ ਕੀਤਾ ਸੀ। ਹਾਂ ਸਾਡੇ ਮਾਮਲੇ ਵਿਚ ਇਸ ਫੈਸਲੇ ਨੂੰ ਲਾਗੂ ਕਰਨ ਵਿਚ ਕੁਝ ਦਿਨਾਂ ਦੀ ਦੇਰੀ ਜ਼ਰੂਰ ਕੀਤੀ ਗਈ ਹੈ। ਇਸ ਦੇਰੀ ਦਾ ਕਾਰਨ ਸਾਰਕ ਸੰਮੇਲਨ ਵੀ ਹੋ ਸਕਦੈ ਤੇ ਰਾਜੀਵ ਗਾਂਧੀ ਨੂੰ ਵਿਸ਼ਵਾਸ ਵਿਚ ਲੈਣਾ ਵੀ ਹੋ ਸਕਦੈ। ਕੁਝ ਵੀ ਹੋਵੇ ਅਸੀਂ ਇਸਨੂੰ ਹਕੂਮਤ ਦਾ ਇਕ ਸ਼ਲਾਘਾਯੋਗ ਕਦਮ ਹੀ ਆਖਾਂਗੇ, ਜਿਸ ਲਈ ਹਕੂਮਤ ਯਕੀਨਨ ਵਧਾਈ ਦੀ ਹੱਕਦਾਰ ਹੈ।

"ਜੇਕਰ ਬੀਬੀ ਰਾਜਿੰਦਰ ਕੌਰ ਦਾ ਕਤਲ ਜੁਝਾਰੂਆਂ ਵਿੱਚੋਂ ਕਿਸੇ ਨੇ ਕੀਤਾ ਹੈ, ਤਾਂ ਮੈਂ ਕਹਿਣਾ ਚਾਹਾਂਗਾ ਕਿ ਸਰਕਾਰ ਨੂੰ ਹੁਣ ਸਾਡਾ ਫਿਕਰ ਕਰਨ ਦੀ ਲੋੜ ਨਹੀਂ। ਸਰਕਾਰ ਜੋ ਚਾਹੁੰਦੀ ਹੈ, ਉਹ ਅਸੀਂ ਆਪ ਕਰ ਰਹੇ ਹਾਂ।"

ਆਖਿਰ ਕਦੋਂ ਤਕ...?

ਮਾਰਚ 1989

ਕੱਲ੍ਹ ਰਾਤ ਰੇਡੀਓ 'ਤੇ ਬੀਬੀ ਰਜਿੰਦਰ ਕੌਰ ਦੇ ਕਤਲ ਦੀ ਖ਼ਬਰ ਸੁਣੀ ਤਾਂ ਦਿਲ ਨੂੰ ਇਕ ਝਟਕਾ ਜਿਹਾ ਲੱਗਾ। ਪੰਜਾਬ ਤੋਂ ਆਉਂਦੀਆਂ ਕਤਲਾਂ ਦੀਆਂ ਖਬਰਾਂ ਵੈਸੇ ਅੱਜ ਕੱਲ੍ਹ ਰੋਜ਼-ਮਰਾ ਦਾ ਇਕ ਮਾਮੂਲ ਜਿਹਾ ਬਣ ਗਿਆ ਹੈ ਅਤੇ ਜਿਹੜੀ ਗੱਲ ਮਾਮੂਲ ਬਣ ਜਾਏ, ਉਸ ਨਾਲ ਝਟਕਾ ਨਹੀਂ ਲਗਦਾ ਹੁੰਦਾ। ਜੁਝਾਰੂਆਂ ਨੇ ਇੰਨੇ 'ਮੁਖਬਰ' ਮਾਰ ਦਿੱਤੇ ਹਨ, ਖਬਰਾਂ ਵਿਚ ਇਹ ਗਿਣਤੀ ਕ੍ਰਿਕਟ ਮੈਚਾਂ ਦੇ ਸਕੋਰਾਂ ਵਾਂਗ ਆਉਂਦੀ ਹੈ। 'ਮੁਖਬਰ' ਜਾਂ 'ਪੰਥ ਦੁਸ਼ਮਣ' ਕਿਸਨੂੰ ਕਰਾਰ ਦਿੱਤਾ ਜਾਣਾ ਚਾਹੀਦਾ ਹੈ, ਸਾਡੇ ਕੋਲ ਇਸਦਾ ਕੋਈ ਵਿਸ਼ੇਸ਼ ਮਾਪਦੰਡ ਨਹੀਂ।

ਦੂਜੇ ਪਾਸੇ ਸਰਕਾਰ ਨੂੰ ਤਾਂ ਕਿਸੇ ਨੂੰ ਅਤਿਵਾਦੀ ਕਰਾਰ ਦੇਣ ਲਈ ਕਿਸੇ ਵਿਸ਼ੇਸ਼ ਮਾਪਦੰਡ ਦੀ ਲੋੜ ਹੀ ਨਹੀਂ। ਪੁਲਿਸ ਜਾਂ ਫੌਜ ਦੀ ਗੋਲੀ ਨਾਲ ਜਿਹੜਾ ਵੀ ਸਿੰਘ ਮਾਰਿਆ ਗਿਆ, ਉਸਨੂੰ ਉਹ ਅਤਿਵਾਦੀ ਕਹਿ ਸਕਦੀ ਹੈ ਕਿਉਂਕਿ ਉਸ ਕੋਲ ਝੂਠ ਨੂੰ ਸੱਚ ਸਾਬਤ ਕਰਨ ਦੇ ਬੜੇ ਮਜ਼ਬੂਤ ਵਸੀਲੇ ਹਨ। ਕਿਸੇ ਨੂੰ ਮੁਖ਼ਬਰ ਜਾਂ ਪੰਥ ਦੁਸ਼ਮਣ ਕਰਾਰ ਦੇਣ ਤੋਂ ਪਹਿਲਾਂ ਸੋਚਣ ਦੀ ਲੋੜ ਤਾਂ ਸਾਨੂੰ ਹੈ। ਅੱਜ ਸਾਡੀ ਸਥਿਤੀ ਇਹ ਹੈ ਕਿ ਹਰ ਜੁਝਾਰੂ ਜਥੇਬੰਦੀ ਕੋਲ ਕਿਸੇ ਨੂੰ ਪੰਥ ਦੁਸ਼ਮਣ ਕਰਾਰ ਦੇਣ ਦਾ ਮਾਪਦੰਡ ਆਪੋ-ਆਪਣਾ ਹੈ ਤੇ ਇਹ ਮਾਪ-ਦੰਡ ਬਹੁਤਾ ਸਾਡੀਆਂ ਧੜੇਬੰਦਕ ਸੋਚਾਂ ਅਤੇ ਤੰਗ ਨਜ਼ਰੀਏ 'ਤੇ ਆਧਾਰਿਤ ਹੁੰਦਾ ਹੈ। ਬੀਬੀ ਰਜਿੰਦਰ ਕੌਰ ਦਾ ਕਤਲ ਕਿਸ ਨੇ ਕੀਤਾ ਹੈ, ਇਹ ਤੇ ਹਾਲੇ ਪਤਾ ਨਹੀਂ, ਪਰ ਜਿਸ ਨੇ ਵੀ ਕੀਤਾ ਹੈ, ਉਸਨੇ ਖ਼ਾਲਿਸਤਾਨ ਲਹਿਰ ਦਾ ਜਾਂ ਕੌਮ ਦਾ ਕੁਝ ਨਹੀਂ ਸੰਵਾਰਿਆ। ਬੀਬੀ ਰਜਿੰਦਰ ਕੌਰ ਸਾਡੀਆਂ ਹੀ ਸਫਾਂ ਵਿੱਚੋਂ ਸਨ, ਸਗੋਂ ਜਿਸ ਰਾਹ 'ਤੇ ਸਾਡੇ ਜੁਝਾਰੂ ਅੱਜ ਤੁਰ ਰਹੇ ਹਨ, ਉਸ ਰਾਹ ਦੀਆਂ ਕੁਝ ਮੁੱਢਲੀਆਂ ਲਕੀਰਾਂ ਖਿੱਚਣ ਵਾਲਿਆਂ 'ਚੋਂ ਸਨ।

ਮੈਨੂੰ ਯਾਦ ਹੈ, ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਅਸੈਂਬਲੀ ਦੀਆਂ ਪਹਿਲੀਆਂ ਚੋਣਾਂ ਮਾਸਟਰ ਅਕਾਲੀ ਦਲ ਨੇ 'ਸਿੱਖ ਹੋਮਲੈਂਡ' ਦੇ ਮੁੱਦੇ 'ਤੇ ਲੜੀਆਂ ਸਨ। 1967 ਵਿਚ ਹੋਈਆਂ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੇ ਮੁਕਾਬਲੇ 'ਤੇ ਸੰਤ ਅਕਾਲੀ ਦਲ ਤੇ ਮਾਸਟਰ ਅਕਾਲੀ ਦਲ ਦੋਵੇਂ ਆਹਮੋ-ਸਾਹਮਣੇ ਸਨ। ਉਨ੍ਹਾਂ ਦਿਨਾਂ ਵਿਚ 'ਜਥੇਦਾਰ' ਅਖ਼ਬਾਰ ਵਿਚ ਸਿੱਖ ਹੋਮਲੈਂਡ ਦੇ ਹੱਕ ਵਿਚ ਲਿਖਣ ਵਾਲੇ ਦੋ ਨਾਂ ਪ੍ਰਮੁੱਖ ਸਨ, ਜੋ ਅੱਜ ਤਕ ਮੇਰੀ ਯਾਦ ਵਿਚ ਸਾਂਭੇ ਪਏ ਹਨ। ਇਕ ਨਾਂ ਬੀਬੀ ਰਾਜਿੰਦਰ ਕੌਰ ਦਾ ਅਤੇ ਦੂਜਾ ਸ੍ਰ. ਜੋਗਿੰਦਰ ਸਿੰਘ ਸਾਹਨੀ (ਐਡਵੋਕੇਟ) ਦਾ ਹੈ।

ਬੀਬੀ ਹੁਰਾਂ ਦੇ ਇਕ ਲੇਖ ਦਾ ਸਾਰ ਅੱਜ ਤਕ ਮੈਨੂੰ ਯਾਦ ਹੈ, "ਅਕਾਲੀ ਦਲ (ਮਾਸਟਰ) ਨੇ ਅਸੈਂਬਲੀ ਵਿਚ ਚੋਣਾਂ ਲਈ 65 ਉਮੀਦਵਾਰ ਖੜੇ ਕੀਤੇ ਹਨ। ਇਨ੍ਹਾਂ ਵਿੱਚੋਂ 55 ਵੀ ਜਿੱਤ ਜਾਣ ਅਤੇ ਉਹ ਅਸੈਂਬਲੀ ਵਿਚ ਆਪਣੇ ਬਹੁਮਤ ਦੇ ਅਧਾਰ 'ਤੇ ਸਿੱਖ ਹੋਮਲੈਂਡ ਦਾ ਮਤਾ ਪਾਸ ਕਰ ਦੇਣ ਤਾਂ ਸਿੱਖ ਹੋਮਲੈਂਡ ਨੂੰ ਬਣਨੋਂ ਕੋਈ ਨਹੀਂ ਰੋਕ ਸਕੇਗਾ"। ਉਦੋਂ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੀ ਗਿਣਤੀ ਸ਼ਾਇਦ 104 ਸੀ। ਚੋਣ ਨਤੀਜਿਆਂ ਅਨੁਸਾਰ ਮਾਸਟਰ ਅਕਾਲੀ ਦਲ ਦੇ ਦੋ ਤੇ ਸੰਤ ਅਕਾਲੀ ਦਲ ਦੇ 24 ਮੈਂਬਰ ਜਿੱਤੇ ਸਨ, ਪਰ ਬਹੁਮਤ ਕਾਂਗਰਸ ਨੂੰ ਵੀ ਨਹੀਂ ਸੀ ਮਿਲਿਆ। ਤੇ ਇਸ ਤਰ੍ਹਾਂ ਅਕਾਲੀ ਦਲ ਦੀ ਅਗਵਾਈ ਵਿਚ ਸਾਰੇ ਵਿਰੋਧੀ ਦਲਾਂ ਦੀ ਪਹਿਲੀ ਸਾਂਝੀ ਹਕੂਮਤ ਪੰਜਾਬੀ

ਸੂਬੇ ਵਿਚ ਬਣੀ ਸੀ। ਮਾਸਟਰ ਅਕਾਲੀ ਦਲ ਵਲੋਂ ਜਿੱਤੇ ਦੋ ਮੈਂਬਰਾਂ ਵਿਚੋ ਇਕ ਸ੍ਰ. ਜੋਗਿੰਦਰ ਸਿੰਘ ਮਾਨ, ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਪਿਤਾ ਅਤੇ ਸਰਦਾਰਾ ਸਿੰਘ ਕੋਹਲੀ ਪਟਿਆਲਾ ਸਨ। ਇਥੇ ਇਹ ਗੱਲ ਕਹਿਣ ਦੀ ਤਾਂ ਲੋੜ ਨਹੀਂ ਕਿ ਕੌਲੂ ਦਾ ਸਿੱਖ ਹੋਮਲੈਂਡ ਹੀ ਅੱਜ ਦਾ ਖ਼ਾਲਿਸਤਾਨ ਹੈ।

ਮੈਂ ਇੱਥੇ ਬੀਬੀ ਰਾਜਿੰਦਰ ਕੌਰ ਹੁਰਾਂ ਦੀ ਜੀਵਨੀ ਨਹੀਂ ਲਿਖ ਰਿਹਾ ਕਿ ਇਹ ਜ਼ਿਕਰ ਕਰਨ ਦੀ ਲੋੜ ਮਹਿਸੂਸ ਕਰਾਂ ਕਿ ਉਹ ਮਾਸਟਰ ਤਾਰਾ ਸਿੰਘ ਜੀ ਦੀ ਸਪੁੱਤਰੀ ਸਨ, ਕਿ ਉਹ ਭਾਰਤੀ ਪਾਰਲੀਮੈਂਟ ਦੇ ਮੈਂਬਰ ਰਹੇ ਸਨ, ਕਿ ਉਹ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਸਨ। ਪਿਛਲੇ ਸਾਰੇ ਅਰਸੇ ਵਿਚ, ਜਦੋਂ ਤੋਂ ਮੈਂ ਉਨ੍ਹਾਂ ਨੂੰ ਜਾਣਦਾ ਹਾਂ, ਅਨੇਕਾਂ ਮਤ-ਭੇਦਾਂ ਦੇ ਬਾਵਜੂਦ ਉਨ੍ਹਾਂ ਨੂੰ ਪੰਥ ਦੀਆਂ ਸਫਾਂ ਵਿਚ ਹੀ ਖੜੇ ਦੇਖਿਆ ਹੈ। ਜਿੱਥੇ ਵੀ ਕਦੇ ਸਿੰਘਾਂ ਨਾਲ ਕੋਈ ਜ਼ਿਆਦਤੀ ਹੋਈ, ਮੈਂ ਬੀਬੀ ਹੁਰਾਂ ਨੂੰ ਸਭ ਤੋਂ ਪਹਿਲਾਂ ਪਹੁੰਚਣ ਵਾਲਿਆਂ ਵਿਚ ਦੇਖਦਾ ਰਿਹਾ ਹਾਂ, ਚਾਹੇ ਪੁੰਡਰੀ (ਹਰਿਆਣਾ) ਵਿਚ ਨਿਹੰਗ ਸਿੰਘਾਂ ਦਾ ਕਤਲ ਹੋਵੇ, ਚਾਹੇ ਮੇਰਠ ਦੇ ਗੁਰਦਵਾਰੇ ਉਤੇ ਹਿੰਦੂਆਂ ਦਾ ਕਬਜ਼ਾ ਹੋਵੇ, ਚਾਹੇ ਦਿੱਲੀ ਦੇ ਸਿੰਘਾਂ ਉਤੇ ਸੀ. ਬੀ. ਆਈ ਦਾ ਤਸ਼ੱਦਦ ਹੋਵੇ ਤੇ ਚਾਹੇ ਇਹੋ ਜਿਹਾ ਕਿਤੇ ਵੀ ਕੁਝ ਹੋਰ।

ਬੀਬੀ ਰਜਿੰਦਰ ਕੌਰ ਅਕਾਲੀ ਦਲ ਨਾਲ ਆਪਣੇ ਸਬੰਧਾਂ ਕਰਕੇ ਖ਼ਾਲਿਸਤਾਨ ਦੀ ਖੁੱਲ੍ਹੀ ਹਮਾਇਤ ਕਰਨੋਂ ਝਿਜਕਦੇ ਸਨ। ਪਰ ਮੈਂ ਉਨ੍ਹਾਂ ਨੂੰ ਜਾਤੀ ਤੌਰ 'ਤੇ ਖ਼ਾਲਿਸਤਾਨ ਦਾ ਵਿਰੋਧੀ ਕਦੇ ਵੀ ਨਹੀਂ ਮਹਿਸੂਸ ਕੀਤਾ। ਥੋੜ੍ਹੇ ਜਜ਼ਬਾਤੀ ਸੁਭਾਅ ਦੇ ਸਨ, ਇਸੇ ਕਰਕੇ ਡਾ. ਜਗਜੀਤ ਸਿੰਘ ਹੁਰਾਂ ਵਰਗਾ ਸਿਆਸਤਦਾਨ ਕਦੇ-ਕਦੇ ਵਡਿਆਈ ਦੇ ਕੇ ਉਨ੍ਹਾਂ ਤੋਂ ਖਾਲਿਸਤਾਨ ਦੀ ਗੱਲ ਵੀ ਕਰਵਾ ਲੈਂਦਾ ਸੀ। ਮਾਰਚ 1980 ਦੀ ਗੱਲ ਹੈ, ਹੋਲੇ-ਮਹੱਲੇ ਦੇ ਮੌਕੇ 'ਤੇ ਆਨੰਦਪੁਰ ਸਾਹਿਬ ਵਿਚ ਡਾ. ਹੁਰਾਂ ਖ਼ਾਲਿਸਤਾਨ ਦਾ ਝੰਡਾ ਲਹਿਰਾਉਣ ਦਾ ਐਲਾਨ ਕੀਤਾ ਹੋਇਆ ਸੀ। ਕੋਈ ਪਹਿਲਾਂ ਤੋਂ ਪ੍ਰੋਗਰਾਮ ਨਹੀਂ ਸੀ ਬਣਿਆ ਹੋਇਆ ਕਿ ਝੰਡਾ ਕਿਸ ਨੇ ਲਹਿਰਾਉਣਾ ਹੈ। ਡਾ. ਸਾਹਿਬ ਮੌਕੇ 'ਤੇ ਬੀਬੀ ਹੁਰਾਂ ਨੂੰ ਵਡਿਆ ਕੇ ਲੈ ਆਏ ਤੇ ਉਨ੍ਹਾਂ ਝੰਡਾ ਲਹਿਰਾ ਦਿੱਤਾ। ਭਾਵੇਂ ਇਹ ਕਾਰਵਾਈ ਬਿਲਕੁੱਲ ਸੰਕੇਤਕ ਸੀ ਤੇ ਚੰਦ ਬੰਦਿਆਂ ਤਕ ਸੀਮਤ ਸੀ ਪਰ ਆਪਣੇ ਵਕਤ 'ਤੇ ਇਹੋ ਜਿਹੀਆਂ ਸੰਕੇਤਕ ਕਾਰਵਾਈਆਂ ਦਾ ਵੀ ਇਕ ਮਹੱਤਵ ਹੁੰਦਾ ਹੈ। ਦੂਜੇ ਦਿਨ ਦੀਆਂ ਸਾਰੀਆਂ ਅਖ਼ਬਾਰਾਂ ਵਿਚ ਖ਼ਬਰ ਛਪ ਗਈ ਸੀ ਕਿ ਖ਼ਾਲਿਸਤਾਨ ਦਾ ਝੰਡਾ ਬੀਬੀ ਰਾਜਿੰਦਰ ਕੌਰ ਹੁਰਾਂ ਨੇ ਲਹਿਰਾਇਆ ਹੈ।

ਪਿਛਲੇ ਤਕਰੀਬਨ ਇਕ ਸਾਲ ਤੋਂ ਜੇਲ੍ਹ ਵਿਚ ਮੇਰੇ ਕੋਲ 'ਸੰਤ ਸਿਪਾਹੀ' ਆ ਰਿਹਾ ਹੈ। ਪਹਿਲਾ ਅੰਕ ਪੜ੍ਹਨ ਤੋਂ ਬਾਅਦ ਮੈਂ ਬੀਬੀ ਹੁਰਾਂ ਨੂੰ ਇਕ ਚਿੱਠੀ ਲਿਖੀ ਸੀ। ਮੇਰੀ ਚਿੱਠੀ ਦਾ ਜਵਾਬ ਬੀਬੀ ਜੀ ਨੇ ਜਾਤੀ ਚਿੱਠੀ ਰਾਹੀਂ ਵੀ ਦਿੱਤਾ ਸੀ, ਜਿਸਦੇ ਕੁਝ ਲਫਜ਼ ਸਨ, "ਤੁਹਾਡੇ ਪੰਥਕ ਪਿਆਰ ਦੀ ਮੈਂ ਹਮੇਸ਼ਾਂ ਕਾਇਲ ਰਹੀ ਹਾਂ, ਭਾਵੇਂ ਵਿਚਾਰਾਂ ਨਾਲ ਮੇਰਾ ਪਹਿਲਾਂ ਵੀ ਮਤ-ਭੇਦ ਸੀ ਤੇ ਸ਼ਾਇਦ ਹੁਣ ਵੀ ਕਈ ਗੱਲਾਂ ਵਿਚ ਹੋਵੇ, ਪਰ ਸਿੱਖੀ ਪਿਆਰ ਤੇ ਚੜ੍ਹਦੀ ਕਲਾ ਦੀ ਸਾਂਝ ਵੀ ਹੈ"।

ਵਿਚਾਰਕ ਮਤ-ਭੇਦ ਮੈਂ ਵੀ ਬੀਬੀ ਹੁਰਾਂ ਨਾਲ ਹਮੇਸ਼ਾਂ ਮਹਿਸੂਸ ਕੀਤੇ ਹਨ ਤੇ ਕਈ ਵਾਰੀ ਨਰਾਜ਼ਗੀ ਵੀ ਮਹਿਸੂਸ ਕੀਤੀ ਹੈ ਪਰ ਇਸਦੇ ਬਾਵਜੂਦ ਬੀਬੀ ਹੁਰਾਂ ਵਾਂਗ ਹੀ, ਉਨ੍ਹਾਂ ਨਾਲ ਸਿੱਖੀ ਪਿਆਰ ਅਤੇ ਪੰਥ ਦੀ ਚੜ੍ਹਦੀ ਕਲਾ ਦੀ ਸਾਂਝ ਵੀ ਮਹਿਸੂਸ ਕੀਤੀ ਹੈ।

ਜੇ ਪਿਛਲੇ ਇਕ ਸਾਲ ਦੇ 'ਸੰਤ ਸਿਪਾਹੀ' ਦੇ ਅੰਕਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਸਪੱਸ਼ਟ ਰੂਪ ਵਿਚ ਇਹ ਸੱਚਾਈ ਸਾਹਮਣੇ ਆਉਂਦੀ ਹੈ ਕਿ ਅੱਜ-ਕੱਲ੍ਹ ਉਹ ਅਕਾਲੀ ਲੀਡਰਾਂ ਦੀ ਆਲੋਚਨਾ ਜ਼ਿਆਦਾ ਕਰ ਰਹੇ ਸਨ ਤੇ ਜੁਝਾਰੂਆਂ ਦੀ ਘੱਟ। ਧਾਰਮਿਕ ਰਹਿਤ ਮਰਿਯਾਦਾ ਸਬੰਧੀ ਉਨ੍ਹਾਂ ਦੀ ਸੋਚ ਬਿਲਕੁਲ ਸਪੱਸ਼ਟ ਸੀ ਤੇ ਉਹ ਇਸਦਾ ਦਲੇਰੀ ਨਾਲ ਇਜ਼ਹਾਰ ਵੀ ਕਰਦੇ ਸਨ। ਜਜ਼ਬਾਤਾਂ ਦੇ ਅੰਨ੍ਹੇ ਵਹਿਣ ਵਿਚ ਵਹਿ ਕੇ ਉਨ੍ਹਾਂ ਨੇ ਵਿਚਾਰ ਨਹੀਂ ਬਦਲੇ, ਕਿਸੇ ਨੂੰ ਖੁਸ਼ ਕਰਨ ਲਈ ਉਨ੍ਹਾਂ ਨੇ ਚੁੱਪ ਨਹੀਂ ਧਾਰੀ ਸੀ ਤੇ ਨਾ ਹੀ ਕਿਸੇ ਦੀ ਨਰਾਜ਼ਗੀ ਤੋਂ ਡਰ ਕੇ ਸੱਚ ਕਹਿਣੋਂ ਰੁਕੇ। ਵਿਚਾਰਕ ਮਤ-ਭੇਦਾਂ ਦੇ ਬਾਵਜੂਦ ਬੀਬੀ ਜੀ ਨੇ ਜੁਝਾਰੂਆਂ ਨੂੰ ਹਮੇਸ਼ਾਂ ਹੀ ਸੁਰੱਖਿਅਤ ਕੀਤਾ ਹੈ।

"ਕਾਲੀ ਗਰਜ" ਕਾਰਵਾਈ ਤੋਂ ਬਾਅਦ ਜਦੋਂ ਹਿੰਦੂ ਅਖਬਾਰਾਂ ਨੇ ਦਰਬਾਰ ਸਾਹਿਬ ਵਿਚਲੇ ਜੁਝਾਰੂਆਂ ਦੇ ਇਖ਼ਲਾਕ ਉਤੇ ਇਲਜ਼ਾਮ ਲਾਏ ਤਾਂ ਬੀਬੀ ਹੁਰਾਂ ਨੇ ਜੁਝਾਰੂਆਂ ਦੇ ਬਚਾਓ ਵਿਚ ਕਮਾਲ ਦਾ ਲੇਖ ਲਿਖਿਆ ਸੀ। ਇੰਨੇ ਵਧੀਆ ਢੰਗ ਨਾਲ ਸ਼ਾਇਦ ਜੁਝਾਰੂਆਂ ਦਾ ਬਚਾਓ ਹੋਰ ਕੋਈ ਵੀ ਨਹੀਂ ਸੀ ਕਰ ਸਕਦਾ।

ਮੈਨੂੰ ਚੰਗੀ ਤਰ੍ਹਾਂ ਜਾਨਣ ਅਤੇ ਮੇਰੇ ਨਾਲ ਪਿਆਰ ਸਤਿਕਾਰ ਵਾਲੇ ਨਿੱਘੇ ਸਬੰਧਾਂ ਦੇ ਬਾਵਜੂਦ ਉਨ੍ਹਾਂ 'ਦਲ ਖ਼ਾਲਸਾ' ਬਾਰੇ ਕਈ ਵਾਰੀ ਲਿਖਿਆ ਕਿ ਦਲ ਖ਼ਾਲਸਾ ਨੂੰ ਸ਼ੁਰੂ ਵਿਚ ਕਾਂਗਰਸ ਦੀ ਮਦਦ ਹਾਸਲ ਰਹੀ ਹੈ। ਬੀਬੀ ਜੀ ਦੇ ਇਹ ਲਫਜ਼ ਪੜ੍ਹ ਕੇ ਦੁੱਖ ਤਾਂ ਹਮੇਸ਼ਾਂ ਹੁੰਦਾ ਸੀ, ਪਰ ਮੈਂ ਸਮਝਦਾ

ਹਾਂ ਕਿ ਅਜਿਹੀਆਂ ਇਲਜ਼ਾਮ ਤਰਾਸ਼ੀਆਂ ਸਿੱਖਾਂ ਦੇ ਸਿਆਸੀ ਕਲਚਰ ਦਾ ਹਿੱਸਾ ਬਣ ਚੁੱਕੀਆਂ ਹਨ ਤੇ ਇਹਦੇ ਲਈ ਕਿਸੇ ਇਕ ਵਿਅਕਤੀ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ। ਸਾਡੇ ਆਗੂ, ਚਾਹੇ ਉਹ ਅਕਾਲੀ ਦਲ ਨਾਲ ਸਬੰਧਿਤ ਹੋਣ ਜਾਂ ਜੁਝਾਰੂਆਂ ਨਾਲ, ਇਲਜ਼ਾਮ ਤਰਾਸ਼ੀਆਂ ਨੂੰ ਆਪਣੀ ਲੋੜ ਸਮਝਦੇ ਹਨ।

ਜੇਕਰ ਇਹ ਕਤਲ ਜੁਝਾਰੂਆਂ ਵਿੱਚੋਂ ਕਿਸੇ ਨੇ ਕੀਤਾ ਹੈ, ਤਾਂ ਮੈਂ ਕਹਿਣਾ ਚਾਹਾਂਗਾ ਕਿ ਸਰਕਾਰ ਨੂੰ ਹੁਣ ਸਾਡਾ ਫਿਕਰ ਕਰਨ ਦੀ ਲੋੜ ਨਹੀਂ। ਸਰਕਾਰ ਜੋ ਚਾਹੁੰਦੀ ਹੈ, ਉਹ ਅਸੀਂ ਆਪ ਕਰ ਰਹੇ ਹਾਂ। ਸ੍ਰ. ਭਾਨ ਸਿੰਘ ਤੋਂ ਬਾਅਦ ਬੀਬੀ ਰਜਿੰਦਰ ਕੌਰ ਦਾ ਕਤਲ, ਇਸੇ ਲੜੀ ਦਾ ਹਿੱਸਾ ਹੈ ਅਤੇ ਜੁਝਾਰੂ ਸਿਆਸਤ ਦੀ ਗੁਮਰਾਹ ਸੋਚ ਦਾ ਨਤੀਜਾ ਹੈ। ਜੁਝਾਰੂ ਸਿਆਸਤ ਦੀ ਇਹ ਗੁਮਰਾਹ ਸੋਚ ਸਾਨੂੰ ਮੰਜ਼ਿਲ 'ਤੇ ਨਹੀਂ ਲਿਜਾ ਸਕਦੀ, ਹੋਰ ਭਾਵੇਂ ਕਿਤੇ ਵੀ ਲੈ ਜਾਵੇ। ਇਹ ਕਤਲ ਕੇਵਲ ਇਕ ਪੰਥ ਦਰਦੀ ਦਾ ਹੀ ਕਤਲ ਨਹੀਂ ਸਗੋਂ ਪੱਤਰਕਾਰਤਾ ਦੇ ਖੇਤਰ ਵਿਚ ਇਕ ਆਜ਼ਾਦ ਤੇ ਦਲੇਰ ਸੋਚ ਦਾ ਵੀ ਕਤਲ ਹੈ।

ਬੀਬੀ ਰਜਿੰਦਰ ਕੌਰ ਹੁਰਾਂ ਦਾ ਕਤਲ ਮੈਨੂੰ ਸਿੱਖ ਸੰਘਰਸ਼ ਦੇ ਸੀਨੇ ਵਿਚ ਉਤਾਰੀ ਗਈ ਇਕ ਹੋਰ ਗੋਲੀ ਵਾਂਗ ਮਹਿਸੂਸ ਹੋਇਆ ਹੈ। ਜਦੋਂ ਦੀ ਖ਼ਬਰ ਆਈ ਹੈ ਮੈਂ ਇਹੀ ਸੋਚ ਰਿਹਾ ਹਾਂ ਕਿ ਆਖਿਰ ਕਦੋਂ ਤਕ ਅਸੀਂ ਆਪਣਾ ਕਤਲ ਕਰਦੇ ਰਹਾਂਗੇ?

"ਏਕਤਾ ਦੋ ਬਰਾਬਰ ਦਿਆਂ ਵਿਚ ਹੁੰਦੀ ਹੈ ਅਤੇ ਇਕ ਦੂਜੇ ਦੀਆਂ ਹੱਦਾਂ ਦਾ ਸਤਿਕਾਰ ਕਰਕੇ ਹੁੰਦੀ ਹੈ। ਦੋਵਾਂ ਕੌਮਾਂ ਵਿਚ ਅਮਨ ਅਤੇ ਚੰਗੇ ਸਬੰਧ ਸਥਾਈ ਰੂਪ ਵਿਚ ਤਾਂ ਹੀ ਰਹਿ ਸਕਦੇ ਹਨ ਜੇਕਰ ਦੋਹਾਂ ਵਿਚਲੀ ਲਕੀਰ ਨੂੰ ਪ੍ਰਵਾਨ ਕੀਤਾ ਜਾਵੇ। ਇਹ ਲਕੀਰੈਂ ਪਾਣੀ ਵਿਚ ਵਾਹੀ ਹੋਈ ਨਹੀਂ ਹੈ, ਇਹ ਲਕੀਰ ਅਕਾਲ ਪੁਰਖ ਦੇ ਹੁਕਮ ਨਾਲ ਦਸ ਗੁਰੂ ਸਾਹਿਬਾਨ ਨੇ ਵਾਹੀ ਹੈ। ਸਦੀਆਂ ਲੰਮੇ ਸੰਘਰਸ਼ਾਂ ਵਿਚ ਸਿੰਘਾਂ ਦੇ ਡੁੱਲ੍ਹੇ ਲਹੂ ਨੇ ਇਸ ਲਕੀਰ ਨੂੰ ਇੰਨਾ ਪੱਕਾ ਕਰ ਦਿੱਤਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸਨੂੰ ਮਿਟਾ ਨਹੀਂ ਸਕਦੀ।"

ਲੜਾਈ ਕੌਮੀ ਗੈਰਤ ਲਈ ਹੈ

ਅਕਤੂਬਰ 1989

ਮੈਂ ਰਾਜਨੀਤੀ ਸ਼ਾਸਤਰ (Political Science) ਦੀ ਇਕ ਪੁਸਤਕ ਦੇ ਭਾਗ (Assimilation) ਐਸੀਮੀਲੇਸ਼ਨ ਦੇ ਆਧਾਰ ਉਤੇ ਇਕ ਲੇਖ "ਕੀ ਸਿੱਖ ਜਜ਼ਬ ਨਹੀਂ ਹੋ ਰਹੇ?" "ਜਦੋ-ਜਹਿਦ" ਪਰਚੇ ਵਿਚ ਲਿਖਿਆ ਸੀ। ਅੱਜ ਮੇਰੇ ਕੋਲ ਨਾ ਉਹ ਪੁਲੀਟੀਕਲ ਸਾਇੰਸ ਦੀ ਕਿਤਾਬ ਹੈ ਅਤੇ ਨਾ ਹੀ ਉਹ ਸਾਰੇ ਕਾਰਨ ਯਾਦ ਹਨ ਜੋ ਕਿਸੇ ਘੱਟ ਗਿਣਤੀ ਭਾਈਚਾਰੇ ਦੇ ਬਹੁ-ਗਿਣਤੀ ਭਾਈਚਾਰੇ ਵਿਚ ਜਜ਼ਬ ਹੋਣ (ਜਾਂ ਕਰਨ) ਵਿਚ ਸਹਾਇਕ ਸਿੱਧ ਹੁੰਦੇ ਹਨ। ਪਰ ਇਕ ਕਾਰਨ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਅਤੇ ਉਹ ਹੈ ਘੱਟਗਿਣਤੀ ਅਤੇ ਬਹੁਗਿਣਤੀ ਭਾਈਚਾਰੇ ਵਿਚ 'ਅੰਤਰ-ਭਾਈਚਾਰਕ ਵਿਆਹ'।

ਇਸ ਅੰਤਰ-ਭਾਈਚਾਰਕ ਵਿਆਹਾਂ ਦੇ ਰੁਝਾਨ ਦੀ ਮਾਰ ਬਹੁਤ ਹੱਦ ਤਕ ਇਕ ਤਰਫਾ, ਭਾਵ ਘੱਟ ਗਿਣਤੀ ਨੂੰ ਪੈਂਦੀ ਹੈ। ਅਸੀਂ ਇਸ ਰੁਝਾਨ ਨੂੰ ਸਿੱਖ ਅਤੇ ਹਿੰਦੂ ਸੰਦਰਭ ਵਿਚ ਇਕ ਮਿਸਾਲ ਵਜੋਂ ਦੇਖਣ ਦੀ ਕੋਸ਼ਿਸ਼ ਕਰੀਏ। ਆਬਾਦੀ ਦੇ ਹਿਸਾਬ ਨਾਲ ਦੋ ਸਿੱਖਾਂ ਦੇ ਮੁਕਾਬਲੇ ਉਤੇ ਤਕਰੀਬਨ ਸੌ ਹਿੰਦੂ ਹਨ। ਹੁਣ ਜੇਕਰ ਸਾਡੇ ਵਿਚੋਂ ਇਕ ਕੁੜੀ ਹਿੰਦੂਆਂ ਵਿਚ ਜਾਵੇ ਅਤੇ ਇਕ ਹਿੰਦੂਆਂ ਵਿੱਚੋਂ ਸਾਡੇ ਵਿਚ ਆਵੇ ਤਾਂ ਸਾਡੀ ਇਕ ਕੁੜੀ ਸਾਡੀ ਆਬਾਦੀ ਦਾ ਅੱਧਾ ਹਿੱਸਾ ਹੋਈ ਅਤੇ ਹਿੰਦੂਆਂ ਦੀ ਕੁੜੀ ਉਨ੍ਹਾਂ ਦੀ ਆਬਾਦੀ ਦਾ ਸੌਵਾਂ ਹਿੱਸਾ। ਕਿਸੇ ਭਾਈਚਾਰੇ ਦਾ ਅੱਧ ਜੇਕਰ ਕਿਸੇ ਦੂਜੇ ਭਾਈਚਾਰੇ ਦੇ ਪ੍ਰਭਾਵ ਨੂੰ ਕਬੂਲ ਕਰ ਲਵੇ ਤਾਂ ਉਹ ਭਾਈਚਾਰਾ ਤਕਰੀਬਨ ਪੂਰੀ ਤਰ੍ਹਾਂ ਬਿਖਰ ਕੇ ਰਹਿ ਜਾਵੇਗਾ, ਜਦੋਂਕਿ ਦੂਜੇ ਪਾਸੇ ਸੌ ਦੀ ਆਬਾਦੀ ਵਾਲੇ ਭਾਈਚਾਰੇ ਵਿੱਚੋਂ ਇਕ ਦੇ ਛੱਡ ਕੇ ਚਲੇ ਜਾਣ ਨਾਲ ਉਸਨੂੰ ਕੋਈ ਫਰਕ ਨਹੀਂ ਪਵੇਗਾ। ਇਸ ਮੇਲ-ਜੋਲ ਦੇ ਨਤੀਜੇ ਵਜੋਂ ਘੱਟ ਗਿਣਤੀ ਦੀ ਵਿਲੱਖਣਤਾ ਦਾ ਪ੍ਰਭਾਵ ਹੋਣਾ ਲਾਜ਼ਮੀ ਬਣ ਜਾਵੇਗਾ।

ਫਿਰ ਇਕ ਗੱਲ ਹੋਰ ਵੀ ਹੈ ਕਿ ਇਸ ਤਰ੍ਹਾਂ ਦੇ ਅੰਤਰ ਭਾਈਚਾਰਕ ਵਿਆਹਾਂ ਵਿਚ ਆਮ ਰੁਝਾਨ ਘੱਟ-ਗਿਣਤੀਆਂ ਦੀਆਂ ਕੁੜੀਆਂ ਦੇ ਬਹੁ-ਗਿਣਤੀ ਵਿਚ ਚਲੇ ਜਾਣ ਦਾ ਹੀ ਹੁੰਦਾ ਹੈ। ਇਸ ਲਈ ਕਿਸੇ ਵੀ ਘੱਟ ਗਿਣਤੀ ਕੌਮ ਅਥਵਾ ਭਾਈਚਾਰੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਵਿਲੱਖਣ ਹੋਂਦ ਦੇ ਬਚਾਓ ਲਈ ਅੰਤਰ-ਭਾਈਚਾਰਕ ਵਿਆਹਾਂ ਨੂੰ ਉਤਸ਼ਾਹਤ ਨਾ ਕਰੇ।

1970 ਦੇ ਆਲੇ-ਦੁਆਲੇ ਜਦੋਂ ਸਾਡਾ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਜ਼ਿੰਦਗੀ ਨਾਲ ਵਾਹ ਸੀ ਤਾਂ ਧਾਰਮਿਕ ਅਤੇ ਸਭਿਆਚਾਰਕ ਪੱਖ ਤੋਂ ਸਿੱਖ-ਮੁੰਡੇ ਕੁੜੀਆਂ ਦੀ ਹਾਲਤ ਬਹੁਤ ਮਾੜੀ ਸੀ। ਸਿੱਖ ਕੁੜੀਆਂ ਦੇ ਹਿੰਦੂ ਮੁੰਡਿਆਂ ਨਾਲ ਸਬੰਧਾਂ ਦੀਆਂ ਕਹਾਣੀਆਂ ਹਰ ਪਾਸੇ ਖਿਲਰੀਆਂ ਹੁੰਦੀਆਂ ਸਨ ਪਰ ਕੋਈ ਹਿੰਦੂ ਕੁੜੀ ਸਿੱਖ ਮੁੰਡੇ ਨਾਲ ਚਾਹ ਪੀਣਾ ਵੀ ਗਵਾਰਾ ਨਹੀਂ ਕਰਦੀ ਸੀ। ਵਿੱਦਿਅਕ ਅਦਾਰਿਆਂ ਵਿਚ ਕੋਈ ਸਾਬਤ-ਸੂਰਤ ਸਿੱਖ ਮੁੰਡਾ ਦਿਖਾਈ ਹੀ ਘੱਟ ਦਿੰਦਾ ਸੀ ਅਤੇ ਜੇ ਕੋਈ ਹੁੰਦਾ ਵੀ ਸੀ ਤਾਂ ਉਹ ਹੀਣ ਭਾਵਨਾ ਥੱਲੇ ਦੱਬਿਆ ਹੋਇਆ ਸੀ ਅਤੇ ਉਸਦੇ ਆਲੇ-ਦੁਆਲੇ ਵਾਲੇ ਉਸਨੂੰ 'ਗਿਆਨੀ' ਜਾਂ 'ਭਾਈ' ਕਹਿ ਕੇ ਬੁਲਾਉਂਦੇ ਹੁੰਦੇ ਸਨ। ਇਸ ਹੀਣੇਪਣ ਦਾ ਕਾਰਨ ਉਨ੍ਹਾਂ ਦਾ ਕੇਵਲ ਸਾਬਤ-ਸੂਰਤ ਹੋਣਾ ਹੀ ਨਹੀਂ ਸੀ ਹੁੰਦਾ ਸਗੋਂ ਢਿੱਲਾ ਰਹਿਣ-ਸਹਿਣ ਵੀ ਹੁੰਦਾ ਸੀ।

ਸਿੱਖ ਮੁੰਡਿਆਂ ਦੀ ਵੱਡੀ ਗਿਣਤੀ ਸਿਰਫ ਇਸ ਲਈ ਸਿਰ ਮੂੰਹ ਮੁਨਾ

ਲਿਆ ਕਰਦੀ ਸੀ ਕਿ ਉਹ ਸਮਝਦੇ ਸਨ ਕਿ ਇਸ ਤਰ੍ਹਾਂ ਕਰਕੇ ਉਹ ਕੁੜੀਆਂ ਦੀ ਨਜ਼ਰ ਵਿਚ ਆਕਰਸ਼ਕ ਬਣ ਸਕਣਗੇ। ਅਸੀਂ ਆਪਣੇ ਵੇਲੇ ਵਿਚ ਪੂਰੀ ਦ੍ਰਿੜ੍ਹਤਾ ਦੇ ਨਾਲ ਇਸ ਹਵਾ ਦੇ ਵਿਰੁੱਧ ਖੜੇ ਹੋਏ ਸਾਂ ਪਰ ਮੈਨੂੰ ਯਾਦ ਹੈ ਕਿ ਜਦ ਵੀ ਕਿਸੇ ਸਿੱਖ ਕੁੜੀ ਨੂੰ ਕਿਸੇ ਹਿੰਦੂ ਜਾਂ ਹੋਰ ਗ਼ੈਰ-ਸਿੱਖ ਮੁੰਡੇ ਨਾਲ ਦੇਖ ਲੈਂਦੇ ਸਾਂ ਤਾਂ ਸਾਡੀਆਂ ਅੱਖਾਂ ਵਿਚ ਖ਼ੂਨ ਉਤਰ ਆਉਂਦਾ ਸੀ। ਮੇਰਾ ਪਟਿਆਲੇ ਵਾਲਾ ਦੋਸਤ ਬਲਦੇਵ ਸਿੰਘ ਤਾਂ ਇਸ ਮਾਮਲੇ ਵਿਚ ਬਹੁਤ ਜ਼ਿਆਦਾ ਜਜ਼ਬਾਤੀ ਸੀ। ਅਸੀਂ ਇਸ ਮਾਹੌਲ ਦਾ ਮੁਕਾਬਲਾ ਕਰਨ ਲਈ ਜਿਹੜੇ ਤਰੀਕੇ ਅਪਣਾਏ ਉਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਸਾਬਤ-ਸੂਰਤ ਹੋਣ ਦੇ ਨਾਲ-ਨਾਲ ਪੂਰੀ ਤਰ੍ਹਾਂ ਆਕਰਸ਼ਕ ਬਣ ਕੇ ਵਿਚਰਿਆ ਜਾਵੇ। ਚੰਗੇ ਢੰਗ ਨਾਲ ਕੱਪੜੇ ਪਾਏ ਜਾਣ। ਸੋਹਣੀਆਂ ਪੱਗਾਂ ਬੰਨ੍ਹੀਆਂ ਜਾਣ ਅਤੇ ਪੂਰੇ ਸਵੈ-ਮਾਣ ਨਾਲ ਰਿਹਾ ਜਾਵੇ।

ਅਸੀਂ ਮਹਿਸੂਸ ਕੀਤਾ ਸੀ ਕਿ ਸਾਡੇ ਕੁਝ ਵੀਰ ਸਿੱਖੀ ਨਾਲ ਸਾਦਗੀ ਦੇ ਕੁਝ ਗ਼ਲਤ ਅਰਥ ਜੋੜ ਕੇ ਆਪਣੀ ਸ਼ਖ਼ਸੀਅਤ ਨੂੰ ਬੇਢੰਗੀ ਅਤੇ ਆਕਰਸ਼ਣ ਰਹਿਤ ਬਣਾ ਲੈਂਦੇ ਹਨ। ਇਸ ਦੇ ਉਲਟ ਅਸੀਂ ਇਸ ਜੀਵਨ ਰੁਖ਼ ਨੂੰ ਅਪਣਾਇਆ ਕਿ ਚੰਗੇ ਸਿੱਖ ਹੋਣ ਦੇ ਨਾਲ-ਨਾਲ ਜਚਵਾਂ ਪਹਿਰਾਵਾ ਅਤੇ ਚੰਗੀ ਦਿੱਖ ਹੋਣੀ ਵੀ ਜ਼ਰੂਰੀ ਹੈ।

ਉਪਰੋਕਤ ਪੁਰਾਣੀਆਂ ਯਾਦਾਂ ਦੇ ਤਾਜ਼ਾ ਹੋਣ ਦਾ ਕਾਰਨ 'ਸਿੱਖ ਪਰਿਵਾਰ' ਯੂ. ਕੇ. ਦੇ ਜੁਲਾਈ 1989 ਅੰਕ ਵਿਚ ਛਪੀ 'ਸ਼ੇਰੇ ਪੰਜਾਬ ਜਥੇਬੰਦੀ' ਦੇ ਸਮਾਗਮ ਦੀ ਰਿਪੋਰਟ ਹੈ। ਇਹ ਰਿਪੋਰਟ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਕਿਸੇ ਸਿੱਖ-ਕੁੜੀ ਨੂੰ ਕਿਸੇ ਗ਼ੈਰ-ਸਿੱਖ ਨਾਲ ਜਾਂਦਿਆਂ ਦੇਖ ਕੇ ਜੋ ਸਾਡੇ ਦਿਲ 'ਤੇ ਉਦੋਂ ਬੀਤਦੀ ਸੀ, ਓਹੀ ਪੀੜਾ ਇਹ ਵੀਰ ਹੰਢਾਅ ਰਹੇ ਨੇ ਪਰ ਇਹ ਵੀਰ ਅਮਲ ਦੇ ਖੇਤਰ ਵਿਚ ਸਾਡੇ ਤੋਂ ਅੱਗੇ ਹਨ।

ਧੀ, ਭੈਣ ਦਾ ਰਿਸ਼ਤਾ ਇਨਸਾਨੀ ਅਤੇ ਕੌਮੀ ਗ਼ੈਰਤ ਦੀ ਨਿਸ਼ਾਨੀ ਹੁੰਦਾ ਹੈ ਅਤੇ ਜਿਹੜੀਆਂ ਕੌਮਾਂ ਆਪਣੀਆਂ ਧੀਆਂ, ਭੈਣਾਂ ਦੀ ਰਾਖੀ ਨਾ ਕਰ ਸਕਣ, ਉਨ੍ਹਾਂ ਦੀ ਗ਼ੈਰਤ ਚਕਨਾਚੂਰ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਵਜੂਦ ਹੀ ਖ਼ਤਰੇ ਵਿਚ ਪੈ ਜਾਂਦਾ ਹੈ। ਅੱਜ ਦੇ ਯੁੱਗ ਵਿਚ ਹਮਲੇ 18ਵੀਂ ਸਦੀ ਦੀ ਨਾਦਰ ਸ਼ਾਹੀ ਕਿਸਮ ਦੇ ਨਹੀਂ ਹੁੰਦੇ ਕਿ ਤਲਵਾਰ ਦੇ ਜ਼ੋਰ 'ਤੇ ਕੁੜੀਆਂ ਲਿਜਾਈਆਂ ਜਾਣ।

ਅੱਜ ਪ੍ਰਚਾਰ ਮਾਧਿਅਮ, ਫਿਲਮਾਂ ਅਤੇ ਟੈਲੀਵਿਜ਼ਨ ਰਾਹੀਂ ਘੱਟਗਿਣਤੀਆਂ

ਦੇ ਸਭਿਆਚਾਰ ਉਪਰ ਹਮਲੇ ਹੁੰਦੇ ਹਨ। ਪੁਰਾਣੇ ਸਮਿਆਂ ਵਿਚ ਨਾਦਰ ਸ਼ਾਹੀ ਹਮਲਿਆਂ ਦਾ ਮੁਕਾਬਲਾ ਅਸੀਂ ਬੜੀ ਸਫਲਤਾ ਨਾਲ ਕੀਤਾ ਸੀ ਪਰ ਅੱਜ ਦੇ ਯੁੱਗ ਦੀ ਤਲਵਾਰ ਚਲਾਉਣੀ ਸਾਨੂੰ ਨਹੀਂ ਆਈ। ਅੱਜ ਕਿਸੇ ਦੀ ਧੀ, ਭੈਣ ਨੂੰ ਚੁੱਕਣ ਲਈ, ਨਵੇਂ ਨਾਦਰ ਸ਼ਾਹਾਂ ਨੂੰ ਤਲਵਾਰ ਚਲਾਉਣ ਦੀ ਲੋੜ ਨਹੀਂ ਪੈਂਦੀ। ਅੱਜ ਕੁੜੀਆਂ ਆਪਣੇ ਪੈਰਾਂ 'ਤੇ ਚਲਕੇ ਡਿਸਕੋ ਸੈਂਟਰ ਪਹੁੰਚ ਜਾਂਦੀਆਂ ਹਨ। ਪਰ ਇਕ ਗੱਲ ਸਮਝਣ ਵਾਲੀ ਹੈ ਕਿ ਇੱਥੇ ਇਨ੍ਹਾਂ ਕੁੜੀਆਂ ਦਾ ਕਸੂਰ ਘੱਟ ਅਤੇ ਭਾਈਚਾਰੇ ਦਾ ਵੱਧ ਹੁੰਦਾ ਹੈ। ਚੜ੍ਹਦੀ ਉਮਰ ਵਿਚ ਮੁੰਡੇ-ਕੁੜੀਆਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ, ਜਿਸਨੂੰ ਛੋਟੀ ਤੋਂ ਛੋਟੀ ਅਤੇ ਹਲਕੀ ਤੋਂ ਹਲਕੀ ਚੀਜ਼ ਪ੍ਰਭਾਵਿਤ ਕਰਦੀ ਹੈ। ਕਾਗਜ਼ ਵਰਗੇ ਕੋਰੇ ਅਤੇ ਫੁੱਲਾਂ ਵਰਗੇ ਕੋਮਲ ਹਿਰਦੇ ਉਤੇ, ਜੋ ਤਸਵੀਰਾਂ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦਿਖਾਈ ਦੇਣਗੀਆਂ, ਆਪਣੇ-ਆਪ ਢਹਿੰਦੀਆਂ ਚਲੀਆਂ ਜਾਣਗੀਆਂ।

ਇੱਥੇ ਮੈਂ ਇਹ ਵੀ ਗੱਲ ਕਰਨੀ ਚਾਹਾਂਗਾ ਕਿ ਮੈਂ ਬੱਚਿਆਂ ਨੂੰ ਬਾਹਰ ਦੇ ਪ੍ਰਭਾਵਾਂ ਤੋਂ ਬਚਾਉਣ ਲਈ ਉਨ੍ਹਾਂ ਦੇ ਦਿਲ-ਦਿਮਾਗ ਦੇ ਦਰਵਾਜ਼ੇ ਬੰਦ ਕਰਨ ਦਾ ਹਾਮੀ ਬਿਲਕੁਲ ਨਹੀਂ ਹਾਂ। ਇਸ ਨਾਲ ਬੱਚੇ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਰੁਕ ਜਾਂਦਾ ਹੈ। ਚਾਹੀਦਾ ਇਹ ਹੁੰਦਾ ਹੈ ਕਿ ਬੱਚੇ ਦੇ ਕੋਮਲ ਹਿਰਦੇ ਉਤੇ ਬਾਹਰ ਦਾ ਕੋਈ ਰੰਗ ਚੜ੍ਹਨਾ ਸ਼ੁਰੂ ਹੋਵੇ, ਇਸ ਤੋਂ ਪਹਿਲਾਂ ਅਸੀਂ ਖ਼ਾਲਸਈ ਰੰਗ ਦੀ ਹਲਕੀ-ਹਲਕੀ ਛੋਹ ਦੇਣੀ ਸ਼ੁਰੂ ਕਰ ਦੇਈਏ ਅਤੇ ਵਕਤ ਦੇ ਬੀਤਣ ਨਾਲ ਇਸ ਰੰਗ ਨੂੰ ਗੂੜ੍ਹਾ ਕਰਦੇ ਜਾਈਏ।

ਸਾਡੇ ਕੋਲ ਮਾਣ ਕਰ ਸਕਣ ਲਈ ਸ਼ਾਨਦਾਰ ਪੁਰਾਤਨ ਸਿੱਖ ਇਤਿਹਾਸ ਹੈ ਅਤੇ ਸਿੱਖ ਧਰਮ ਦੇ ਸੁਨਹਿਰੀ ਸਿਧਾਂਤ ਹਨ। ਪਰ ਸਾਡੀ ਸਮੱਸਿਆ ਇਹ ਹੈ ਕਿ ਸਾਡੇ ਬੱਚਿਆਂ ਨੂੰ ਇਸ ਸਭ ਦੀ ਸੋਝੀ ਨਹੀਂ ਹੁੰਦੀ। ਨਾ ਹੀ ਘਰ ਵਿਚ ਮਾਂ-ਪਿਓ ਇਹ ਸੋਝੀ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਨਾ ਹੀ ਸਿੱਖ ਭਾਈਚਾਰਾ। ਜੇਕਰ ਤੁਹਾਡਾ ਅੰਦਰ ਮਜ਼ਬੂਤ ਹੋਵੇ ਤਾਂ ਬਾਹਰ ਦੀ ਕੋਈ ਹਵਾ ਤੁਹਾਡੇ ਉਤੇ ਮਾੜਾ ਅਸਰ ਨਹੀਂ ਪਾ ਸਕੇਗੀ।

ਤੁਸੀਂ ਸਾਰਾ ਕੁਝ ਪੜ੍ਹਦੇ-ਸੁਣਦੇ, ਵੇਖਦੇ ਹੋਏ ਵੀ ਆਪਣੀ ਜੜ੍ਹ ਤੋਂ ਟੁੱਟੋਗੇ ਨਹੀਂ। ਬੱਚੇ ਨੂੰ ਪਰਿਵਾਰਕ ਮਹੌਲ ਦਿਓ, ਜਿਸ ਵਿਚ ਮਾਤਾ-ਪਿਤਾ ਬੱਚੇ ਨੂੰ ਆਪਣੇ ਸਭ ਤੋਂ ਗੂੜ੍ਹੇ ਮਿੱਤਰ ਲੱਗਣ। ਉਸ ਨੂੰ ਬਾਹਰੀ ਦੁਨੀਆਂ ਵਿਚ ਵਿਚਰਦਿਆਂ ਮਾਣ ਕਰ ਸਕਣ ਲਈ ਉਸਦੇ ਸ਼ਾਨਦਾਰ ਇਤਿਹਾਸਕ ਪਿਛੋਕੜ ਅਤੇ ਸੁਨਹਿਰੀ ਸਿਧਾਂਤਾਂ ਦੀ ਸੋਝੀ ਕਰਵਾਓ ਅਤੇ ਫਿਰ ਦੇਖੋ ਤੁਹਾਡੇ ਬੱਚੇ, ਤੁਹਾਡੀ ਜ਼ਿੰਦਗੀ ਲਈ ਸ਼ਰਮਿੰਦਗੀ ਦਾ ਕਾਰਨ ਨਹੀਂ ਬਣਨਗੇ ਸਗੋਂ ਤੁਹਾਡਾ

ਸਿਰ ਉੱਚਾ ਕਰਨਗੇ।

ਸਮੁੱਚੇ ਭਾਈਚਾਰੇ ਦਾ ਰੋਲ, ਘਰ ਦੀ ਚਾਰ ਦੀਵਾਰੀ ਤੋਂ ਬਾਹਰ ਸ਼ੁਰੂ ਹੁੰਦਾ ਹੈ। ਉਹ ਹੈ ਬਾਹਰੀ ਸਭਿਆਚਾਰਕ ਹਮਲਿਆਂ ਨੂੰ ਰੋਕਣਾ। ਇਹ ਰੋਲ ਭਾਈਚਾਰੇ ਦੀਆਂ ਪ੍ਰਤੀਨਿਧ ਜਥੇਬੰਦੀਆਂ ਨੇ ਅਦਾ ਕਰਨਾ ਹੁੰਦਾ ਹੈ। ਜੇਕਰ ਪਰਿਵਾਰ ਅਤੇ ਭਾਈਚਾਰੇ ਨੇ ਆਪਣੀਆਂ ਜ਼ਿਮੇਵਾਰੀਆਂ ਠੀਕ ਤਰ੍ਹਾਂ ਨਾਲ ਨਿਭਾਈਆਂ ਹੁੰਦੀਆਂ ਤਾਂ ਉਹ ਸਥਿਤੀ ਕਦੇ ਨਾ ਆਉਂਦੀ, ਜਿਸਦਾ ਮੁਕਾਬਲਾ ਕਰਨ ਲਈ 'ਸ਼ੇਰੇ ਪੰਜਾਬ' ਜਥੇਬੰਦੀ ਹੋਂਦ ਵਿਚ ਆਈ ਹੈ।

ਮੈਂ ਇੱਥੇ ਥੋੜ੍ਹੇ ਜਿਹੇ ਲਫ਼ਜ਼ਾਂ ਵਿਚ ਆਪਣੀ ਗੱਲ ਕਰਨੀ ਚਾਹਾਂਗਾ। ਮੈਂ ਅੱਜ ਆਪਣੇ ਬਚਪਨ ਵਿਚ, ਜਿਸ ਦੂਰੀ ਤਕ ਝਾਕ ਸਕਦਾ ਹਾਂ, ਉਥੋਂ ਹੀ ਮੈਨੂੰ ਆਪਣੀ ਮਾਂ ਦੀਆਂ ਸੁਣਾਈਆਂ ਹੋਈਆਂ ਸਾਖੀਆਂ ਯਾਦ ਆਉਂਦੀਆਂ ਹਨ। ਇਹ ਸਾਖੀਆਂ ਉਦੋਂ ਤਕ ਮੇਰੇ ਨਾਲ ਤੁਰੀਆਂ ਹਨ ਜਦੋਂ ਤਕ ਮੈਂ ਖ਼ੁਦ ਇਤਿਹਾਸ ਪੜ੍ਹਨ ਜੋਗਾ ਨਹੀਂ ਹੋ ਗਿਆ ਅਤੇ ਇਤਿਹਾਸ ਪੜ੍ਹਦੇ-ਪੜ੍ਹਦੇ ਕਦੋਂ ਮੈਂ ਕੌਮ ਦੇ ਗਵਾਚੇ ਹੋਏ ਸਵੈ-ਮਾਣ ਨੂੰ ਮੁੜ ਤੋਂ ਬਹਾਲ ਕਰਨ ਲਈ ਸੰਘਰਸ਼ ਵਿਚ ਕੁੱਦ ਪਿਆ, ਕੁਝ ਪਤਾ ਹੀ ਨਹੀਂ ਲੱਗਾ।

ਮੈਂ ਬਾਹਰੀ ਦੁਨੀਆਂ ਨੂੰ ਖ਼ੂਬ ਪੜ੍ਹਿਆ-ਸੁਣਿਆ ਅਤੇ ਦੇਖਿਆ ਹੈ। ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਹਰ ਜ਼ੁਬਾਨ ਦੇ ਨਾਵਲ ਪੜ੍ਹੇ ਹਨ, ਫਿਲਮਾਂ ਡਰਾਮੇ ਵੇਖੇ ਹਨ। ਚੰਡੀਗੜ੍ਹ ਤੋਂ ਮਦਰਾਸ, ਕਲਕੱਤੇ ਤਕ ਜਿੰਨਾ ਕੁ ਘੁੰਮ ਫਿਰ ਸਕਿਆ, ਘੁੰਮਿਆ ਫਿਰਿਆ ਹਾਂ ਪਰ ਸਭ ਕੁਝ ਮੈਨੂੰ ਉਸਤੋਂ ਚੰਗਾ ਕਦੇ ਨਹੀਂ ਲੱਗਾ ਜੋ ਪਹਿਲਾਂ ਤੋਂ ਮੇਰੇ ਅੰਦਰ ਸੀ।

ਦੁਨੀਆਂ ਦੀ ਹਰ ਬੁਰਾਈ ਨਾਲ ਅੱਛਾਈ ਜੁੜੀ ਹੁੰਦੀ ਹੈ, ਗੱਲ ਸਿਰਫ ਪਛਾਣ ਕਰ ਸਕਣ ਦੀ ਸੋਝੀ ਦੀ ਹੁੰਦੀ ਹੈ ਅਤੇ ਇਹ ਸੋਝੀ ਦੇਣਾ ਪਹਿਲਾਂ ਪਰਿਵਾਰ ਅਤੇ ਫਿਰ ਭਾਈਚਾਰੇ ਦਾ ਕੰਮ ਹੈ। ਫਿਲਮ ਅੱਜ ਦੇ ਯੁੱਗ ਦਾ ਸਭ ਤੋਂ ਸ਼ਕਤੀਸ਼ਾਲੀ ਪ੍ਰਚਾਰ ਮਾਧਿਅਮ ਹੈ। ਜਿਹੜੀਆਂ ਫਿਲਮਾਂ ਸਾਡੇ ਬੱਚਿਆਂ ਨੂੰ ਦੇਖਣ ਨੂੰ ਮਿਲਦੀਆਂ ਹਨ, ਉਨ੍ਹਾਂ ਵਿਚ ਸਿੱਖ ਦਾ ਕਿਰਦਾਰ ਕਿਧਰੇ ਹੁੰਦਾ ਹੀ ਨਹੀਂ ਤੇ ਜੇ ਕਦੀ ਹੁੰਦਾ ਵੀ ਹੈ ਤਾਂ ਕਾਫੀ ਹਲਕੇ ਪੱਧਰ ਦਾ, ਜਿਸਨੂੰ ਦੇਖ ਕੇ ਹੀ ਦਰਸ਼ਕ ਹੱਸ ਪੈਂਦੇ ਹਨ। ਫਿਲਮ ਹਿੰਦੀ ਦੀ ਹੋਵੇ, ਉਰਦੂ ਜਾਂ ਅੰਗਰੇਜ਼ੀ ਦੀ 'ਕਲੀਨ ਸ਼ੇਵ' ਚਿਹਰਿਆਂ ਵਾਲੇ ਕਿਰਦਾਰ ਹੀ ਇਨ੍ਹਾਂ ਦੇ ਹੀਰੋ ਹੁੰਦੇ ਹਨ ਅਤੇ ਇਨ੍ਹਾਂ ਨਾਇਕਾਂ ਦੀਆਂ ਸੂਰਤਾਂ ਹੀ ਸਾਡੇ ਬੱਚਿਆਂ ਦੇ ਦਿਲਾਂ ਉਤੇ 'ਆਦਰਸ਼' ਬਣ ਕੇ ਉਕਰ ਜਾਂਦੀਆਂ ਹਨ।

ਅੱਜ ਅਸੀਂ ਬੱਚਿਆਂ ਉਤੇ ਫਿਲਮਾਂ ਨਾ ਦੇਖਣ ਦੀ ਪਾਬੰਦੀ ਨਹੀਂ ਲਾ ਸਕਦੇ। ਇਸ ਲਈ ਸਮੁੱਚੇ ਸਮਾਜਿਕ ਮਹੌਲ ਤੋਂ ਕੱਟ ਕੇ ਰਹਿਣਾ ਪੈਂਦਾ ਹੈ, ਜੋ ਸੰਭਵ ਨਹੀਂ ਹੈ। ਇਸਦਾ ਇਕ ਇਲਾਜ ਤਾਂ ਉਨ੍ਹਾਂ ਦੇ ਹਿਰਦਿਆਂ ਨੂੰ ਸਿੱਖੀ ਦੇ ਰੰਗ ਵਿਚ ਰੰਗਣਾ ਅਤੇ ਚੰਗੇ-ਬੁਰੇ ਦੀ ਸੋਝੀ ਦੇਣਾ ਹੈ ਅਤੇ ਦੂਜਾ ਐਸੀਆਂ ਫਿਲਮਾਂ ਦਾ ਨਿਰਮਾਣ ਕਰਨਾ ਜਾਂ ਕਰਵਾਉਣਾ ਹੈ, ਜੋ ਸਿੱਖ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੀਆਂ ਹੋਣ।

ਮੇਰੇ ਖਿਆਲ ਵਿਚ ਸਿੱਖ ਕੁਦਰਤ ਦੇ ਰੂਪ ਨੂੰ ਸਾਂਭਣ ਕਰਕੇ ਦੁਨੀਆਂ ਦਾ ਸਭ ਤੋਂ ਸੋਹਣਾ ਮਨੁੱਖ ਹੈ। ਫਿਲਮਾਂ ਦੇ ਪ੍ਰਭਾਵ ਦਾ ਅੰਦਾਜ਼ਾ ਤੁਸੀਂ ਇਸ ਮਿਸਾਲ ਤੋਂ ਲਗਾ ਸਕਦੇ ਹੋ ਕਿ ਗਾਂਧੀ ਉਤੇ ਬਣੀ ਇਕ ਫਿਲਮ ਨੇ ਉਸ ਨੂੰ ਦੁਨੀਆਂ ਭਰ ਲਈ ਮਹਾਤਮਾ ਬਣਾ ਦਿੱਤਾ। ਸਾਡੇ ਕੋਲ ਤਾਂ ਇਸ ਤੋਂ ਬਹੁਤ ਅਮੀਰ ਵਿਰਸਾ ਹੈ। ਕਾਸ਼! ਅਸੀਂ ਉਸਨੂੰ ਦੁਨੀਆ ਨੂੰ ਦਿਖਾਉਣ ਜੋਗੇ ਹੋਈਏ।

ਸਿੱਖ ਧਰਮ ਕੁਦਰਤ ਦੇ ਨਿਯਮਾਂ ਦੇ ਨਾਲ ਚੱਲਣ ਵਾਲਾ ਧਰਮ ਹੈ। ਇਸ ਵਿਚ ਇਨਸਾਨੀ ਉਮੰਗਾਂ ਉਤੇ ਬੇਲੋੜੀਆਂ ਪਾਬੰਦੀਆਂ ਨਹੀਂ ਲਗਾਈਆਂ ਗਈਆਂ, ਸਿਰਫ ਸੰਜਮ ਦੀ ਤਾਕੀਦ ਕੀਤੀ ਗਈ ਹੈ। ਸਿੱਖ ਧਰਮ ਪਹਿਰਾਵੇ ਸਬੰਧੀ ਵੀ ਕੋਈ ਪਾਬੰਦੀ ਨਹੀਂ ਲਗਾਉਂਦਾ। ਧਰਮ ਨੂੰ ਸਾਦਗੀ ਦੇ ਗ਼ਲਤ ਅਰਥਾਂ ਨਾਲ ਜੋੜਨ ਦੀ ਲੋੜ ਨਹੀਂ ਹੈ ਅਤੇ ਸਾਦਗੀ ਦਾ ਮਤਲਬ ਐਵੇਂ ਢਿੱਲੜ ਜਿਹੇ ਬਣ ਕੇ ਰਹਿਣਾ ਨਹੀਂ ਹੁੰਦਾ। ਸਾਨੂੰ ਆਪਣੀਆਂ ਭੈਣਾਂ, ਬੱਚੀਆਂ ਅਤੇ ਹਮ-ਜਮਾਤਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਔਰਤ ਦਾ ਜੋ ਮੁਕਾਮ ਸਿੱਖ ਧਰਮ ਵਿਚ ਹੈ ਕਿਸੇ ਹੋਰ ਮਜ਼ਹਬ ਵਿਚ ਨਹੀਂ ਹੈ। ਇਸ ਮਕਸਦ ਲਈ ਲੋੜ ਪਵੇ ਤਾਂ ਛੋਟੇ-ਛੋਟੇ ਇਸ਼ਤਿਹਾਰ ਛਪਵਾ ਕੇ ਵੰਡੀਏ।

ਇਸ ਵਿਸ਼ੇ ਨਾਲ ਸਬੰਧਿਤ ਮੈਂ ਇਕ ਗੱਲ ਭਾਰਤੀ ਪ੍ਰਚਾਰ ਮਾਧਿਅਮ 'ਦੂਰਦਰਸ਼ਨ' ਦੀ ਕਰਨੀ ਚਾਹਾਂਗਾ। ਪਿਛਲੇ ਕਾਫੀ ਸਮੇਂ ਤੋਂ ਦਿੱਲੀ ਦੂਰਦਰਸ਼ਨ ਕੇਂਦਰ ਵੱਲੋਂ ਲੜੀ ਵਾਰ ਅਜਿਹੇ ਡਰਾਮੇ ਦਿਖਾਏ ਜਾ ਰਹੇ ਹਨ, ਜਿਨ੍ਹਾਂ ਦਾ ਮੰਤਵ ਹਿੰਦੂ-ਸਿੱਖ ਏਕਤਾ ਹੁੰਦਾ ਹੈ ਅਤੇ ਏਕਤਾ ਦਾ ਉਨ੍ਹਾਂ ਕੋਲ ਇੱਕੋ ਫਾਰਮੂਲਾ ਹੈ, ਦੋਵਾਂ ਭਾਈਚਾਰਿਆਂ ਵਿਚ ਆਪਸੀ ਵਿਆਹ-ਸ਼ਾਦੀਆਂ ਦੇ ਰੁਝਾਨ ਨੂੰ ਉਤਸ਼ਾਹਿਤ ਕਰਨਾ।

ਇਸ ਲੜੀ ਵਿਚ ਪਹਿਲਾਂ ਕਰਤਾਰ ਸਿੰਘ ਦੁੱਗਲ ਦਾ ਡਰਾਮਾ 'ਚੋਲੀ ਦਾਮਨ' ਚਲਦਾ ਰਿਹਾ ਹੈ, ਫਿਰ ਬਲਵੰਤ ਗਾਰਗੀ ਦਾ 'ਸਾਂਝਾ ਚੁੱਲ੍ਹਾ' ਅਤੇ ਹੁਣ ਇਕ

ਹੋਰ ਲੇਖਕ ਦਾ 'ਦਿਲ ਦਰਿਆ' ਚਲ ਰਿਹਾ ਹੈ। ਹਰ ਡਰਾਮੇ ਦੀ ਕਹਾਣੀ ਇੱਕੋ ਜਿਹੀ ਹੀ ਹੁੰਦੀ ਹੈ-ਪਹਿਲਾਂ ਇਕ ਹਿੰਦੂ ਅਤੇ ਇਕ ਸਿੱਖ ਦੋ ਪੱਕੇ ਦੋਸਤ ਹੁੰਦੇ ਹਨ, ਫਿਰ ਉਨ੍ਹਾਂ ਵਿਚ ਕਿਸੇ ਗੱਲੋਂ ਫੁੱਟ ਪੈ ਜਾਂਦੀ ਹੈ ਅਤੇ ਆਖੀਰ 'ਤੇ ਇਕ ਦੀ ਕੁੜੀ ਦੂਜੇ ਦੇ ਮੁੰਡੇ ਨਾਲ ਜਾਂ ਦੂਜੇ ਦਾ ਮੁੰਡਾ ਪਹਿਲੇ ਦੀ ਕੁੜੀ ਨਾਲ ਵਿਆਹਿਆ ਜਾਂਦਾ ਹੈ ਅਤੇ ਦੋਹਾਂ ਦੀ ਦੋਸਤੀ ਫਿਰ ਪੱਕੀ ਹੋ ਜਾਂਦੀ ਹੈ।

ਮੈਂ ਇਨ੍ਹਾਂ ਲੇਖਕ ਸੱਜਣਾਂ ਨੂੰ ਕਹਿਣਾ ਚਾਹਾਂਗਾ ਕਿ ਜਿਸ ਗੱਲ ਦਾ ਪ੍ਰਚਾਰ ਅੱਜ ਉਹ ਕਰ ਰਹੇ ਹਨ, ਇਸੇ ਨੂੰ ਖ਼ਤਰਾ ਸਮਝ ਕੇ ਤਾਂ ਅਸੀਂ ਲੜਾਈ ਸ਼ੁਰੂ ਕੀਤੀ ਸੀ, ਫਿਰ ਇਨ੍ਹਾਂ ਦਾ ਪ੍ਰਚਾਰ ਬਲਦੀ ਉਤੇ ਤੇਲ ਦਾ ਕੰਮ ਕਰੇਗਾ ਜਾਂ ਪਾਣੀ ਦਾ, ਇਹ ਉਨ੍ਹਾਂ ਨੂੰ ਸੋਚ ਲੈਣਾ ਚਾਹੀਦਾ ਹੈ। ਇਹ ਏਕਤਾ ਦਾ ਪ੍ਰਚਾਰ ਨਹੀਂ ਹੈ, ਸਿੱਖਾਂ ਨੂੰ ਆਪਣੀ ਹੋਂਦ ਗੁਆ ਦੇਣ ਲਈ ਪ੍ਰੇਰਨ ਦੀ ਕੋਸ਼ਿਸ਼ ਹੈ। ਦੋ ਕਰੋੜ ਦੀ ਸੱਤਰ ਕਰੋੜ ਨਾਲ ਅਜਿਹੀ ਏਕਤਾ ਨੂੰ ਤਾਂ ਕੇਵਲ ਉਸਦੀ ਖੁਦਕੁਸ਼ੀ ਦੀ ਕੋਸ਼ਿਸ਼ ਹੀ ਕਿਹਾ ਜਾ ਸਕਦਾ ਹੈ।

ਏਕਤਾ ਦੋ ਬਰਾਬਰ ਦਿਆਂ ਵਿਚ ਹੁੰਦੀ ਹੈ ਅਤੇ ਇਕ ਦੂਜੇ ਦੀਆਂ ਹੱਦਾਂ ਦਾ ਸਤਿਕਾਰ ਕਰਕੇ ਹੁੰਦੀ ਹੈ। ਦੋਵਾਂ ਕੌਮਾਂ ਵਿਚ ਅਮਨ ਅਤੇ ਚੰਗੇ ਸਬੰਧ ਸਥਾਈ ਰੂਪ ਵਿਚ ਤਾਂ ਹੀ ਰਹਿ ਸਕਦੇ ਹਨ ਜੇਕਰ ਦੋਹਾਂ ਵਿਚਲੀ ਲਕੀਰ ਨੂੰ ਪ੍ਰਵਾਨ ਕੀਤਾ ਜਾਵੇ। ਇਹ ਲਕੀਰ ਪਾਣੀ ਵਿਚ ਵਾਹੀ ਹੋਈ ਨਹੀਂ ਹੈ, ਇਹ ਲਕੀਰ ਅਕਾਲ ਪੁਰਖ ਦੇ ਹੁਕਮ ਨਾਲ ਦਸ ਗੁਰੂ ਸਾਹਿਬਾਨ ਨੇ ਵਾਹੀ ਹੈ। ਸਦੀਆਂ ਲੰਮੇ ਸੰਘਰਸ਼ਾਂ ਵਿਚ ਸਿੰਘਾਂ ਦੇ ਡੁੱਲ੍ਹੇ ਲਹੂ ਨੇ ਇਸ ਲਕੀਰ ਨੂੰ ਇੰਨਾ ਪੱਕਾ ਕਰ ਦਿੱਤਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸਨੂੰ ਮਿਟਾ ਨਹੀਂ ਸਕਦੀ। ਇਹ ਹੀ ਲਕੀਰ ਸਾਨੂੰ ਬਾਕੀ ਦੀ ਸਾਰੀ ਦੁਨੀਆਂ ਨਾਲੋਂ ਨਿਖੇੜਦੀ ਵੀ ਹੈ ਅਤੇ ਉਸ ਨਾਲ ਜੋੜਦੀ ਵੀ ਹੈ। ਸਾਡੀ ਇਸ ਲਕੀਰ ਦੇ ਸਤਿਕਾਰ ਤੋਂ ਜਿਹੜਾ ਵੀ ਇਨਕਾਰੀ ਹੋਵੇਗਾ, ਉਸ ਨਾਲ ਸਾਡਾ ਟਕਰਾਓ ਹੋ ਜਾਣਾ ਲਾਜ਼ਮੀ ਹੈ।

"ਅੱਜ ਸਾਡੀ ਕੌਮ ਆਪਣੀ ਮਰਜ਼ੀ ਦੇ ਵਿਰੁੱਧ ਇਕ ਐਸੇ ਨਿਜ਼ਾਮ ਵਿਚ ਬੱਝੀ ਹੋਈ ਹੈ ਜਿਸ ਵਿਚ ਮੰਨੂੰ ਸਿਮ੍ਰਤੀ ਦਾ ਵਰਣ ਵੰਡ ਦਾ ਸਿਧਾਂਤ ਹੀ ਅਸਲੀ ਰੂਪ ਵਿਚ ਰਾਜ ਕਰਦਾ ਹੈ।

ਇਹ ਦਲਿੱਤ ਲੋਕ, ਜੋ ਬ੍ਰਾਹਮਣ ਪ੍ਰਧਾਨ ਸਮਾਜ ਦੀ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਵਿੱਚੋਂ ਨਿਕਲਣ ਲਈ, ਅੱਜ ਸੰਘਰਸ਼ਸ਼ੀਲ ਹਨ, ਸਾਡੇ 'ਕੁਦਰਤੀ ਸਾਥੀ' **(Natural ally)** ਵੀ ਹਨ।"

ਮੰਡਲ ਕਮਿਸ਼ਨ ਰਿਪੋਰਟ, ਜਾਤ-ਪਾਤ ਅਤੇ ਸਿੱਖ ਸੰਘਰਸ਼

1990

ਹਿੰਦੁਸਤਾਨ ਦੀ ਕੇਂਦਰੀ ਹਕੂਮਤ ਵਲੋਂ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੇ ਲਏ ਗਏ ਫ਼ੈਸਲੇ ਨੇ ਤਕਰੀਬਨ ਸਮੁੱਚੇ ਹਿੰਦੁਸਤਾਨ ਦੀ ਸਮਾਜੀ ਅਤੇ ਸਿਆਸੀ ਜ਼ਿੰਦਗੀ ਨੂੰ ਝੰਜੋੜ ਕੇ ਰੱਖ ਦਿੱਤਾ। ਸਾਰਾ ਮੁਲਕ ਇਸ ਰਿਪੋਰਟ ਦੇ ਹਾਮੀਆਂ ਅਤੇ ਵਿਰੋਧੀਆਂ ਵਿਚ ਵੰਡਿਆ ਗਿਆ ਹੈ। ਹਰ ਸਿਆਸੀ ਜਮਾਤ ਇਸ ਰਿਪੋਰਟ ਸਬੰਧੀ ਆਪਣਾ ਪੱਖ ਸਪੱਸ਼ਟ ਕਰਨ ਲਈ ਮਜਬੂਰ ਹੈ, ਪਰ ਆਉਣ ਵਾਲੇ ਸਮੇਂ ਵਿੱਚ ਇਕ ਵਰਗ ਦੀਆਂ ਵੋਟਾਂ ਹਾਸਲ ਕਰਨ ਦੀ ਇੱਛਾ ਅਤੇ ਦੂਜੇ ਵਰਗ ਦੀਆਂ ਵੋਟਾਂ ਦੇ ਖੁਸ ਜਾਣ ਦੇ ਡਰ ਕਾਰਨ, ਬਹੁਤੀਆਂ

ਪਾਰਟੀਆਂ ਪੂਰੀ ਸਪੱਸ਼ਟਤਾ ਨਾਲ ਕੋਈ ਪੱਖ ਅਖ਼ਤਿਆਰ ਕਰਨੋਂ ਝਿਜਕ ਰਹੀਆਂ ਹਨ। ਸਿਆਸੀ ਪਾਰਟੀਆਂ ਆਪੋ-ਆਪਣੀਆਂ ਟਿੱਪਣੀਆਂ ਲਈ ਲਫ਼ਜ਼ਾਂ ਦੀ ਚੋਣ ਕਿਹੋ ਜਿਹੀ ਵੀ ਕਰਨ, ਪਰ ਸੜਕਾਂ ਉਤੇ ਲੋਕਾਂ ਦੀ ਵੰਡ ਬਹੁਤ ਸਪੱਸ਼ਟ ਹੈ। ਵਿਰੋਧੀਆਂ ਵੱਲੋਂ ਹੜਤਾਲਾਂ, ਬੰਦ, ਸਾੜਫੂਕ ਸਭ ਕੁਝ ਜਾਰੀ ਹੈ।

ਮਹੀਨਾ ਕੁ ਪਹਿਲਾਂ ਜਦੋਂ ਮੰਡਲ ਕਮਿਸ਼ਨ ਦੀ ਰਿਪੋਰਟ ਵਿਰੁੱਧ ਦਿੱਲੀ, ਯੂ. ਪੀ. ਅਤੇ ਬਿਹਾਰ ਆਦਿ ਸੂਬਿਆਂ ਵਿਚ ਮੁਜ਼ਾਹਰੇ ਸ਼ੁਰੂ ਹੋਏ ਸਨ, ਤਾਂ ਉਸ ਵੇਲੇ ਮੇਰੇ ਅੰਦਰ ਖ਼ਤਰੇ ਦੀ ਇਕ ਘੰਟੀ ਖੜਕੀ ਸੀ। ਖ਼ਤਰੇ ਦੀ ਇਹ ਘੰਟੀ ਸਿੱਖ ਸੰਘਰਸ਼ 'ਤੇ ਪੈ ਸਕਣ ਵਾਲੇ ਮਾਰੂ ਪ੍ਰਭਾਵਾਂ ਸਬੰਧੀ ਸੀ ਅਤੇ ਅੱਜ ਉਹੀ ਸਥਿਤੀ ਆ ਪਹੁੰਚੀ ਹੈ। ਪੰਜਾਬ ਵਿਚ ਵੀ ਰਿਪੋਰਟ ਵਿਰੋਧੀ ਮੁਜ਼ਾਹਰੇ ਸ਼ੁਰੂ ਹੋ ਚੁੱਕੇ ਹਨ ਅਤੇ ਰਿਪੋਰਟ ਦੇ ਹਾਮੀ ਵੀ ਜਵਾਬ ਵਿਚ ਸਰਗਰਮ ਹੋ ਰਹੇ ਹਨ। ਸਿੱਖਾਂ ਦੇ ਕੌਮੀ ਹੱਕਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨੂੰ ਆਪੋ-ਆਪਣਾ ਪੱਖ ਸਪੱਸ਼ਟ ਕਰਨ ਦੀ ਲੋੜ ਮਹਿਸੂਸ ਹੋ ਰਹੀ ਹੈ ਅਤੇ ਜਿਨ੍ਹਾਂ ਕੁਝ ਜਥੇਬੰਦੀਆਂ ਦੇ ਪੱਖ ਹੁਣ ਤਕ ਸਾਹਮਣੇ ਆਏ ਹਨ, ਉਨ੍ਹਾਂ ਵਿਚ ਸਪੱਸ਼ਟ ਮੱਤਭੇਦ ਹਨ। ਸਿੱਖ ਜਥੇਬੰਦੀਆਂ ਨੂੰ ਇਸ ਵਿਸ਼ੇ 'ਤੇ ਕੋਈ ਗੱਲ ਜਜ਼ਬਾਤ ਅਧੀਨ, ਕਾਹਲੀ ਵਿਚ ਜਾਂ ਵਕਤੀ ਲਾਭ ਨੂੰ ਧਿਆਨ ਵਿਚ ਰੱਖ ਕੇ ਨਹੀਂ ਕਹਿਣੀ ਚਾਹੀਦੀ। ਇਸ ਵਿਸ਼ੇ 'ਤੇ ਆਪਣੀ ਰਾਏ ਦਾ ਇਜ਼ਹਾਰ ਕਰਨ ਤੋਂ ਪਹਿਲਾਂ ਸਾਨੂੰ ਬਹੁਤ ਦੂਰ-ਅੰਦੇਸ਼ੀ ਨਾਲ ਵਿਚਾਰ ਕਰਨੀ ਚਾਹੀਦੀ ਹੈ ਅਤੇ ਸਿਧਾਂਤਕ ਤੇ ਕੌਮੀ ਹਿੱਤ ਦੋਵੇਂ ਪੱਖਾਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ।

ਹੁਣ ਤਕ ਜਿਨ੍ਹਾਂ ਸਿੱਖ ਜਥੇਬੰਦੀਆਂ ਦੇ ਵਿਚਾਰ ਪੜ੍ਹਨ ਨੂੰ ਮਿਲੇ ਹਨ, ਉਨ੍ਹਾਂ ਵਿਚ ਮਾਨ ਅਕਾਲੀ ਦਲ, ਦੂਜੀ ਪੰਥਕ ਕਮੇਟੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਭਾਈ ਮਨਜੀਤ ਸਿੰਘ ਗਰੁੱਪ) ਸ਼ਾਮਿਲ ਹਨ। ਮਾਨ ਅਕਾਲੀ ਦਲ ਨੇ ਖੁੱਲ੍ਹ ਕੇ ਆਪਣੇ ਦਲਿਤ ਭਰਾਵਾਂ ਨਾਲ ਖੜ੍ਹਨ ਦੀ ਗੱਲ ਕੀਤੀ ਹੈ, ਦੂਜੀ ਪੰਥਕ ਕਮੇਟੀ ਨੇ ਕੁਝ ਹੋਰ ਅੱਗੇ ਵੱਧ ਕੇ ਰਿਜ਼ਰਵੇਸ਼ਨ ਵਿਰੋਧੀ ਮੁਜ਼ਾਹਰਾਕਾਰੀਆਂ ਨੂੰ ਕਰੜੇ ਹੱਥੀਂ ਲੈਣ ਦੀ ਧਮਕੀ ਵੀ ਦਿੱਤੀ ਹੈ ਅਤੇ ਫੈਡਰੇਸ਼ਨ ਭਾਈ ਮਨਜੀਤ ਸਿੰਘ ਗਰੁੱਪ ਨੇ 'ਸਿੱਖੀ ਵਿਚ ਜਾਤ-ਪਾਤ ਦੀ ਸਿਧਾਂਤਕ ਵਿਰੋਧਤਾ' ਦੇ ਆਧਾਰ 'ਤੇ 'ਜਾਤ-ਪਾਤ 'ਤੇ ਆਧਾਰਤ ਰਿਜ਼ਰਵੇਸ਼ਨ' ਦੀ ਮੁਖ਼ਾਲਫਤ ਕੀਤੀ ਹੈ, ਭਾਵ ਮੰਡਲ ਕਮਿਸ਼ਨ ਰਿਪੋਰਟ ਦੀ ਮੁਖ਼ਾਲਫ਼ਤ ਕੀਤੀ ਹੈ। ਅੰਮ੍ਰਿਤਸਰ ਤੋਂ ਨਿਕਲਦਾ 'ਸੰਤ ਸਿਪਾਹੀ' ਰਸਾਲਾ, ਜਿਸ ਦਾ ਸਿੱਖਾਂ ਵਿਚ ਆਪਣਾ ਇਕ ਵਿਸ਼ੇਸ਼ ਪ੍ਰਭਾਵ ਹੈ, ਨੇ ਵੀ ਜਾਤ-ਪਾਤ ਦੇ ਆਧਾਰ 'ਤੇ ਰਿਜ਼ਰਵੇਸ਼ਨ ਦੀ ਮੁਖ਼ਾਲਫ਼ਤ ਵਿਚ ਸੰਪਾਦਕੀ ਲੇਖ ਲਿਖਿਆ ਹੈ।

ਹੁਣ ਥੋੜ੍ਹਾ ਜਿਹਾ ਜ਼ਿਕਰ 'ਮੰਡਲ ਕਮਿਸ਼ਨ ਰਿਪੋਰਟ' ਦਾ ਵੀ ਕਰ ਲਈਏ। 20 ਦਸੰਬਰ, 1978 ਨੂੰ 'ਜਨਤਾ ਸਰਕਾਰ' ਨੇ ਪਛੜੀਆਂ ਜਾਤਾਂ ਨੂੰ ਉਚਿਆਂ ਚੁੱਕਣ ਲਈ ਸ੍ਰੀ ਵੀ. ਪੀ. ਸਿੰਘ ਮੰਡਲ ਦੀ ਚੇਅਰਮੈਨਸ਼ਿਪ ਹੇਠ ਇਕ ਕਮਿਸ਼ਨ ਦਾ ਗਠਨ ਕੀਤਾ ਸੀ। ਇਸ ਕਮਿਸ਼ਨ ਨੇ ਆਪਣੀ ਵਿਸਥਾਰਪੂਰਵਕ ਰਿਪੋਰਟ 31 ਦਸੰਬਰ, 1980 ਨੂੰ ਭਾਰਤ ਦੇ ਰਾਸ਼ਟਰਪਤੀ ਨੂੰ ਦਿੱਤੀ ਸੀ ਅਤੇ ਇਹੀ ਹੈ ਅੱਜ ਦੀ ਬਹੁਚਰਚਿਤ 'ਮੰਡਲ ਕਮਿਸ਼ਨ ਰਿਪੋਰਟ'। ਕਾਂਗਰਸ ਪਾਰਟੀ, ਜਿਹੜੀ ਅੱਜ ਤਕ ਪਛੜੀਆਂ ਜਾਤਾਂ ਦੇ ਹੱਕਾਂ ਦੀ ਹਿਫਾਜ਼ਤ ਦੀ ਦਾਅਵੇਦਾਰ ਰਹੀ ਹੈ। ਆਪਣੇ ਪਿਛਲੇ ਰਾਜਕਾਲ ਦੌਰਾਨ ਕਿਸੇ ਨਾ ਕਿਸੇ ਬਹਾਨੇ ਇਸ ਰਿਪੋਰਟ ਨੂੰ ਲਾਗੂ ਕਰਨੋਂ ਟਾਲ-ਮਟੋਲ ਕਰਦੀ ਰਹੀ ਹੈ। ਜਨਤਾ ਦਲ, ਜਿਸਨੇ ਇਸ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਆਪਣੇ ਚੋਣ ਮਨੋਰਥ ਪੱਤਰ ਵਿਚ ਕੀਤਾ ਸੀ, ਨੇ ਹੁਣ ਜਦੋਂ ਇਸ ਰਿਪੋਰਟ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਤਾਂ ਇਹ ਮੌਜੂਦਾ ਤੂਫਾਨ ਉਠ ਖੜਾ ਹੋਇਆ ਹੈ।

ਭਾਵੇਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਖੁੱਲ੍ਹ ਕੇ ਇਸ ਰਿਪੋਰਟ ਦੀ ਮੁਖ਼ਾਲਫ਼ਤ ਕਰਨ ਦੀ ਜੁਅਰਤ ਨਹੀਂ ਕਰ ਰਹੀਆਂ, ਪਰ ਸਪੱਸ਼ਟ ਹੈ ਕਿ ਇਸ ਰਿਪੋਰਟ ਦੇ ਵਿਰੋਧੀ ਮੁਜ਼ਾਹਰਾਕਾਰੀਆਂ ਨੂੰ ਹਮਾਇਤ, ਅੰਦਰਖ਼ਾਤੇ ਇਨ੍ਹਾਂ ਦੋਵਾਂ ਪਾਰਟੀਆਂ ਦੇ ਹਾਮੀਆਂ ਵਲੋਂ ਹੀ ਮਿਲ ਰਹੀ ਹੈ। ਭਾਰਤੀ ਜਨਤਾ ਪਾਰਟੀ ਤਾਂ ਸਪੱਸ਼ਟ ਰੂਪ ਵਿਚ ਉਚ ਸ਼੍ਰੇਣੀ ਦੇ ਹਿੰਦੂਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ। ਪਰ ਕਾਂਗਰਸ, ਜਿਸਦੀ ਪਿਛਲੇ ਸਾਰੇ ਸਮੇਂ ਦੀ ਰਾਜ ਸੱਤਾ ਦਾ ਮੂਲ ਆਧਾਰ ਹੀ ਇਹ ਛੋਟੀਆਂ ਕਹੀਆਂ ਜਾਂਦੀਆਂ ਜਾਤਾਂ ਰਹੀਆਂ ਹਨ, ਉਸ ਉਤੇ ਵੀ ਅਸਲ ਕਬਜ਼ਾ ਸਦਾ ਹੀ ਉਚ ਸ਼੍ਰੇਣੀ ਦੇ ਹਿੰਦੂਆਂ ਦਾ ਰਿਹਾ ਹੈ।

ਮੰਡਲ ਕਮਿਸ਼ਨ ਅਨੁਸਾਰ "ਦੇਸ਼ ਵਿਚ ਪਛੜੀਆਂ ਜਾਤਾਂ ਦੇ ਲੋਕਾਂ ਦੀ ਆਬਾਦੀ 52 ਪ੍ਰਤੀਸ਼ਤ ਹੈ, ਹਰੀਜਨਾਂ ਅਤੇ ਜਨਜਾਤੀਆਂ ਦੀ ਆਬਾਦੀ 16 ਪ੍ਰਤੀਸ਼ਤ ਹੈ। ਬਾਕੀ 32 ਪ੍ਰਤੀਸ਼ਤ ਵਿੱਚ 15 ਪ੍ਰਤੀਸ਼ਤ ਮੁਸਲਮਾਨ, 2 ਪ੍ਰਤੀਸ਼ਤ ਇਸਾਈ ਹਨ। ਉਚੀ ਜਾਤ ਦੇ ਹਿੰਦੂਆਂ ਦੀ ਆਬਾਦੀ 14 ਪ੍ਰਤੀਸ਼ਤ ਹੈ, ਪਰ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਦੀ ਰੇਸ਼ੋ 80 ਪ੍ਰਤੀਸ਼ਤ ਹੈ। ਮੰਡਲ ਕਮਿਸ਼ਨ ਨੇ ਨੌਕਰੀਆਂ ਅਤੇ ਸੰਸਦ ਜਾਂ ਵਿਧਾਨ ਸਭਾਵਾਂ ਅਤੇ ਸਕੂਲਾਂ, ਕਾਲਜਾਂ ਵਿਚ 52 ਪ੍ਰਤੀਸ਼ਤ ਵਾਲੇ ਪਛੜੇ ਵਰਗਾਂ ਨੂੰ 27 ਪ੍ਰਤੀਸ਼ਤ ਰਾਖਵਾਂਕਰਨ ਦੇਣ ਦੀ ਸਿਫਾਰਸ਼ ਕੀਤੀ ਹੈ, ਹਾਲਾਂਕਿ 16 ਪ੍ਰਤੀਸ਼ਤ ਵਾਲੇ ਹਰੀਜਨਾਂ ਅਤੇ ਜਨਜਾਤੀਆਂ ਨੂੰ 22 ਪ੍ਰਤੀਸ਼ਤ ਰਾਖਵਾਂਕਰਨ ਦਿੱਤਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਸੁਪਰੀਮ ਕੋਰਟ ਦੇ ਇਕ ਆਦੇਸ਼ ਅਨੁਸਾਰ 50 ਪ੍ਰਤੀਸ਼ਤ ਤੋਂ ਵੱਧ ਰਾਖਵਾਂਕਰਨ ਨਹੀਂ ਕੀਤਾ

ਜਾ ਸਕਦਾ"। ('ਰੋਜ਼ਾਨਾ ਅਜੀਤ' ਤੋਂ ਧੰਨਵਾਦ ਸਹਿਤ)

ਉਪਰੋਕਤ ਪੈਰ੍ਹੇ ਵਿਚ ਮੁਸਲਮਾਨਾਂ ਤੇ ਇਸਾਈਆਂ ਦੀ ਪ੍ਰਤੀਸ਼ਤ ਦੇ ਨਾਲ ਸਿੱਖਾਂ ਦੀ ਪ੍ਰਤੀਸ਼ਤ ਵੱਖਰੀ ਨਹੀਂ ਦਿੱਤੀ ਗਈ, ਕਿਉਂਕਿ ਰਿਜ਼ਰਵੇਸ਼ਨ ਦੀ ਨੀਤੀ ਵਿਚ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਹੀ ਗਿਣਿਆ ਗਿਆ ਹੈ। 1947 ਤੋਂ ਬਾਅਦ ਜਦੋਂ ਪਹਿਲੀ ਵਾਰੀ ਛੋਟੀਆਂ ਕਹੀਆਂ ਜਾਂਦੀਆਂ ਜਾਤਾਂ ਨੂੰ ਰਿਜ਼ਰਵੇਸ਼ਨ ਦਿੱਤੀ ਗਈ ਸੀ, ਤਾਂ ਮੁਸਲਮਾਨਾਂ, ਸਿੱਖਾਂ ਤੇ ਇਸਾਈਆਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਸੀ, ਇਸ ਆਧਾਰ 'ਤੇ ਕਿ ਇਨ੍ਹਾਂ ਧਰਮਾਂ ਵਿਚ ਜਾਤ-ਪਾਤ ਦੀ ਵੰਡ ਅਸੂਲੀ ਤੌਰ 'ਤੇ ਨਹੀਂ ਹੈ।

ਉਸ ਵੇਲੇ ਦੀ ਸਿੱਖ ਲੀਡਰਸ਼ਿਪ ਨੇ ਐਜੀਟੇਸ਼ਨ ਦੀ ਧਮਕੀ ਦੇ ਕੇ ਛੋਟੀਆਂ ਕਹੀਆਂ ਜਾਂਦੀਆਂ ਜਾਤਾਂ ਵਿੱਚੋਂ ਬਣੇ ਸਿੱਖਾਂ ਨੂੰ, ਹਿੰਦੂਆਂ ਲਈ ਬਣੇ ਕਾਨੂੰਨ ਵਿਚ ਸ਼ਾਮਲ ਕਰਵਾ ਕੇ ਰਿਜ਼ਰਵੇਸ਼ਨ ਲੈ ਕੇ ਦਿੱਤੀ ਸੀ ਅਤੇ ਪੁਰਾਣੇ ਅਕਾਲੀ ਆਗੂ ਇਸ ਨੂੰ ਅੱਜ ਤਕ ਆਪਣੀ ਇਕ ਵੱਡੀ ਪ੍ਰਾਪਤੀ ਕਹਿੰਦੇ ਆਉਂਦੇ ਹਨ। ਤਰਕ ਇਹ ਦਿੱਤਾ ਜਾਂਦਾ ਹੈ ਕਿ ਜੇ ਇਹ ਰਿਜ਼ਰਵੇਸ਼ਨ ਨਾ ਲੈ ਕੇ ਦਿੱਤੀ ਜਾਂਦੀ ਤਾਂ ਛੋਟੀਆਂ ਕਹੀਆਂ ਜਾਂਦੀਆਂ ਜਾਤਾਂ ਵਿੱਚੋਂ ਬਣੇ ਹੋਏ ਸਿੱਖਾਂ ਨੇ ਇਹ ਸਹੂਲਤ ਲੈਣ ਲਈ ਮੁੜ ਹਿੰਦੂ ਧਰਮ ਵਿਚ ਸ਼ਾਮਲ ਹੋ ਜਾਣਾ ਸੀ। ਹੁਣ ਜੇ ਇਸ ਗੱਲ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਕ ਪਾਸੇ ਵਕਤੀ ਹਿੱਤ ਸਨ ਅਤੇ ਇਕ ਪਾਸੇ ਸਿੱਖੀ ਦੇ ਬੁਨਿਆਦੀ ਸਿਧਾਂਤ ਅਤੇ ਸਮੇਂ ਦੀ ਲੀਡਰਸ਼ਿਪ ਨੇ ਬੁਨਿਆਦੀ ਸਿਧਾਂਤਾਂ ਨੂੰ ਪਿੱਛੇ ਰੱਖ ਕੇ ਵਕਤੀ ਹਿੱਤਾਂ ਨੂੰ ਤਰਜੀਹ ਦਿੱਤੀ ਸੀ ਅਤੇ ਇੰਞ ਆਪਣੇ ਹੱਥੀਂ ਸਿੱਖ ਸਿਧਾਂਤਾਂ ਉਤੇ ਵਾਰ ਕੀਤਾ ਸੀ।

ਜਦੋਂ 1947 ਤੋਂ ਫੌਰੀ ਬਾਅਦ ਇਹ ਅਤੇ ਇਹੋ ਜਿਹੀਆਂ ਹੋਰ ਕਈ ਸਮੱਸਿਆਵਾਂ ਸਿੱਖਾਂ ਨੂੰ ਪੇਸ਼ ਆਈਆਂ ਸਨ, ਤਾਂ ਸਮੇਂ ਦੀ ਸਿੱਖ ਲੀਡਰਸ਼ਿਪ ਨੂੰ ਸਮਝ ਲੈਣਾ ਚਾਹੀਦਾ ਸੀ ਕਿ ਬਹੁਗਿਣਤੀ ਬੋਰਡ ਦੇ ਆਧਾਰ 'ਤੇ ਹਿੰਦੂ ਰਾਜ ਵਾਲੇ ਹਿੰਦੁਸਤਾਨ ਵਿਚ ਸਿੱਖ ਸਿਧਾਂਤ, ਸਿੱਖ ਸਭਿਆਚਾਰ ਅਤੇ ਸਿੱਖਾਂ ਦੇ ਹਿੱਤ ਸੁਰੱਖਿਅਤ ਨਹੀਂ ਹਨ। ਸਿੱਖ ਆਗੂਆਂ ਨੂੰ ਵਕਤੀ ਹਿੱਤਾਂ ਦੀ ਖਾਤਿਰ ਬੁਨਿਆਦੀ ਸਿਧਾਂਤਾਂ ਸਬੰਧੀ ਸਮਝੌਤਾ ਕਰਨ ਦੀ ਬਜਾਏ ਆਪਣੇ ਵਿਲੱਖਣ ਕੌਮੀ ਹੱਕਾਂ ਲਈ ਸੰਘਰਸ਼ ਸ਼ੁਰੂ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਹ ਠੀਕ ਹੈ ਕਿ ਸਿੱਖਾਂ ਦੀ ਇਕ ਵੱਡੀ ਗਿਣਤੀ ਉਸ ਵੇਲੇ ਉਜੜੀ-ਪੁਜੜੀ ਪਈ ਹੋਈ ਸੀ। ਪਰ ਪੁਰਾਤਨ ਇਤਿਹਾਸਕ ਦੌਰ ਵਿਚ ਵੀ ਤਾਂ ਸਿੱਖ ਤਕਰੀਬਨ ਇਕ ਸੌ ਸਾਲ ਤਕ ਉਜੜੇ-ਪੁਜੜੇ ਰਹਿ ਕੇ ਹੀ ਸੰਘਰਸ਼ ਕਰਦੇ ਰਹੇ ਹਨ ਅਤੇ ਉਹ ਵੇਲਾ ਵਰਤਮਾਨ ਤੋਂ ਕਿਸੇ ਤਰ੍ਹਾਂ ਵੀ ਸੌਖਾ ਨਹੀਂ ਸੀ। ਅੱਜ ਦੇ

ਸਮੇਂ ਵਿਚ ਵੀ ਸਾਡੇ ਸਾਹਮਣੇ ਕੁਝ ਸੰਘਰਸ਼ਸ਼ੀਲ ਕੌਮਾਂ ਦੀਆਂ ਮਿਸਾਲਾਂ ਮੌਜੂਦ ਹਨ, ਜਿਨ੍ਹਾਂ ਨੇ ਲੰਮੇ ਸਮੇਂ ਤਕ ਉਜੜੇ-ਪੁਜੜੇ ਰਹਿ ਕੇ ਵੀ ਆਪਣੀ ਵਿਲੱਖਣ ਕੌਮੀ ਪਛਾਣ ਬਣਾਈ ਰੱਖੀ ਅਤੇ ਕੌਮੀ ਹੱਕਾਂ ਲਈ ਸੰਘਰਸ਼ ਜਾਰੀ ਰੱਖਿਆ। ਪਿਛਲੇ 50-60 ਸਾਲਾਂ ਤੋਂ ਰਿਫਿਊਜ਼ੀ ਕੈਂਪਾਂ ਵਿਚ ਬੈਠੇ ਫਲਸਤੀਨੀਆਂ ਦਾ ਸੰਘਰਸ਼ ਇਕ ਅਜਿਹੀ ਹੀ ਜ਼ਿੰਦਾ ਮਿਸਾਲ ਹੈ।

ਜੇਕਰ ਉਸ ਵੇਲੇ ਵਕਤੀ ਹਿੱਤਾਂ ਖ਼ਾਤਰ ਸਿਧਾਂਤਾਂ ਨਾਲ ਸਮਝੌਤਾ ਕਰਨ ਦੀ ਬਜਾਏ, ਆਪਣੇ ਸਿਧਾਂਤਾਂ ਉਤੇ ਕਾਇਮ ਰਹਿੰਦੇ ਹੋਏ ਕੌਮੀ ਹੱਕਾਂ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਜਾਂਦਾ, ਤਾਂ ਮੈਂ ਨਹੀਂ ਸਮਝਦਾ ਸੀ ਕਿ ਕੋਈ ਸੱਚਾ ਸਿੱਖ ਕਿਸੇ ਛੋਟੀ-ਮੋਟੀ ਸਹੂਲਤ ਲਈ ਸਿੱਖੀ ਦੇ ਦਾਇਰੇ ਤੋਂ ਬਾਹਰ ਜਾਣ ਲਈ ਸੋਚਦਾ ਹੋਵੇ। ਹਾਂ, ਕੌਮੀ ਹੱਕਾਂ ਲਈ ਸੰਘਰਸ਼ ਕਰਨ ਵਾਲੇ ਲੋਕਾਂ ਸਾਹਮਣੇ ਸਿੱਖੀ ਸਿਧਾਂਤਾਂ ਉਤੇ ਆਧਾਰਿਤ ਇਕ ਆਦਰਸ਼ ਸਮਾਜ (Ideal Society) ਦਾ ਸੁਪਨਾ ਜ਼ਰੂਰ ਹੋਣਾ ਚਾਹੀਦਾ ਸੀ, ਜਿਸ ਨੂੰ ਸਾਕਾਰ ਕਰਨ ਲਈ ਉਹ ਆਪਣੇ ਹਿੱਤ ਹੀ ਨਹੀਂ, ਜਾਨਾਂ ਵੀ ਵਾਰਨ ਲਈ ਤਿਆਰ ਹੁੰਦੇ। ਆਦਰਸ਼ ਸਮਾਜ ਦੇ ਇਸ ਸੁਪਨੇ ਵਿਚ ਛੋਟੀਆਂ ਕਹੀਆਂ ਜਾਂਦੀਆਂ ਜਾਤਾਂ ਦੀਆਂ ਬਸਤੀਆਂ ਜਾਂ ਖ਼ੂਹ ਵੱਖਰੇ ਨਾ ਹੁੰਦੇ। ਉਨ੍ਹਾਂ ਨੂੰ ਕਿਸੇ ਖਾਸ ਘਰ ਵਿਚ ਜਨਮੇ ਹੋਣ ਕਰਕੇ ਨਫ਼ਰਤ ਨਾ ਕੀਤੀ ਜਾਂਦੀ।

ਵੈਸੇ ਇਸ ਗੱਲ ਦੀ ਸੰਭਾਵਨਾ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜੇਕਰ ਸਿੱਖਾਂ ਨੇ ਉਸ ਵੇਲੇ ਸੰਘਰਸ਼ ਸ਼ੁਰੂ ਕਰ ਦਿੱਤਾ ਹੁੰਦਾ ਤਾਂ ਅੱਜ ਹਿੰਦੁਸਤਾਨ ਦਾ ਸਿਆਸੀ ਨਕਸ਼ਾ ਹੀ ਕੁਝ ਹੋਰ ਹੋਣਾ ਸੀ। ਹਿੰਦੁਸਤਾਨ ਦੀਆਂ ਹੋਰ ਬਹੁਤ ਸਾਰੀਆਂ ਕੌਮਾਂ ਅਤੇ ਰਿਆਸਤਾਂ ਨੇ ਇਸ ਸੰਘਰਸ਼ ਵਿਚ ਸਾਡੇ ਹਮਕਦਮ ਬਣ ਜਾਣਾ ਸੀ।

ਅੰਗਰੇਜ਼ ਹਾਲੇ ਨਵੇਂ-ਨਵੇਂ ਗਏ ਸਨ, ਸਗੋਂ ਪੂਰੀ ਤਰ੍ਹਾਂ ਗਏ ਵੀ ਨਹੀਂ ਸਨ। ਇਸ ਲਈ ਮਸਲੇ ਨੂੰ ਅੰਤਰਰਾਸ਼ਟਰੀ ਸਿਆਸਤ ਵਿਚ ਇਕ ਮੁਕਾਮ ਛੇਤੀ ਹੀ ਹਾਸਲ ਹੋ ਜਾਣਾ ਸੀ ਅਤੇ ਫਿਰ ਹਿੰਦੁਸਤਾਨ ਦੀ ਸਰਕਾਰ ਨੂੰ ਅੰਤਰਰਾਸ਼ਟਰੀ ਭਾਈਚਾਰੇ ਦੇ ਦਬਾਓ ਅਤੇ ਅੰਦਰੂਨੀ ਕਮਜ਼ੋਰੀਆਂ ਕਰਕੇ ਕੁਝ ਨਾ ਕੁਝ ਝੁਕਣਾ ਹੀ ਪੈਣਾ ਸੀ।

ਜੇ ਸਿੱਖਾਂ ਨੂੰ ਮੁਕੰਮਲ ਆਜ਼ਾਦੀ ਉਸ ਵੇਲੇ ਨਾ ਵੀ ਮਿਲਦੀ ਤਾਂ ਅੰਦਰੂਨੀ ਖ਼ੁਦਮੁਖਤਿਆਰੀ ਤਾਂ ਮਿਲ ਹੀ ਜਾਣੀ ਸੀ ਅਤੇ ਇਹ ਖ਼ੁਦਮੁਖਤਿਆਰੀ ਸ਼ਾਇਦ ਹਿੰਦੁਸਤਾਨ ਦੀਆਂ ਸਾਰੀਆਂ ਰਿਆਸਤਾਂ ਵਾਸਤੇ ਹੋਣੀ ਸੀ। ਕੌਮੀ ਆਧਾਰ 'ਤੇ ਅੰਦਰੂਨੀ ਖ਼ੁਦਮੁਖਤਿਆਰੀ ਤਹਿਤ ਵੀ ਅਸੀਂ ਆਪਣੇ ਹੋਮਲੈਂਡ ਵਿਚ ਕਾਫੀ

ਹੱਦ ਤਕ ਸਿੱਖੀ ਸਿਧਾਂਤਾਂ ਮੁਤਾਬਕ ਆਦਰਸ਼ ਸਮਾਜ ਦੀ ਸਿਰਜਣਾ ਲਈ ਆਪਣਾ ਅੰਦਰੂਨੀ ਵਿਧਾਨ ਬਣਾ ਸਕਦੇ ਹੁੰਦੇ ਤਾਂ ਵੀ ਜਾਤਾਂ-ਪਾਤਾਂ ਦੀ ਵੰਡ ਨੂੰ ਕਬੂਲ ਕਰਨ ਦੀ ਮਜਬੂਰੀ ਵਾਲੇ ਅੱਜ ਦੇ ਹਾਲਾਤ ਦਾ ਸਾਹਮਣਾ ਨਾ ਕਰਨਾ ਪੈਂਦਾ। ਅੱਜ ਜਦੋਂ ਕਿ ਅਸੀਂ ਸਮੇਂ ਦੇ ਹਿਸਾਬ ਨਾਲ ਕਾਫੀ ਪਿੱਛੜ ਜਾਣ ਤੋਂ ਬਾਅਦ ਆਪਣੇ ਕੌਮੀ ਹੱਕਾਂ ਲਈ ਸੰਘਰਸ਼ ਆਰੰਭ ਕੀਤਾ ਹੋਇਆ ਹੈ ਅਤੇ ਅਸੀਂ ਸਿੱਖੀ ਸਿਧਾਂਤਾਂ ਦੇ ਮੁਤਾਬਕ ਪੂਰਨ ਪ੍ਰਭੂਸਤਾ ਸੰਪੰਨ ਖ਼ਾਲਿਸਤਾਨ ਦੀ ਸਥਾਪਨਾ ਲਈ ਦ੍ਰਿੜ੍ਹ ਨਿਸ਼ਚੇ ਨਾਲ ਅੱਗੇ ਵੱਧ ਰਹੇ ਹਾਂ ਤਾਂ ਸਾਡੇ ਸਾਹਮਣੇ ਆਦਰਸ਼ ਸਮਾਜ ਦਾ ਹਾਲੇ ਸਿਰਫ ਇਕ ਸੁਪਨਾ ਹੈ, ਸਾਕਾਰ ਹੋਇਆ ਰੂਪ ਨਹੀਂ ਹੈ। ਅੱਜ ਸਾਡੀ ਕੌਮ ਆਪਣੀ ਮਰਜ਼ੀ ਦੇ ਵਿਰੁੱਧ ਇਕ ਐਸੇ ਨਿਜ਼ਾਮ ਵਿਚ ਬੱਝੀ ਹੋਈ ਹੈ ਜਿਸ ਵਿਚ ਮੰਨੂੰ ਸਿਮ੍ਰਤੀ ਦਾ ਵਰਣ ਵੰਡ ਦਾ ਸਿਧਾਂਤ ਹੀ ਅਸਲੀ ਰੂਪ ਵਿਚ ਰਾਜ ਕਰਦਾ ਹੈ।

ਹਜ਼ਾਰਾਂ ਸਾਲਾਂ ਤੋਂ ਜਿਹੜੇ ਲੋਕ ਉਚ ਸ਼੍ਰੇਣੀ ਹਿੰਦੂਆਂ ਵਲੋਂ ਆਮ ਮਨੁੱਖੀ ਹੱਕਾਂ ਤੋਂ ਵਾਂਝੇ ਰੱਖੇ ਜਾਂਦੇ ਰਹੇ ਹਨ, ਲਿਤਾੜੇ ਜਾਂਦੇ ਰਹੇ ਹਨ, ਜ਼ਲੀਲ ਕੀਤੇ ਜਾਂਦੇ ਰਹੇ ਹਨ ਅਤੇ ਅੱਜ ਵੀ ਕੁਝ ਸੰਵਿਧਾਨਕ ਸੁਰੱਖਿਅਤਾਵਾਂ ਦੇ ਬਾਵਜੂਦ, ਉਨ੍ਹਾਂ ਦੀ ਅਮਲੀ ਹਾਲਤ ਹਿੰਦੂ ਸਮਾਜ ਵਿਚ ਪਹਿਲਾਂ ਨਾਲੋਂ ਬਹੁਤੇ ਫਰਕ ਵਾਲੀ ਨਹੀਂ। ਉਨ੍ਹਾਂ ਨੂੰ ਜੇਕਰ ਬਾਕੀ ਲੋਕਾਂ ਦੇ ਬਰਾਬਰ ਮਿਲਾਉਣ ਲਈ ਕੁਝ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਤਾਂ ਇਹ ਉਨ੍ਹਾਂ ਦਾ ਹੱਕ ਹੈ। ਭਾਰਤ ਦੀ ਕੁੱਲ ਵਸੋਂ ਦੇ 14 ਪ੍ਰਤੀਸ਼ਤ ਉਚ ਸ਼੍ਰੇਣੀ ਹਿੰਦੂਆਂ ਦਾ ਭਾਰਤ ਦੀਆਂ 80 ਪ੍ਰਤੀਸ਼ਤ ਸਰਕਾਰੀ ਨੌਕਰੀਆਂ ਉਪਰ ਕਬਜ਼ਾ, ਕੀ ਦੱਖਣੀ ਅਫਰੀਕਾ ਦੀ ਨਸਲ ਪ੍ਰਸਤੀ ਦਾ ਹੀ ਕੋਈ ਰੂਪ ਮਹਿਸੂਸ ਨਹੀਂ ਹੁੰਦਾ? ਉਥੇ ਸੰਵਿਧਾਨਕ ਨਸਲ-ਪ੍ਰਸਤੀ ਹੈ, ਇਥੇ ਗ਼ੈਰ-ਸੰਵਿਧਾਨਕ ਨਸਲ-ਪ੍ਰਸਤੀ ਹੈ, ਪਰ ਉਸ ਤੋਂ ਕਿਸੇ ਤਰ੍ਹਾਂ ਵੀ ਘੱਟ ਸਖ਼ਤ ਅਤੇ ਘਿਰਣਾਤਮਕ ਨਹੀਂ ਹੈ। ਜਿਹੜੇ ਲੋਕ ਉਥੇ ਘੱਟ ਗਿਣਤੀ ਗੋਰਿਆਂ ਦੇ ਬਹੁ-ਗਿਣਤੀ ਕਾਲਿਆਂ ਉਤੇ ਗਲਬੇ ਨੂੰ ਤੋੜਨ ਲਈ ਹਰ ਪ੍ਰਕਾਰ ਦੀ ਹਮਾਇਤ ਦੇਣ ਦੀਆਂ ਗੱਲਾਂ ਕਰਦੇ ਹਨ, ਉਹ 14 ਪ੍ਰਤੀਸ਼ਤ ਉਚ ਸ਼੍ਰੇਣੀ ਹਿੰਦੂਆਂ ਦਾ 68 ਪ੍ਰਤੀਸ਼ਤ ਪਛੜੀਆਂ ਜ਼ਾਤਾਂ ਉਤੇ ਗਲਬਾ ਖ਼ਤਮ ਕਰਨ ਲਈ ਚੁਕੇ ਗਏ ਕਿਸੇ ਕਦਮ ਦੀ ਮੁਖ਼ਾਲਫ਼ਤ ਕਿਹੜੇ ਹਿਸਾਬ ਨਾਲ ਕਰਦੇ ਹਨ?

ਜਿੱਥੋਂ ਤਕ ਕੌਮੀ ਹੱਕਾਂ ਲਈ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦਾ ਸਵਾਲ ਹੈ, ਉਨ੍ਹਾਂ ਨੂੰ ਇਸ ਮਸਲੇ ਸਬੰਧੀ ਨੀਤੀ ਨਿਰਧਾਰਤ ਕਰਨ ਲੱਗਿਆਂ ਦੋ ਗੱਲਾਂ ਦਾ ਖ਼ਿਆਲ ਰੱਖਣਾ ਅਤੀ ਜ਼ਰੂਰੀ ਹੈ ਅਤੇ ਇਹ ਉਹੀ ਦੋ ਗੱਲਾਂ ਹਨ, ਜਿਨ੍ਹਾਂ ਦਾ ਜ਼ਿਕਰ ਮੈਂ ਇਸ ਲੇਖ ਦੇ ਸ਼ੁਰੂ ਵਿੱਚ ਕੀਤਾ ਸੀ, ਭਾਵ ਸਿੱਖ ਸਿਧਾਂਤਾਂ

ਦਾ ਅਤੇ ਸਿੱਖ ਹਿੱਤਾਂ ਦਾ। ਸਿੱਖ ਸਿਧਾਂਤਾਂ ਅਨੁਸਾਰ, ਸਿੱਖ ਧਰਮ ਵਿਚ ਜਾਤ-ਪਾਤ ਦੀ ਵੰਡ ਲਈ ਕੋਈ ਥਾਂ ਨਹੀਂ ਹੈ, ਕੋਈ ਛੋਟੀ ਜਾਤ ਨਹੀਂ ਹੈ, ਕੋਈ ਵੱਡੀ ਜਾਤ ਨਹੀਂ ਹੈ ਅਤੇ ਕੋਈ ਸ਼ੂਦਰ, ਵੈਸ਼, ਖੱਤਰੀ ਜਾਂ ਬ੍ਰਾਹਮਣ ਨਹੀਂ ਹੈ।

ਅੱਜ ਅਸੀਂ ਇਕ ਅਜਿਹੇ ਖ਼ਾਲਿਸਤਾਨ ਲਈ ਸੰਘਰਸ਼ ਕਰ ਰਹੇ ਹਾਂ, ਜਿੱਥੇ ਅਸੀਂ ਇਨ੍ਹਾਂ ਸਿਧਾਂਤਾਂ 'ਤੇ ਆਧਾਰਿਤ ਇਕ ਆਦਰਸ਼ ਸਮਾਜ ਦੀ ਸਿਰਜਣਾ ਕਰ ਸਕੀਏ। ਪਰ ਅੱਜ ਅਸੀਂ ਜਿਸ ਸਮਾਜਿਕ ਬਣਤਰ ਅਤੇ ਸਿਆਸੀ ਨਿਜ਼ਾਮ ਵਿਚ ਫ਼ਸੇ ਹੋਏ ਹਾਂ, ਉਸ ਵਿਚ ਬਹੁਤ ਸਾਰੀਆਂ ਬੁਰਾਈਆਂ ਕਿਸੇ ਨਾ ਕਿਸੇ ਸ਼ਕਲ ਵਿਚ ਮੌਜੂਦ ਹਨ, ਜੋ ਹਿੰਦੂ ਸਮਾਜ ਵਿਚ ਸਦੀਆਂ ਤੋਂ ਚਲੀਆਂ ਆ ਰਹੀਆਂ ਹਨ।

ਅੱਜ ਦੇ ਹਾਲਾਤ ਵਿਚ ਸਾਡੇ ਵਲੋਂ ਕੋਈ ਅਜਿਹੀ ਗੱਲ ਨਹੀਂ ਕੀਤੀ ਜਾਣੀ ਚਾਹੀਦੀ ਅਤੇ ਨਾ ਹੀ ਕੋਈ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਹੈ, ਜਿਹੜਾ ਇਸ ਹਿੰਦੂ ਮੁਲਕ ਦੇ ਦਲਿੱਤ ਭਰਾਵਾਂ ਦੇ ਹਿੱਤਾਂ ਨੂੰ ਸੱਟ ਮਾਰਦਾ ਹੋਵੇ। ਇਹ ਦਲਿੱਤ ਲੋਕ, ਜੋ ਬ੍ਰਾਹਮਣ ਪ੍ਰਧਾਨ ਸਮਾਜ ਦੀ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਵਿੱਚੋਂ ਨਿਕਲਣ ਲਈ, ਅੱਜ ਸੰਘਰਸ਼ਸ਼ੀਲ ਹਨ, ਸਾਡੇ 'ਕੁਦਰਤੀ ਸਾਥੀ' (Natural ally) ਵੀ ਹਨ। ਸਿੱਖ ਧਰਮ ਨੂੰ ਵੀ ਆਪਣੇ ਮੁੱਢ ਤੋਂ ਹੀ ਮੰਨੂ ਸਿਮ੍ਰਤੀ ਦੇ ਸਿਰਜੇ ਹੋਏ ਹਿੰਦੁਸਤਾਨੀ ਸਮਾਜ ਦੇ ਚੌਧਰੀਆਂ, ਭਾਵ ਬ੍ਰਾਹਮਣਾਂ ਦੀ ਮੁਖ਼ਾਲਫ਼ਤ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਅਤੇ ਕਦਮ-ਕਦਮ 'ਤੇ ਬਿਪਰ ਸੰਸਕਾਰਾਂ ਵਿਰੁੱਧ ਸੰਘਰਸ਼ ਕਰਨਾ ਪੈਂਦਾ ਰਿਹਾ ਹੈ।

ਅੱਜ ਵੀ ਅਸੀਂ ਦਿੱਲੀ ਹਕੂਮਤ ਦੀਆਂ ਜਿਨ੍ਹਾਂ ਸਾਮਰਾਜੀ ਪ੍ਰਵਿਰਤੀਆਂ ਵਿਰੁੱਧ ਸੰਘਰਸ਼ ਕਰ ਰਹੇ ਹਾਂ, ਉਨ੍ਹਾਂ ਦੀ ਅਗਵਾਈ ਬ੍ਰਾਹਮਣ-ਬਾਣੀਆਂ ਗਠਜੋੜ ਕੋਲ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਸਿੱਖੀ ਸਿਧਾਂਤਾਂ ਅਨੁਸਾਰ ਆਦਰਸ਼ ਸਮਾਜ ਦੇ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ, ਖ਼ਾਲਿਸਤਾਨ ਲਈ ਸੰਘਰਸ਼ ਜਾਰੀ ਰੱਖੀਏ ਅਤੇ ਨਾਲ-ਨਾਲ ਆਪਣੀ ਅਸਲੀ ਜ਼ਿੰਦਗੀ ਵਿੱਚੋਂ ਜਾਤ-ਪਾਤ ਦੀ ਵੰਡ ਅਤੇ ਊਚ-ਨੀਚ ਨੂੰ ਜੜ੍ਹੋਂ ਪੁੱਟਣ ਲਈ ਯਤਨਸ਼ੀਲ ਰਹੀਏ ਤਾਂ ਜੋ ਬਾਕੀ ਦੁਨੀਆਂ, ਖ਼ਾਸ ਕਰ ਦਲਿੱਤ ਭਰਾਵਾਂ ਨੂੰ ਇਹ ਯਕੀਨ ਦਿਵਾਇਆ ਜਾ ਸਕੇ ਕਿ ਭਵਿੱਖ ਦੇ ਖ਼ਾਲਿਸਤਾਨ ਵਿਚ ਉਨ੍ਹਾਂ ਨੂੰ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ।

ਅਸੀਂ ਜਾਤ-ਪਾਤ ਦੇ ਮੁਖ਼ਾਲਫ਼ ਹਾਂ ਪਰ ਸਾਡੀ ਨੇੜਤਾ ਹਮੇਸ਼ਾਂ 'ਭਾਈ ਲਾਲੋਆਂ' ਨਾਲ ਰਹੀ। ਹੈ ਜਦੋਂ ਕਦੇ ਵੀ ਅਤੇ ਜਿੱਥੇ ਕਿਤੇ ਵੀ 'ਕੁਚਲੇ ਹੋਏ' ਅਤੇ 'ਕੁਚਲਣ ਵਾਲਿਆਂ' ਵਿਚੋਂ ਕਿਸੇ ਇਕ ਦੀ ਚੋਣ ਕਰਨ ਦਾ ਸਵਾਲ ਸਾਡੇ ਸਾਹਮਣੇ ਆਵੇਗਾ ਤਾਂ ਸਾਡੀ ਚੋਣ 'ਕੁਚਲੇ ਹੋਇਆਂ' ਤੋਂ ਬਿਨਾਂ ਕੋਈ ਹੋਰ ਹੋ ਹੀ ਨਹੀਂ ਸਕਦੀ।

"ਸ੍ਰ. ਕਿਰਪਾਲ ਸਿੰਘ ਸਿੱਖੀ ਅਤੇ ਸਿੱਖ ਇਤਿਹਾਸ ਪ੍ਰਤੀ ਇੰਨੇ ਵਚਨਬੱਧ ਚਿੱਤਰਕਾਰ ਸਨ ਕਿ ਉਨ੍ਹਾਂ ਨੇ ਇਕ ਵਾਰ ਸਰਕਾਰੀ ਮਹਿਕਮੇ ਵੱਲੋਂ ਗਾਂਧੀ (ਮੋਹਨ ਦਾਸ ਕਰਮ ਚੰਦ ਗਾਂਧੀ) ਦਾ ਚਿੱਤਰ ਬਣਾਏ ਜਾਣ ਦੀ ਆਈ ਪੇਸ਼ਕਸ਼ ਠੁਕਰਾ ਦਿੱਤੀ ਸੀ ਕਿਉਂਕਿ ਉਹ ਗਾਂਧੀ ਨੂੰ ਸਿੱਖ ਦੁਸ਼ਮਣ ਸਮਝਦੇ ਸਨ।"

ਖ਼ਾਲਿਸਤਾਨੀ ਚਿੱਤਰਕਾਰ ਸ੍ਰ. ਕਿਰਪਾਲ ਸਿੰਘ

ਜੁਲਾਈ 1990

ਪਿਛਲੇ ਦਿਨੀਂ ਸ੍ਰ. ਕਿਰਪਾਲ ਸਿੰਘ ਆਰਟਿਸਟ ਦੇ ਅਕਾਲ ਚਲਾਣੇ ਦੀ ਖਬਰ ਪੜ੍ਹੀ, ਜੋ ਮੇਰੇ ਲਈ ਇਕ ਨਿੱਜੀ ਸਦਮੇ ਵਾਂਗ ਸੀ। ਜ਼ਿੰਦਗੀ ਦਾ ਇਕ ਲੰਮਾ ਅਰਸਾ ਉਨ੍ਹਾਂ ਨਾਲ ਮੇਰੇ ਬਹੁਤ ਮੋਹ ਭਰੇ ਸਬੰਧ ਰਹੇ ਹਨ। ਸੋ ਕੁਦਰਤੀ ਸੀ ਕਿ ਇਹ ਖਬਰ ਮੇਰੇ ਅੰਦਰ ਇਕ ਹਿਲ-ਜੁਲ ਜਿਹੀ ਪੈਦਾ ਕਰਦੀ ਅਤੇ ਇਹ ਹਿਲ-ਜੁਲ ਮੈਨੂੰ ਉਨ੍ਹਾਂ ਸਬੰਧੀ ਕੁਝ ਲਿਖਣ 'ਤੇ ਮਜਬੂਰ ਕਰਦੀ। ਇਸ ਅੰਦਰ ਦੀ ਹਿਲ-ਜੁਲ ਦੇ ਪ੍ਰਭਾਵ ਅਧੀਨ ਕਈ ਵਾਰ ਕਲਮ ਵੱਲ ਹੱਥ ਵਧਾਇਆ, ਪਰ ਫਿਰ ਕੁਝ ਸੋਚ ਕੇ ਰੁਕ ਜਾਂਦਾ ਰਿਹਾ। ਹੁਣ ਦੋ ਚਾਰ ਦਿਨ ਪਹਿਲਾਂ ਉਨ੍ਹਾਂ ਦੇ ਸ਼ਰਧਾਂਜਲੀ ਸਮਾਰੋਹ ਦੀਆਂ ਰਿਪੋਰਟਾਂ ਪੜ੍ਹੀਆਂ ਹਨ ਅਤੇ

ਇਕ ਦੋ ਲੇਖਕਾਂ ਦੇ ਉਨ੍ਹਾਂ ਸਬੰਧੀ ਮਜ਼ਮੂਨ ਵੀ ਪੜ੍ਹੇ ਹਨ ਅਤੇ ਇਸਤੋਂ ਬਾਅਦ ਮਹਿਸੂਸ- ਹੋਇਆ ਕਿ ਉਨ੍ਹਾਂ ਬਾਰੇ ਜੋ ਕੁਝ ਕਿਹਾ ਜਾਂ ਲਿਖਿਆ ਗਿਆ ਹੈ, ਉਹ ਉਨ੍ਹਾਂ ਦੀ ਸ਼ਖ਼ਸੀਅਤ ਦੇ ਕੱਦ ਸਾਹਮਣੇ ਬਹੁਤ ਥੋੜ੍ਹਾ, ਬਹੁਤ ਛੋਟਾ ਹੈ ਅਤੇ ਇਹ ਵੀ ਮਹਿਸੂਸ ਹੋਇਆ ਕਿ ਜਿਸ ਸਤਿਕਾਰ ਦੇ ਉਹ ਹੱਕਦਾਰ ਬਣਦੇ ਹਨ, ਉਹ ਉਨ੍ਹਾਂ ਨੂੰ ਹਾਲੇ ਨਹੀਂ ਮਿਲਿਆ। ਇਹੀ ਸਭ ਸੋਚਦਿਆਂ, ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਮੇਰੇ ਕੋਲ ਜੋ ਉਨ੍ਹਾਂ ਦੀਆਂ ਯਾਦਾਂ ਸਾਂਭੀਆਂ ਪਈਆਂ ਹਨ ਉਨ੍ਹਾਂ ਨੂੰ ਲੋਕਾਂ ਨਾਲ ਸਾਂਝਾ ਨਾ ਕਰਨਾ ਆਪਣੇ-ਆਪ ਉਤੇ ਇਕ ਕਰਜ਼ ਰੱਖਣ ਬਰਾਬਰ ਹੈ।

ਇਹ ਗੱਲ ਸ਼ਾਇਦ 1970 ਦੇ ਆਲੇ-ਦੁਆਲੇ ਦੀ ਹੈ। ਚੰਡੀਗੜ੍ਹ ਸੈਕਟਰ 22 ਦੇ 'ਕਿਰਨ ਥੀਏਟਰ' ਦੇ ਸਾਹਮਣੇ, ਮੈਂ, ਇਕ ਸਿਆਹ ਕਾਲੇ ਫਕੀਰੀ ਵੇਸ ਵਾਲੇ ਬਜ਼ੁਰਗ ਸਿੱਖ ਨੂੰ ਫਤਿਹ ਬੁਲਾ ਕੇ ਰੋਕ ਲਿਆ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦੇ ਇਸ ਵੱਖਰੇ ਜਿਹੇ ਪਹਿਰਾਵੇ ਦਾ ਅਰਥ ਕੀ ਹੈ। ਇਹ ਸਵਾਲ ਪੁੱਛਣ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਕਾਫੀ ਚਿਰ ਤੋਂ ਚੰਡੀਗੜ੍ਹ ਦੀਆਂ ਸੜਕਾਂ ਉਪਰ ਤੁਰਦੇ-ਫਿਰਦੇ ਦੇਖਦਾ ਆ ਰਿਹਾ ਸਾਂ। ਉਨ੍ਹਾਂ ਦਾ ਖੁੱਲ੍ਹਾ ਅਤੇ ਲੰਮਾ ਜਿਹਾ ਕਾਲਾ ਚੋਲਾ, ਕਾਲਾ ਪਜਾਮਾ, ਚਿੱਟੀ ਪੱਗ, ਤਕਰੀਬਨ ਚਿੱਟੀ ਦਾਹੜੀ ਅਤੇ ਹੱਥ ਵਿਚ ਫੜੀ ਹੋਈ ਸੋਟੀ ਹਮੇਸ਼ਾਂ ਹੀ ਮੇਰਾ ਧਿਆਨ ਆਪਣੇ ਵੱਲ ਖਿੱਚਦੀ ਸੀ। ਬਹੁਤ ਵਾਰ ਸੋਚਣ ਤੋਂ ਬਾਅਦ ਹੀ ਮੈਂ ਉਨ੍ਹਾਂ ਨੂੰ ਰੋਕ ਕੇ ਇਸਦਾ ਅਰਥ ਪੁੱਛ ਸਕਿਆ ਸਾਂ। ਉਨ੍ਹਾਂ ਦਾ ਜਵਾਬ ਸੀ, 'ਇਹ ਤਿਆਗ ਦੀ ਨਿਸ਼ਾਨੀ ਹੈ।"

ਮੈਂ ਫਿਰ ਸਵਾਲ ਕੀਤਾ, "ਤੁਸੀਂ ਕੀ ਤਿਆਗਿਆ ਹੈ?"

ਮੇਰੇ ਇਸ ਸਵਾਲ ਦੇ ਜਵਾਬ ਵਿਚ ਉਨ੍ਹਾਂ ਕੁਝ ਵਿਸਥਾਰ ਨਾਲ ਆਪਣੇ ਬਾਰੇ ਜਾਣਕਾਰੀ ਦਿੱਤੀ ਸੀ ਅਤੇ ਦੱਸਿਆ ਸੀ, "ਪੁਰਾਤਨ ਸਿੱਖ ਇਤਿਹਾਸ ਨੂੰ ਚਿੱਤਰਾਂ ਰਾਹੀਂ ਪੇਸ਼ ਕਰਨ ਲਈ ਉਨ੍ਹਾਂ ਆਪਣੀ ਜ਼ਿੰਦਗੀ ਸਮਰਪਤ ਕਰਨ ਦਾ ਫੈਸਲਾ ਕੀਤਾ ਹੋਇਆ ਹੈ।" ਇਹ ਸੀ ਮੇਰੀ ਸ੍ਰ. ਕਿਰਪਾਲ ਸਿੰਘ ਆਰਟਿਸਟ ਨਾਲ ਪਹਿਲੀ ਮੁਲਾਕਾਤ। ਇਸ ਮੁਲਾਕਾਤ ਤੋਂ ਬਾਅਦ, ਚੰਡੀਗੜ੍ਹ ਦੀਆਂ ਸੜਕਾਂ ਉਤੇ ਤੁਰਦੇ-ਫਿਰਦੇ, ਆਹਮੋ-ਸਾਹਮਣੇ ਮਿਲਦੇ, ਉਨ੍ਹਾਂ ਨਾਲ ਫਤਿਹ ਤਾਂ ਅਕਸਰ ਹੀ ਸਾਂਝੀ ਹੁੰਦੀ ਰਹੀ ਪਰ ਅਸਲ ਨੇੜਤਾ ਮੇਰਾ ਪਹਿਲਾ ਕਾਵਿ ਸੰਗ੍ਰਿਹ 'ਪੰਜ ਤੀਰ ਹੋਰ' ਪ੍ਰਕਾਸ਼ਤ ਹੋਣ ਤੋਂ ਬਾਅਦ ਹੋਈ। ਇਹ ਕਾਵਿ ਸੰਗ੍ਰਿਹ 13 ਅਪ੍ਰੈਲ, 1975 ਨੂੰ ਪ੍ਰਕਾਸ਼ਤ ਹੋਇਆ ਸੀ, ਪਰ ਸ੍ਰ. ਕਿਰਪਾਲ

ਸਿੰਘ ਕੋਲ ਕਦੋਂ ਤੇ ਕਿਵੇਂ ਪਹੁੰਚਿਆ, ਇਹ ਮੈਨੂੰ ਯਾਦ ਨਹੀਂ। ਹਾਂ, ਇਹ ਜ਼ਰੂਰ ਯਾਦ ਹੈ ਕਿ ਇਸਤੋਂ ਬਾਅਦ ਉਨ੍ਹਾਂ ਨਾਲ ਮੇਰੀ ਜਦੋਂ ਵੀ ਮੁਲਾਕਾਤ ਹੋਈ, ਮੈਂ ਉਨ੍ਹਾਂ ਦੀਆਂ ਨਜ਼ਰਾਂ ਵਿਚ, ਆਪਣੇ ਲਈ ਪਿਆਰ-ਸਤਿਕਾਰ ਲਗਾਤਾਰ ਵਧਦਾ ਹੋਇਆ ਹੀ ਮਹਿਸੂਸ ਕੀਤਾ। ਚੰਡੀਗੜ੍ਹ ਦੇ ਇੰਡਸਟਰੀਅਲ ਏਰੀਏ ਤੋਂ ਕੁਝ ਅੱਗੇ ਆਈ. ਟੀ. ਆਈ. ਸਕੂਲ ਦੇ ਨੇੜੇ ਸੈਕਟਰ 28 ਵਿਚ ਉਨ੍ਹਾਂ ਦੀ ਕੋਠੀ ਵਿਚ ਹੁਣ ਅਕਸਰ ਹੀ ਆਉਣਾ ਜਾਣਾ ਸ਼ੁਰੂ ਹੋ ਗਿਆ ਸੀ।

ਸ੍ਰ. ਕਿਰਪਾਲ ਸਿੰਘ ਸਿਰਦਾਰ ਕਪੂਰ ਸਿੰਘ ਦਾ ਅਥਾਹ ਸਤਿਕਾਰ ਕਰਦੇ ਸਨ। ਸਿਰਦਾਰ ਕਪੂਰ ਸਿੰਘ ਦੀ ਬੈਠਕ ਵਿਚ, ਵੱਖ-ਵੱਖ ਸਮਿਆਂ 'ਤੇ ਜੋ ਪੇਂਟਿੰਗਜ਼, 'ਇਕ ਬਾਬਾ ਬੰਦਾ ਸਿੰਘ ਜੀ ਬਹਾਦਰ' ਦੀ ਅਤੇ ਦੂਜੀ 'ਬਾਬਾ ਬੋਤਾ ਸਿੰਘ ਗਰਜਾ ਸਿੰਘ' ਦੀ, ਮੈਂ ਲੱਗੀਆਂ ਦੇਖਦਾ ਰਿਹਾ ਹਾਂ। ਇਕ ਦਿਨ ਸ੍ਰ. ਕਿਰਪਾਲ ਸਿੰਘ ਜੀ ਨੇ, ਮੇਰੇ ਅਤੇ ਮੇਰੇ ਦੋਸਤਾਂ ਨਾਲ ਆਪਣੇ ਵਿਸ਼ੇਸ਼ ਮੋਹ ਦਾ ਕਾਰਨ ਦੱਸਦੇ ਹੋਏ ਇਕ ਸ਼ੇਅਰ ਸੁਣਾਇਆ ਸੀ (ਜੋ ਚੰਗੀ ਤਰ੍ਹਾਂ ਯਾਦ ਤਾਂ ਨਹੀਂ, ਪਰ ਸ਼ਾਇਦ ਇਕਬਾਲ ਸਿੰਘ ਦਾ ਹੀ ਹੈ):

'ਮੁਹੱਬਤ ਮੁਝੇ ਉਨ ਜਵਾਨੋਂ ਸੇ ਹੈ
ਸਿਤਾਰੋਂ ਪੇ ਜੋ ਡਾਲਤੇ ਹੈਂ ਕੁਮੰਦ।'

ਇਹ ਸ਼ੇਅਰ ਸੁਣਾਉਣ ਤੋਂ ਬਾਅਦ ਉਨ੍ਹਾਂ ਨੇ ਇਸਦੇ ਅਰਥ ਸਮਝਾਏ ਸਨ ਅਤੇ ਫਿਰ ਇਹ ਅਰਥ ਸਾਡੇ ਉਤੇ ਢੁਕਾਅ ਕੇ ਦਿਖਾਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸਾਡੇ ਵਿਚ 'ਸਿਤਾਰਿਆਂ ਉਤੇ ਕੁਮੰਦ ਪਾਉਣ ਦੀ ਜੁਸਤਜੂ' ਨੂੰ ਮਹਿਸੂਸ ਕਰਦੇ ਹਨ। ਸ੍ਰ. ਕਿਰਪਾਲ ਸਿੰਘ ਵਿਚ ਹਲੀਮੀ ਇੰਨੀ ਸੀ ਕਿ ਉਨ੍ਹਾਂ ਨੇ ਹਮੇਸ਼ਾਂ ਸਾਨੂੰ ਆਪਣੀ ਕੋਠੀ ਦੇ ਗੇਟ ਤਕ ਛੱਡਣ ਆਉਣਾ ਤੇ ਸਾਡੇ ਨਜ਼ਰਾਂ ਤੋਂ ਉਹਲੇ ਹੋਣ ਤਕ ਗੇਟ ਉਤੇ ਹੀ ਖੜ੍ਹੇ ਰਹਿਣਾ।

1978 ਦੇ ਦੂਜੇ ਅੱਧ ਵਿਚ ਮੇਰਾ ਦੂਜਾ ਕਾਵਿ ਸੰਗ੍ਰਹਿ ਰਿਲੀਜ਼ ਹੋਇਆ ਸੀ। ਇਹ ਕਿਤਾਬ ਜਦੋਂ ਪ੍ਰੈਸ ਵਿਚ ਛਪ ਰਹੀ ਸੀ ਤਾਂ ਇਕ ਦਿਨ ਮੈਂ ਸ੍ਰ. ਕਿਰਪਾਲ ਸਿੰਘ ਹੁਰਾਂ ਕੋਲ ਜਾ ਕੇ ਇਹ ਇੱਛਾ ਪ੍ਰਗਟ ਕੀਤੀ ਕਿ ਮੇਰੀ ਇਸ ਕਿਤਾਬ ਦਾ ਸਰਵਰਕ ਉਹ ਤਿਆਰ ਕਰਕੇ ਦੇਣ। ਉਨ੍ਹਾਂ ਨੇ ਉਸੇ ਵੇਲੇ ਚਾਹ ਦੇ ਪਿਆਲੇ 'ਤੇ ਬੈਠਿਆਂ ਮੇਰੇ ਨਾਲ ਸਰਵਰਕ ਬਾਰੇ ਵਿਚਾਰਾਂ ਕੀਤੀਆਂ ਅਤੇ ਸਾਹਮਣੇ ਪਏ ਕਾਗਜ਼ ਉਤੇ ਕੱਚਾ ਜਿਹਾ ਖਿਆਲ ਉਸਾਰ ਦਿੱਤਾ ਤੇ ਕੁਝ ਦਿਨ ਬਾਅਦ ਆ ਕੇ ਸਰਵਰਕ ਲੈਣ ਲਈ ਕਿਹਾ। ਕੁਝ ਦਿਨ ਬਾਅਦ ਜਦੋਂ ਮੈਂ ਸਰਵਰਕ ਲੈਣ ਲਈ ਗਿਆ ਤਾਂ ਮੈਨੂੰ ਆਪਣੀ ਕਿਤਾਬ ਦੀ ਮੁਕੰਮਲ ਭਾਵਨਾ

ਇਕ ਸਫ਼ੈਦ ਕਾਗਜ਼ ਉਤੇ ਚਿਤਰੀ ਹੋਈ ਨਜ਼ਰ ਆਈ। ਇਸ ਚਿੱਤਰ ਵਿਚ ਦਿੱਲੀ ਦੇ ਪਾਰਲੀਮੈਂਟ 'ਤੇ ਗੰਗੂ ਦੀ ਰੂਹ ਦਾ ਸਾਇਆ ਪੈਂਦਾ ਦਿਖਾਇਆ ਗਿਆ ਸੀ ਅਤੇ ਗੰਗੂ ਦੇ ਚਿਹਰੇ ਵਿੱਚੋਂ ਗਾਂਧੀ ਦੇ ਚਿਹਰੇ ਦਾ ਭਰਮ ਪੈਂਦਾ ਸੀ। ਇਹ ਚਿੱਤਰ ਸ੍ਰ. ਕਿਰਪਾਲ ਸਿੰਘ ਜੀ ਦਾ ਖਿਆਲ ਸੀ ਅਤੇ ਉਨ੍ਹਾਂ ਦੇ ਲੜਕੇ ਸ੍ਰ. ਜਰਨੈਲ ਸਿੰਘ ਦਾ ਹੁਨਰ ਸੀ।

ਸ੍ਰ. ਕਿਰਪਾਲ ਸਿੰਘ, 'ਦਲ ਖਾਲਸਾ' ਅਤੇ ਸਿੱਖ ਸਾਹਿਤ ਤੇ ਸਭਿਆਚਾਰਕ ਕੇਂਦਰ ਦੇ ਸਮਾਗਮਾਂ ਵਿਚ ਹਮੇਸ਼ਾਂ ਹੀ ਸ਼ਾਮਿਲ ਹੁੰਦੇ ਸਨ, ਕਦੇ ਸਿੱਧੇ ਰੂਪ ਵਿਚ ਕਦੇ ਅਸਿੱਧੇ ਰੂਪ ਵਿਚ। ਸਿੱਧੇ ਰੂਪ ਤੋਂ ਮੇਰਾ ਭਾਵ ਉਨ੍ਹਾਂ ਦੇ ਹਾਜ਼ਰੀ ਭਰਨ ਤੋਂ ਹੈ ਅਤੇ ਅਸਿੱਧੇ ਰੂਪ ਤੋਂ ਮੇਰਾ ਭਾਵ ਸਮਾਗਮ ਦੇ ਖਰਚੇ ਲਈ ਇਕੱਤਰ ਕੀਤੇ ਜਾਣ ਵਾਲੇ ਫੰਡ ਵਿੱਚ ਉਨ੍ਹਾਂ ਵੱਲੋਂ ਪਾਏ ਜਾਣ ਵਾਲੇ ਹਿੱਸੇ, ਜਾਂ ਫਿਰ ਆਪਣੀ ਕਲਾ ਰਾਹੀਂ ਪਾਏ ਗਏ ਹਿੱਸੇ ਤੋਂ ਹੈ। ਉਹ ਜਦੋਂ ਕਦੇ ਸਾਡੇ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਸਨ, ਤਾਂ ਸਿਰਫ ਸਰੋਤੇ ਦੇ ਰੂਪ ਵਿਚ, ਸਟੇਜ 'ਤੇ ਬੋਲਣ ਤੋਂ ਹਮੇਸ਼ਾਂ ਗੁਰੇਜ਼ ਕਰਦੇ ਸਨ। 1978 ਦੇ ਆਖੀਰ ਵਿਚ, ਦਲ ਖਾਲਸਾ ਵੱਲੋਂ ਕਿਲ੍ਹਾ ਆਨੰਦਗੜ੍ਹ, ਆਨੰਦਪੁਰ ਸਾਹਿਬ ਵਿਚ ਜੋ ਵਰਕਰ ਟ੍ਰੇਨਿੰਗ ਕੈਂਪ ਲਗਾਇਆ ਗਿਆ ਸੀ, ਉਸਦੇ ਅਖੀਰੀ ਦਿਨ ਦੇ ਸਮਾਗਮ ਵਿਚ ਸ੍ਰ. ਕਿਰਪਾਲ ਸਿੰਘ ਜੀ ਨੂੰ ਉਨ੍ਹਾਂ ਦੀਆਂ ਸਿੱਖ ਕੌਮ ਪ੍ਰਤੀ ਸੇਵਾਵਾਂ ਬਦਲੇ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ ਸੀ। ਇਹੀ ਇੱਕੋ ਸਮਾਗਮ ਮੈਨੂੰ ਯਾਦ ਹੈ, ਜਿਸ ਵਿਚ ਸਟੇਜ 'ਤੇ ਆ ਕੇ ਉਨ੍ਹਾਂ ਕੁਝ ਲਫਜ਼ ਕਹੇ ਵੀ ਸਨ।

ਅਸੀਂ ਦਲ ਖ਼ਾਲਸਾ ਅਤੇ ਸਿੱਖ ਸਾਹਿਤ ਤੇ ਸਭਿਆਚਾਰਕ ਕੇਂਦਰ ਦੇ ਸਮਾਗਮਾਂ ਲਈ ਫੰਡ ਇਕੱਠਾ ਕਰਨ ਲਈ ਚੰਡੀਗੜ੍ਹ ਵਿਚ ਰਹਿੰਦੇ ਆਪਣੇ ਜਿਨ੍ਹਾਂ ਹਮਦਰਦਾਂ ਦੀ ਲਿਸਟ ਤਿਆਰ ਕੀਤੀ ਹੋਈ ਸੀ, ਉਸ ਵਿਚ ਸ੍ਰ. ਕਿਰਪਾਲ ਸਿੰਘ ਦਾ ਨਾਮ ਪੱਕੇ ਦਾਨੀਆਂ ਵਿਚ ਸ਼ਾਮਿਲ ਸੀ। ਮੈਨੂੰ ਪੰਜ ਛੇ ਸਾਲ ਦੇ ਲੰਮੇ ਵਕਫੇ ਵਿਚ ਇਕ ਵੀ ਮੌਕਾ ਐਸਾ ਯਾਦ ਨਹੀਂ ਜਦੋਂ ਅਸੀਂ ਸ੍ਰ. ਕਿਰਪਾਲ ਸਿੰਘ ਜੀ ਦੇ ਘਰੋਂ ਖਾਲੀ ਵਾਪਸ ਆਏ ਹੋਈਏ। ਉਹ ਕੋਈ ਸਰਮਾਏਦਾਰ ਜਾਂ ਧਨਵਾਨ ਵਿਅਕਤੀ ਨਹੀਂ ਸਨ, ਜੋ ਸਿਆਸੀ ਲਾਭ ਦੀ ਖਾਤਰ ਸਾਨੂੰ ਫੰਡ ਦਿੰਦੇ। ਉਨ੍ਹਾਂ ਦੀ ਮਦਦ ਤਾਂ ਸੰਕੇਤਕ ਹੀ ਹੁੰਦੀ ਸੀ, ਪੰਜ ਜਾਂ ਦਸ ਰੁਪਏ, ਪਰ ਹੁੰਦੀ ਦਿਲ ਦੀ ਗਹਿਰਾਈ ਤੋਂ ਸੀ।

1980-81 ਵਿਚ ਅਸੀਂ ਦਲ ਖਾਲਸਾ ਵੱਲੋਂ 'ਖਾਲਿਸਤਾਨ ਕਨਵੈਨਸ਼ਨਾਂ' ਅਤੇ 'ਖਾਲਿਸਤਾਨ ਮਾਰਚਾਂ' ਦੀ ਇਕ ਮੁਹਿੰਮ ਜਿਹੀ ਆਰੰਭ ਕੀਤੀ ਸੀ। ਇਨ੍ਹਾਂ ਕਨਵੈਨਸ਼ਨਾਂ ਅਤੇ ਮਾਰਚਾਂ ਵੱਲ ਲੋਕਾਂ ਦਾ ਧਿਆਨ ਖਿੱਚਣ ਲਈ ਅਸੀਂ

ਕੁਝ ਵੱਡੇ-ਵੱਡੇ ਬੈਨਰ ਜਿਹੇ ਤਿਆਰ ਕਰਵਾਏ ਸਨ ਅਤੇ ਇਹ ਸੇਵਾ ਵੀ ਅਸੀਂ ਸ੍ਰ. ਕਿਰਪਾਲ ਸਿੰਘ ਤੋਂ ਲਈ ਸੀ। ਇਨ੍ਹਾਂ ਵਿੱਚੋਂ ਦੋ ਬੈਨਰ ਇਤਿਹਾਸਕ ਮਹੱਤਵ ਦੇ ਹੋ ਨਿਬੜੇ ਹਨ, ਜੋ ਮੇਰਾ ਖਿਆਲ ਅੱਜ ਵੀ ਲੱਖਾਂ ਲੋਕਾਂ ਨੂੰ ਯਾਦ ਹੋਣਗੇ, ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੋਵੇਗਾ ਕਿ ਇਹ ਸ੍ਰ. ਕਿਰਪਾਲ ਸਿੰਘ ਦੀ ਹੀ ਕੀਤੀ ਹੋਈ ਸੇਵਾ ਸੀ।

ਇਕ ਬੈਨਰ ਸੀ, ਖਾਲਿਸਤਾਨ ਦੇ ਨਕਸ਼ੇ ਦਾ, ਜਿਸ ਵਿਚ ਪਹਿਲਾਂ ਉਹ ਇਲਾਕਾ ਵਿਖਾਇਆ ਗਿਆ ਸੀ, ਜੋ ਕਦੇ ਸਿੰਘਾਂ ਦੀ ਹੁਕਮਰਾਨੀ ਵਿਚ, ਖ਼ਾਲਸਈ ਨਿਸ਼ਾਨ ਸਾਹਿਬ ਦੀ ਛਤਰਛਾਇਆ ਹੇਠ ਰਿਹਾ ਹੈ ਅਤੇ ਫਿਰ ਇਸਦੇ ਵਿਚ ਵੀ ਉਹ ਇਲਾਕਾ ਦਿਖਾਇਆ ਗਿਆ ਸੀ, ਜੋ ਅੱਜ ਅਸੀਂ ਖ਼ਾਲਿਸਤਾਨ ਦੇ ਰੂਪ ਵਿਚ ਆਪਣਾ ਹੱਕ ਸਮਝਦੇ ਹਾਂ। ਦੂਜੇ ਬੈਨਰ ਵਿਚ ਇਕ ਸਿੰਘ ਨੂੰ ਤਿੰਨ ਸਿੱਖ ਦੁਸ਼ਮਣ ਹੁਕਮਰਾਨੀਆਂ ਦੇ ਪ੍ਰਤੀਕ ਬਣੇ ਇਕ ਮੁਗ਼ਲ, ਇਕ ਅੰਗਰੇਜ਼ ਅਤੇ ਇਕ ਹਿੰਦੂ ਦੇ ਵਿਚਕਾਰ ਬੰਨ੍ਹਿਆ ਵਿਖਾਇਆ ਗਿਆ ਸੀ। ਸਿੰਘ ਪੁਰਾਤਨ ਪਹਿਰਾਵੇ ਵਿਚ ਸੀ, ਮੁਗ਼ਲ ਦੇ ਹੱਥ ਵਿਚ ਤਲਵਾਰ, ਅੰਗਰੇਜ਼ ਦੇ ਹੱਥ ਵਿਚ ਬੰਦੂਕ ਅਤੇ ਹਿੰਦੂ ਦੇ ਹੱਥ ਵਿਚ ਲਾਠੀ ਸੀ। ਥੱਲੇ ਸਿੰਘ ਦੀ ਆਵਾਜ਼ ਦੇ ਰੂਪ ਵਿਚ ਇਕ ਸ਼ੇਅਰ ਲਿਖਿਆ ਸੀ-

'ਮੌਤ ਕੀ ਸ਼ਮਸ਼ੀਰ ਸੇ ਯਾਰੋ ਡਰੇਂ ਹਮ ਕਿਸ ਲੀਏ
ਜ਼ਿੰਦਗੀ ਗੁਜ਼ਰੀ ਹੈ ਅਪਨੀ ਖਾਨਾ-ਏ-ਜਲਾਦ ਮੇਂ'

ਸ੍ਰ. ਕਿਰਪਾਲ ਸਿੰਘ ਸਿੱਖੀ ਅਤੇ ਸਿੱਖ ਇਤਿਹਾਸ ਪ੍ਰਤੀ ਇੰਨੇ ਵਚਨਬੱਧ ਚਿੱਤਰਕਾਰ ਸਨ ਕਿ ਉਨ੍ਹਾਂ ਨੇ ਇਕ ਵਾਰ ਸਰਕਾਰੀ ਮਹਿਕਮੇ ਵੱਲੋਂ ਗਾਂਧੀ (ਮੋਹਨ ਦਾਸ ਕਰਮ ਚੰਦ ਗਾਂਧੀ) ਦਾ ਚਿੱਤਰ ਬਣਾਏ ਜਾਣ ਦੀ ਆਈ ਪੇਸ਼ਕਸ਼ ਠੁਕਰਾ ਦਿੱਤੀ ਸੀ ਕਿਉਂਕਿ ਉਹ ਗਾਂਧੀ ਨੂੰ ਸਿੱਖ ਦੁਸ਼ਮਣ ਸਮਝਦੇ ਸਨ।

ਸ੍ਰ. ਕਿਰਪਾਲ ਸਿੰਘ ਨਾਲ ਦੁਨੀਆਂ ਦੇ ਹੋਰ ਹਰ ਵਿਸ਼ੇ 'ਤੇ ਗੱਲ ਹੋ ਜਾਂਦੀ ਸੀ, ਪਰ ਉਹ ਆਪਣੀ ਪਰਿਵਾਰਕ ਜ਼ਿੰਦਗੀ ਬਾਰੇ ਗੱਲ ਕਰਨਾ ਪਸੰਦ ਨਹੀਂ ਸਨ ਕਰਦੇ। ਉਂਝ ਸੁਣ ਰੱਖਿਆ ਸੀ ਕਿ ਉਨ੍ਹਾਂ ਦੇ ਆਪਣੀ ਪਤਨੀ ਨਾਲ ਸਬੰਧ ਕੁਝ ਸੁਖਾਵੇਂ ਨਹੀਂ ਸਨ ਅਤੇ ਉਹ ਕਾਫੀ ਸਮੇਂ ਤੋਂ ਇਕ ਦੂਜੇ ਤੋਂ ਅਲੱਗ ਰਹਿ ਰਹੇ ਸਨ। ਇਸ ਮਾਮਲੇ ਵਿਚ ਉਨ੍ਹਾਂ ਦੀ ਜ਼ਿੰਦਗੀ ਸਿਰਦਾਰ ਕਪੂਰ ਸਿੰਘ ਦੀ ਜ਼ਿੰਦਗੀ ਨਾਲ ਮੇਲ ਖਾਂਦੀ ਸੀ। ਇਕ ਦਿਨ ਸਿਰਦਾਰ ਕਪੂਰ ਸਿੰਘ ਦੀ ਪਰਿਵਾਰਕ ਜ਼ਿੰਦਗੀ ਦੇ ਹਵਾਲੇ ਨਾਲ ਹੀ, ਉਨ੍ਹਾਂ ਆਪਣੀ ਪਰਿਵਾਰਕ ਜ਼ਿੰਦਗੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਸੀ: "ਮੈਂ ਆਪਣੀ ਨਾ-ਖੁਸ਼ਗਵਾਰ

ਵਿਆਹੁਤਾ ਜ਼ਿੰਦਗੀ ਦਾ ਸ਼ਿਕਾਰ ਹਾਂ''। ਫਿਰ ਉਨ੍ਹਾਂ ਇਸ ਵਿਸ਼ੇ 'ਤੇ ਹੋਰ ਗੱਲ ਕਰਦਿਆਂ ਕਿਹਾ ਸੀ, "ਸਾਡੇ ਵਰਗੇ ਲੋਕਾਂ ਦੀ ਪਰਿਵਾਰਕ ਜ਼ਿੰਦਗੀ ਨਾਰਮਲ ਘੱਟ ਹੀ ਹੁੰਦੀ ਹੈ।''

ਮੈਂ ਚਿੱਤਰਕਲਾ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਰੱਖਦਾ, ਇਸ ਲਈ ਉਨ੍ਹਾਂ ਦੀ ਚਿੱਤਰਕਲਾ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਦਾ। ਪਰ ਮੈਂ ਉਨ੍ਹਾਂ ਦੇ ਬਹੁਤ ਸਾਰੇ ਚਿੱਤਰ ਅਧੂਰੇ ਤੋਂ ਪੂਰੇ ਹੁੰਦੇ ਦੇਖੇ ਹਨ। ਆਪਣੇ ਚਿੱਤਰਾਂ ਉਪਰ ਕੰਮ ਕਰਦਿਆਂ ਉਨ੍ਹਾਂ ਨੂੰ ਮੈਂ ਅਨੇਕਾਂ ਵਾਰ ਦੇਖਿਆ ਹੈ। ਉਨ੍ਹਾਂ ਦੇ ਕੰਮ ਕਰਨ ਦਾ ਅੰਦਾਜ਼ ਬਹੁਤ ਸਹਿਜ ਸੀ, ਭਾਵ ਉਨ੍ਹਾਂ ਦੇ ਅੰਦਾਜ਼ ਵਿਚ ਕਿਸੇ ਕਿਸਮ ਦੀ 'ਮਹਾਨਤਾ' ਦੇ ਦਿਖਾਵੇ ਦੀ ਭਾਵਨਾ ਨਹੀਂ ਸੀ ਹੁੰਦੀ। ਉਨ੍ਹਾਂ ਦੇ ਚਿੱਤਰ 'ਮਾਡਰਨ ਆਰਟ' ਦੇ ਨਾਂ 'ਤੇ ਨਾ ਸਮਝ ਆਉਣ ਵਾਲੀਆਂ ਕੈਨਵਸ 'ਤੇ ਵਾਹੀਆਂ ਹੋਈਆਂ ਲਕੀਰਾਂ ਨਹੀਂ ਸਨ ਹੁੰਦੇ। ਉਨ੍ਹਾਂ ਦੇ ਚਿੱਤਰਾਂ ਵਿਚ ਤਾਂ ਇਤਿਹਾਸ ਸਾਕਾਰ ਹੋਇਆ ਦਿਖਾਈ ਦਿੰਦਾ ਸੀ। ਉਨ੍ਹਾਂ ਦੇ ਚਿੱਤਰਾਂ ਵੱਲ ਦੇਖਦਿਆਂ ਹੋਏ ਇੰਝ ਲਗਦਾ ਸੀ ਕਿ ਹੁਣ ਕੈਨਵਸ 'ਤੇ ਚਿਤਰਿਆ ਕੋਈ ਇਤਿਹਾਸਕ ਪਾਤਰ ਸਦੀਆਂ ਦਾ ਫਾਸਲਾ ਤਹਿ ਕਰਕੇ, ਕੈਨਵਸ ਤੋਂ ਉਤਰ ਕੇ ਤੁਹਾਡੇ ਸਾਹਮਣੇ ਆ ਖੜਾ ਹੋਵੇਗਾ।

ਸਿਰਦਾਰ ਕਪੂਰ ਸਿੰਘ ਜੀ ਅਤੇ ਸ੍ਰ. ਕਿਰਪਾਲ ਸਿੰਘ ਜੀ, ਕੇਵਲ ਚੰਡੀਗੜ੍ਹ ਹੀ ਨਹੀਂ, ਸਗੋਂ ਸਮੁੱਚੀ ਸਿੱਖ ਕੌਮ ਦੀ ਪੁਸ਼ਪਾਵਲੀ ਦੇ ਰਸ ਭਿੰਨੇ ਪੁਸ਼ਪ ਸਨ ਅਤੇ ਇਹ ਪੁਸ਼ਪ ਅਜਿਹੇ ਸਨ ਜਿਨ੍ਹਾਂ ਦੀ ਮਹਿਕ ਇਨ੍ਹਾਂ ਦੇ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਵੀ ਕਦੇ ਖ਼ਤਮ ਨਹੀਂ ਹੋਵੇਗੀ।

"ਕੋਈ ਵੀ ਗੈਰਤਮੰਦ ਇਨਸਾਨ ਆਪਣੀ ਜਾਤੀ ਜ਼ਿੰਦਗੀ ਵਿਚ ਕਿਸੇ ਦੂਜੇ ਦੀ ਬੇਲੋੜੀ ਦਖਲ-ਅੰਦਾਜ਼ੀ ਨੂੰ ਪਸੰਦ ਨਹੀਂ ਕਰਦਾ ਅਤੇ ਕੋਈ ਸਵੈ-ਮਾਣ ਭਰਿਆ ਵਿਅਕਤੀ ਉਸਦੀ ਇੱਛਾ ਵਿਰੁੱਧ ਉਸਨੂੰ 'ਖੀਰ ਖਵਾਈ ਜਾਣੀ' ਵੀ ਪਸੰਦ ਨਹੀਂ ਕਰਦਾ।... ਕਿਸੇ ਦੀ ਗੁੱਤ ਕੱਟ ਕੇ, ਕਿਸੇ ਦੀ ਦੁਕਾਨ ਨੂੰ ਅੱਗ ਲਗਾ ਕੇ, ਕਿਸੇ ਨੂੰ ਮੌਤ ਦੀ ਧਮਕੀ ਦੇ ਕੇ, ਉਸ ਨੂੰ ਕਿਸੇ ਖਾਸ ਕਿਸਮ ਦਾ ਕੱਪੜਾ ਪਹਿਨਣ ਲਈ, ਕਿਸੇ ਖਾਸ ਚੀਜ਼ ਦੀ ਵਿਕਰੀ ਬੰਦ ਕਰਨ ਲਈ ਜਾਂ ਕਿਸੇ ਖਾਸ ਕਿਸਮ ਦੀ ਜ਼ਿੰਦਗੀ ਜੀਣ ਲਈ ਮਜਬੂਰ ਕਰਨਾ, ਕਿਸੇ ਵੀ ਤਰ੍ਹਾਂ ਸੁਧਾਰ ਲਹਿਰ ਦੇ ਅਮਲ ਵਿੱਚ ਨਹੀਂ ਗਿਣਿਆ ਜਾ ਸਕਦਾ।"

ਸਮਾਜ ਸੁਧਾਰ ਲਹਿਰ
ਦਲ ਖਾਲਸਾ ਦਾ ਦ੍ਰਿਸ਼ਟੀਕੋਣ

ਮਾਰਚ 1991

ਪਿਛਲੇ ਕੁਝ ਹਫਤਿਆਂ ਤੋਂ ਆ ਰਹੇ ਪੰਜਾਬੀ ਰਸਾਲਿਆਂ ਵਿੱਚ ਜੁਝਾਰੂਆਂ ਵਲੋਂ ਚਲਾਈ ਜਾ ਰਹੀ 'ਸਮਾਜ ਸੁਧਾਰ ਲਹਿਰ' ਨਾਲ ਸਬੰਧਤ ਖਬਰਾਂ ਕਾਫੀ ਜ਼ਿਆਦਾ ਪੜ੍ਹਨ ਨੂੰ ਮਿਲ ਰਹੀਆਂ ਹਨ। ਵੱਖ-ਵੱਖ ਜੁਝਾਰੂ ਜਥੇਬੰਦੀਆਂ ਵਲੋਂ ਪੰਜਾਬ ਦੇ ਲੋਕਾਂ ਦੇ ਨਾਂ 'ਹਦਾਇਤਨਾਮੇ' ਤੇ 'ਹੁਕਮਨਾਮੇ' ਜਾਰੀ ਹੋ ਰਹੇ ਹਨ- 'ਇਹ ਕਰੋ ਇਹ ਨਾ ਕਰੋ, ਇਹ ਖਾਓ ਇਹ ਨਾ ਖਾਓ, ਇਹ ਪਾਓ ਇਹ ਨਾ ਪਾਓ' ਅਤੇ ਨਾਲ ਹੀ ਹੁਕਮ ਅਦੂਲੀ ਕਰਨ ਵਾਲੇ ਨੂੰ 'ਸਖਤ ਸਜ਼ਾ' ਦੀ ਧਮਕੀ ਦਿੱਤੀ ਜਾਂਦੀ ਹੈ। ਇਸੇ ਸਿਲਸਿਲੇ ਵਿੱਚ ਕੁਝ ਖਬਰਾਂ 'ਸਮਾਜ ਸੁਧਾਰ ਲਹਿਰ' ਦੀ 'ਸਫਲਤਾ' ਅਤੇ ਜੁਝਾਰੂਆਂ ਦੀ ਚੜ੍ਹਤ ਦੀਆਂ ਹੁੰਦੀਆਂ

ਹਨ ਅਤੇ ਕੁਝ ਜੁਝਾਰੂਆਂ ਵਲੋਂ ਦਿੱਤੀਆਂ ਗਈਆਂ ਸਜ਼ਾਵਾਂ ਦੀਆਂ। ਖ਼ਾਲਿਸਤਾਨ ਸੰਘਰਸ਼ ਦੇ ਦਾਇਰੇ ਵਿਚ ਆਉਂਦੀ ਇਸ 'ਸਮਾਜ ਸੁਧਾਰ ਲਹਿਰ' ਦਾ ਇਹ ਦੂਜਾ ਦੌਰ ਹੈ।

ਪਹਿਲਾ ਦੌਰ 1988 ਵਿੱਚ ਹੋਏ 'ਬਲੈਕ ਥੰਡਰ' ਆਪਰੇਸ਼ਨ ਤੋਂ ਪਹਿਲਾਂ ਚੱਲਿਆ ਸੀ। ਪਹਿਲੇ ਦੌਰ ਵੇਲੇ ਜੁਝਾਰੂ ਸੰਘਰਸ਼ ਵਿੱਚ ਚੜ੍ਹਤ ਮਾਨੋਚਾਹਲ-ਵੱਸਣ ਸਿੰਘ 'ਪਹਿਲੀ ਪੰਥਕ ਕਮੇਟੀ' ਦੀ ਸੀ ਅਤੇ ਹੁਣ ਦੂਜੇ ਦੌਰ ਵੇਲੇ ਚੜ੍ਹਤ 'ਦੂਜੀ ਪੰਥਕ ਕਮੇਟੀ' ਡਾ. ਸੋਹਣ ਸਿੰਘ-ਬੱਬਰ ਖ਼ਾਲਸਾ ਦੀ ਦਿਖਾਈ ਦੇ ਰਹੀ ਹੈ। ਪਹਿਲੇ ਦੌਰ ਦੇ ਨਤੀਜੇ ਵਜੋਂ ਜੁਝਾਰੂਆਂ ਦੀ ਸਾਖ ਲੋਕਾਂ ਵਿੱਚ ਕਾਫੀ ਕਮਜ਼ੋਰ ਪੈ ਗਈ ਸੀ ਅਤੇ ਇਸੇ ਕਾਰਨ ਦਿੱਲੀ-ਚੰਡੀਗੜ੍ਹ ਸਰਕਾਰ ਨੂੰ 'ਬਲੈਕ ਥੰਡਰ' ਵਰਗੀ ਕਾਰਵਾਈ ਕਰਨ ਦਾ ਹੌਸਲਾ ਪਿਆ ਅਤੇ ਫਿਰ ਇਸ ਤੋਂ ਬਾਅਦ 'ਪਹਿਲੀ ਪੰਥਕ ਕਮੇਟੀ' ਵਿਚ ਟੁੱਟ-ਭੱਜ ਦਾ ਸਿਲਸਿਲਾ ਸ਼ੁਰੂ ਹੋਇਆ ਸੀ। ਹੁਣ ਦੂਜੇ ਦੌਰ ਦੇ ਕੀ ਨਤੀਜੇ ਨਿਕਲਦੇ ਹਨ, ਇਹ ਦੇਖਣਾ ਹਾਲੇ ਬਾਕੀ ਹੈ। ਨਤੀਜੇ ਕੀ ਨਿਕਲਦੇ ਹਨ, ਇਹ ਤਾਂ ਬਾਅਦ ਦੀ ਗੱਲ ਹੈ, ਪਰ ਅੱਜ ਜੋ ਵਿਚਾਰਨ ਦੀ ਲੋੜ ਹੈ, ਉਹ ਹੈ, ਇਸ 'ਸਮਾਜ ਸੁਧਾਰ ਲਹਿਰ' ਦੀ ਉਚਿੱਤਤਾ।

ਸਾਨੂੰ ਖ਼ਾਲਿਸਤਾਨੀ ਜਥੇਬੰਦੀਆਂ ਨੂੰ ਹਰ ਕਦਮ ਚੁੱਕਣ ਤੋਂ ਪਹਿਲਾਂ, ਹਰ ਅਮਲ ਕਰਨ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਸਾਡੇ ਇਨ੍ਹਾਂ ਕਦਮਾਂ ਅਤੇ ਅਮਲਾਂ ਨੇ ਹੀ ਲੋਕਾਂ ਦੇ ਦਿਲਾਂ ਵਿੱਚ ਭਵਿੱਖ ਦੇ ਖਾਲਿਸਤਾਨ ਦੀ ਰੂਪ-ਰੇਖਾ ਖਿੱਚਣੀ ਹੁੰਦੀ ਹੈ। ਅਸੀਂ ਜੋ ਵੀ ਕਹਿੰਦੇ ਹਾਂ ਅਤੇ ਜੋ ਵੀ ਕਰਦੇ ਹਾਂ, ਸਾਡੇ 'ਹਦਾਇਤਨਾਮੇ' ਅਤੇ 'ਹੁਕਮਨਾਮੇ' ਜਿਹੋ ਜਿਹੀ ਵੀ ਜ਼ਿੰਦਗੀ ਲੋਕਾਂ ਨੂੰ ਦਿੰਦੇ ਹਨ, ਇਸ ਸਭ ਕੁਝ ਨੇ ਹੀ ਕੱਲ੍ਹ ਬਣਨ ਵਾਲੇ ਆਜ਼ਾਦ ਮੁਲਕ ਖਾਲਿਸਤਾਨ ਦਾ ਉਹ ਨਮੂਨਾ ਪੇਸ਼ ਕਰਨਾ ਹੁੰਦਾ ਹੈ, ਜਿਸ ਨੂੰ ਧਿਆਨ ਵਿਚ ਰਖਦੇ ਹੋਏ ਲੋਕਾਂ ਨੇ ਸਾਡੇ ਨਾਲ ਤੁਰਨ ਜਾਂ ਸਾਡੇ ਵਿਰੁੱਧ ਖੜਨ ਦਾ ਫੈਸਲਾ ਕਰਨਾ ਹੁੰਦਾ ਹੈ।

ਹੁਣ ਜ਼ਰਾ ਇਸ ਕਸੌਟੀ ਤੋਂ ਪਰਖੀਏ ਕਿ 'ਸਮਾਜ ਸੁਧਾਰ ਲਹਿਰ' ਦੇ ਨਾਂ ਹੇਠ ਪੰਜਾਬ ਵਿੱਚ ਜੁਝਾਰੂ ਜਥੇਬੰਦੀਆਂ ਜਿਹੋ ਜਿਹੀ ਜ਼ਿੰਦਗੀ ਲੋਕਾਂ ਨੂੰ ਦੇ ਰਹੀਆਂ ਹਨ, ਉਹ ਇਕ ਆਮ ਇਨਸਾਨ ਨੂੰ ਕਿੰਨੀ ਕੁ ਪਸੰਦ ਆਉਣ ਵਾਲੀ ਹੈ। ਜੁਝਾਰੂਆਂ ਦੀ 'ਸਮਾਜ ਸੁਧਾਰ ਲਹਿਰ' ਦੇ ਦਾਇਰੇ ਵਿੱਚ ਆਉਣ ਵਾਲੀਆਂ ਕੁਝ ਪਾਬੰਦੀਆਂ ਤਕਰੀਬਨ ਸਰਬ-ਪ੍ਰਵਾਨਤ ਬੁਰਾਈਆਂ ਮੰਨੀਆਂ ਜਾ ਸਕਦੀਆਂ ਹਨ। ਕੁਝ ਅਜਿਹੀਆਂ ਹਨ, ਜਿਹੜੀਆਂ ਇਕ ਧਰਮ ਦੇ ਲੋਕਾਂ

ਲਈ ਬੁਰਾਈ ਹਨ, ਦੂਜੇ ਲਈ ਜ਼ਿੰਦਗੀ ਦਾ ਹਿੱਸਾ ਅਤੇ ਕੁਝ ਅਜਿਹੀਆਂ ਵੀ ਹਨ, ਜਿਹੜੀਆਂ ਸਿੱਖ ਧਰਮ ਵਿਚ ਹੀ ਭਾਰੀ ਵਾਦ-ਵਿਵਾਦ ਦਾ ਵਿਸ਼ਾ ਹਨ।

ਅਸੂਲੀ ਤੌਰ 'ਤੇ ਕਿਸੇ ਵੀ ਧਿਰ ਵਲੋਂ 'ਸਮਾਜ ਸੁਧਾਰ ਲਹਿਰ' ਦਾ ਸ਼ੁਰੂ ਕੀਤਾ ਜਾਣਾ ਮਾੜੀ ਗੱਲ ਨਹੀਂ ਕਹੀ ਜਾ ਸਕਦੀ, ਪਰ ਸਮਾਜ ਸੁਧਾਰ ਦੇ ਨਾਂ 'ਤੇ ਆਪਣੀ ਸੋਚ ਨੂੰ ਦੂਜਿਆਂ ਉਤੇ ਠੋਸਿਆ ਜਾਣਾ ਮਾੜਾ ਹੈ। ਉਹ ਤਰੀਕਾ, ਜਿਸ ਰਾਹੀਂ ਸਾਡੀਆਂ ਕੁਝ ਹਮ-ਰਾਹੀ ਜਥੇਬੰਦੀਆਂ ਇਨ੍ਹਾਂ 'ਸਮਾਜ ਸੁਧਾਰਾਂ' ਉਤੇ ਲੋਕਾਂ ਕੋਲੋਂ ਅਮਲ ਕਰਵਾ ਰਹੀਆਂ ਹਨ, ਠੀਕ ਨਹੀਂ। ਕਿਸੇ ਦੀ ਗੁੱਤ ਕੱਟ ਕੇ, ਕਿਸੇ ਦੀ ਦੁਕਾਨ ਨੂੰ ਅੱਗ ਲਗਾ ਕੇ, ਕਿਸੇ ਨੂੰ ਮੌਤ ਦੀ ਧਮਕੀ ਦੇ ਕੇ, ਉਸ ਨੂੰ ਕਿਸੇ ਖਾਸ ਕਿਸਮ ਦਾ ਕੱਪੜਾ ਪਹਿਨਣ ਲਈ, ਕਿਸੇ ਖਾਸ ਚੀਜ਼ ਦੀ ਵਿਕਰੀ ਬੰਦ ਕਰਨ ਲਈ ਜਾਂ ਕਿਸੇ ਖਾਸ ਕਿਸਮ ਦੀ ਜ਼ਿੰਦਗੀ ਜੀਣ ਲਈ ਮਜਬੂਰ ਕਰਨਾ, ਕਿਸੇ ਵੀ ਤਰ੍ਹਾਂ ਸੁਧਾਰ ਲਹਿਰ ਦੇ ਅਮਲ ਵਿੱਚ ਨਹੀਂ ਗਿਣਿਆ ਜਾ ਸਕਦਾ।

'ਹਦਾਇਤਨਾਮਾ' ਲਫਜ਼ ਹੀ ਸੁਧਾਰ ਦੀ ਮੂਲ ਭਾਵਨਾ ਦੇ ਵਿਰੁੱਧ ਹੈ। ਸਮਾਜ ਵਿੱਚ ਸੁਧਾਰ ਜਾਂ ਤਾਂ ਪਿਆਰ ਦੀ ਜ਼ੁਬਾਨ ਨਾਲ ਬੁਰਾਈ ਬਾਰੇ ਸਮਝਾ ਕੇ ਕੀਤਾ ਜਾ ਸਕਦਾ ਹੈ ਅਤੇ ਜਾਂ ਫਿਰ ਸੁਧਾਰਕ ਦੀ ਜਾਤੀ ਜ਼ਿੰਦਗੀ ਦੀ ਉਚੱਤਾ ਇਸ ਮੰਤਵ ਲਈ ਪ੍ਰੇਰਨਾ ਸ੍ਰੋਤ ਬਣਿਆ ਕਰਦੀ ਹੈ। ਜੇਕਰ ਸੁਧਾਰ ਇਸੇ ਨੂੰ ਕਹਿੰਦੇ ਹਨ, ਜੋ ਸਾਡੇ ਜੁਝਾਰੂ ਵੀਰ ਕਰ ਰਹੇ ਹਨ ਅਤੇ ਸੁਧਾਰ ਦੀ ਵਿਧੀ ਇਹੀ ਹੈ ਜੋ ਜੁਝਾਰੂਆਂ ਨੇ ਅਪਣਾਈ ਹੋਈ ਹੈ, ਤਾਂ ਮੁਗ਼ਲ ਹੁਕਮਰਾਨ ਜਾਂ ਇਸ ਤਰਜ਼ ਦੇ ਦੁਨੀਆਂ ਵਿੱਚ ਹੋਏ ਹੋਰ ਹੁਕਮਰਾਨਾਂ ਵਿੱਚ ਕੀ ਬੁਰਾਈ ਸੀ! ਸਮਾਜ ਸੁਧਾਰ ਦੇ ਨਾਂ 'ਤੇ ਸਾਡੀਆਂ ਕੁਝ ਹਮ-ਰਾਹੀ ਜਥੇਬੰਦੀਆਂ ਦੇ ਅਜਿਹੇ ਅਮਲ ਮੁਗ਼ਲ ਹੁਕਮਰਾਨਾਂ ਦੇ ਦੌਰ ਵਿਚ ਲੜੇ ਗਏ ਸੰਘਰਸ਼ ਦੀ ਨਫੀ ਕਰਦੇ ਹਨ ਅਤੇ ਅੱਜ ਦੇ ਹਿੰਦੂ ਹੁਕਮਰਾਨਾਂ ਵਲੋਂ ਸਿੱਖਾਂ ਨਾਲ ਕੀਤੀਆਂ ਗਈਆਂ ਅਤੇ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਨੂੰ ਜਾਇਜ਼ ਠਹਿਰਾਉਣ ਲਈ ਆਧਾਰ ਪ੍ਰਦਾਨ ਕਰਦੇ ਹਨ।

ਇਸ ਸਬੰਧ ਵਿਚ ਇਨਸਾਨੀ ਫਿਤਰਤ ਦੇ ਇਸ ਪਹਿਲੂ ਨੂੰ ਧਿਆਨ ਵਿਚ ਰੱਖੇ ਜਾਣ ਦੀ ਲੋੜ ਹੈ ਕਿ ਕੋਈ ਵੀ ਗੈਰਤਮੰਦ ਇਨਸਾਨ ਆਪਣੀ ਜਾਤੀ ਜ਼ਿੰਦਗੀ ਵਿਚ ਕਿਸੇ ਦੂਜੇ ਦੀ ਬੇਲੋੜੀ ਦਖਲ-ਅੰਦਾਜ਼ੀ ਨੂੰ ਪਸੰਦ ਨਹੀਂ ਕਰਦਾ ਅਤੇ ਕੋਈ ਸਵੈ-ਮਾਣ ਭਰਿਆ ਵਿਅਕਤੀ ਉਸਦੀ ਇੱਛਾ ਵਿਰੁੱਧ ਉਸਨੂੰ 'ਖੀਰ ਖਵਾਈ ਜਾਣੀ' ਵੀ ਪਸੰਦ ਨਹੀਂ ਕਰਦਾ ਅਤੇ ਕਹਿਣ ਦੀ ਤਾਂ ਕੋਈ ਲੋੜ

ਨਹੀਂ ਹੋਣੀ ਚਾਹੀਦੀ ਕਿ ਪੰਜਾਬੀ ਅਤੇ ਖਾਸ ਕਰ ਸਿੱਖ ਆਪਣੀ ਗ਼ੈਰਤਮੰਦੀ ਅਤੇ ਸਵੈ-ਮਾਣ ਭਾਵਨਾ ਲਈ ਵਿਲੱਖਣ ਰੂਪ ਵਿਚ ਜਾਣੇ ਜਾਂਦੇ ਹਨ।

ਇਹ ਹੋ ਸਕਦਾ ਹੈ ਕਿ ਕੋਈ ਵਿਅਕਤੀ ਤੁਹਾਡੀ ਤਾਕਤ ਸਾਹਮਣੇ ਆਪਣੀ ਵਕਤੀ ਬੇਵਸੀ ਕਾਰਨ ਤੁਹਾਡੇ ਕਿਸੇ ਹੁਕਮ ਨੂੰ ਚੁੱਪ ਕਰਕੇ ਸਵੀਕਾਰ ਕਰ ਲਏ, ਪਰ ਤੁਹਾਡੇ ਹੁਕਮ ਸੁਣਾਉਣ ਦੇ ਤਰੀਕੇ ਨੇ ਉਸਦੇ ਸਵੈ-ਮਾਣ ਨੂੰ ਜੋ ਸੱਟ ਮਾਰਨੀ ਹੈ, ਉਸ ਨੇ ਉਸ ਵਿਅਕਤੀ ਦੇ ਦਿਲ ਵਿਚ ਤੁਹਾਡੇ ਪ੍ਰਤੀ ਇਕ ਰੰਜਸ਼ ਕੁਦਰਤੀ ਪ੍ਰਤੀਕਰਮ ਵਜੋਂ ਪੈਦਾ ਕਰ ਦੇਣੀ ਹੈ। ਜਦੋਂ ਤੁਹਾਡੇ ਪ੍ਰਤੀ ਆਪਣੇ ਦਿਲਾਂ ਵਿਚ ਰੰਜਸ਼ ਰੱਖਣ ਵਾਲਿਆਂ ਦੀ ਗਿਣਤੀ ਇੰਨੀ ਵੱਧ ਗਈ ਕਿ ਉਹ ਦਿਲ ਦੀ ਭੜਾਸ ਕੱਢਣ ਲਈ ਇਕ ਦੂਜੇ ਨਾਲ ਗੱਲਾਂ ਕਰਨ ਲੱਗ ਪਏ ਤਾਂ ਦਿੱਲੀ ਦੇ ਹਾਕਮਾਂ ਨੂੰ ਇਕ ਹੋਰ 'ਆਪਰੇਸ਼ਨ' ਕਰਨ ਦਾ ਇਸ਼ਾਰਾ ਮਿਲ ਜਾਵੇਗਾ। ਦਿੱਲੀ ਦੇ ਹਾਕਮਾਂ ਵਲੋਂ ਤੁਹਾਡੇ ਵਿਰੁੱਧ ਕੀਤੇ ਜਾਣ ਵਾਲੇ ਇਸ ਆਪਰੇਸ਼ਨ ਦੌਰਾਨ ਪੰਜਾਬ ਦੇ ਇਕ ਤਬਕੇ ਨੇ ਤਾਂ ਲੱਡੂ ਵੰਡਣੇ ਹੀ ਵੰਡਣੇ ਹਨ, ਦੂਜਾ ਤਬਕਾ ਵੀ ਤੁਹਾਡੇ ਪ੍ਰਤੀ ਆਪਣੀ ਦਿਲੀ ਰੰਜਸ਼ ਕਰਨ ਇਸ ਮੌਕੇ ਚੁੱਪ ਰਹਿ ਕੇ ਦਿੱਲੀ ਨੂੰ ਆਪਣੀ ਅਸਿੱਧੀ ਹਮਾਇਤ ਜ਼ਰੂਰ ਪ੍ਰਦਾਨ ਕਰੇਗਾ।

ਦੂਜੀ ਗੱਲ, ਪੰਜਾਬ ਵਿਚ ਜਿਹੜੇ 'ਹਦਾਇਤਨਾਮੇ' ਤੇ 'ਹੁਕਮਨਾਮੇ' ਛਪ ਰਹੇ ਹਨ, ਉਨ੍ਹਾਂ ਵਿਚ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਦੀ ਤਰਜ਼ੇ-ਜ਼ਿੰਦਗੀ ਅਤੇ ਰਸਮੋ-ਰਿਵਾਜ਼ ਦਾ ਕੋਈ ਖਿਆਲ ਨਹੀਂ ਰੱਖਿਆ ਹੁੰਦਾ। ਹਿੰਦੂ ਲਈ ਖਾਣ ਪਹਿਨਣ ਦੇ ਹੋਰ ਮਾਪ ਦੰਡ ਹਨ, ਮੁਸਲਿਮ ਲਈ ਹੋਰ, ਇਸਾਈ ਲਈ ਹੋਰ ਅਤੇ ਸਿੱਖ ਲਈ ਹੋਰ। ਸਾਡੀਆਂ ਇਹ ਹਦਾਇਤਾਂ ਕਈ ਥਾਈਂ ਸਿੱਧੀਆਂ ਹੀ ਦੂਜਿਆਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ-ਅੰਦਾਜ਼ੀ ਕਰ ਰਹੀਆਂ ਹੁੰਦੀਆਂ ਹਨ ਅਤੇ ਕਿਤੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਧਾਰਮਿਕ ਆਜ਼ਾਦੀਆਂ ਖੋਹ ਰਹੀਆਂ ਹੁੰਦੀਆਂ ਹਨ। ਇਹ ਸਭ ਕੁਝ ਕਿਸੇ ਵੀ ਤਰ੍ਹਾਂ ਸਿੱਖੀ ਦੇ ਦਾਇਰੇ ਵਿਚ ਨਹੀਂ ਆਉਂਦਾ।

"ਮੈਂ ਇਕ ਸ਼ਾਮ ਕਾਫੀ ਪ੍ਰੇਸ਼ਾਨ ਘਰ ਦੇ ਇਕ ਕਮਰੇ ਵਿਚ ਇਧਰ-ਉਧਰ ਟਹਿਲ ਰਿਹਾ ਸਾਂ। ਬੀਜੀ ਮੇਰੇ ਕੋਲ ਆਏ ਅਤੇ ਕਹਿਣ ਲੱਗੇ, "ਗਿੰਦੀ (ਮੇਰਾ ਘਰ ਦਾ ਨਾਂ), ਜੇ ਤਾਂ ਤੂੰ ਹੁਣ ਤਕ ਜੋ ਕੀਤੈ, ਆਪਣੇ ਆਪ ਨੂੰ ਗੁਰੂ ਦੇ ਲੇਖੇ ਲੱਗਿਆ ਸਮਝ ਕੇ ਕੀਤੈ, ਫਿਰ ਤਾਂ ਦਸ ਸਾਲ ਲਈ ਵੀ ਅੰਦਰ ਕਰ ਦੇਣ, ਕੋਈ ਚਿੰਤਾ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਅਤੇ ਜੇ ਝੱਖ ਮਾਰੀ ਹੈ ਤਾਂ ਫਿਰ ਜੋ ਮਰਜ਼ੀ ਕਰ। ਗੁਰੂ ਨੂੰ ਪਿੱਠ ਦੇਣੀ ਅਤੇ ਮਰ ਗਿਆ ਇਕ ਬਰਾਬਰ ਹੁੰਦੈ।" ਬੀਜੀ ਦੇ ਮੂੰਹੋਂ ਇਹ ਲਫਜ਼ ਸੁਣਨ ਤੋਂ ਬਾਅਦ ਮੇਰੀ ਦੁਬਿਧਾ ਮਿੱਟ ਗਈ, ਪ੍ਰੇਸ਼ਾਨੀ ਦੂਰ ਹੋ ਗਈ ਅਤੇ ਮੈਂ ਮਾਨਸਿਕ ਤੌਰ 'ਤੇ ਸਪੱਸ਼ਟ ਹੋ ਕੇ ਖ਼ਾਕੀ ਵਰਦੀ ਵਾਲਿਆਂ ਦੀ ਦਸਤਕ ਦੀ ਇੰਤਜ਼ਾਰ ਕਰਨ ਲੱਗ ਪਿਆ।"

ਮਾਵਾਂ ਠੰਡੀਆਂ ਛਾਵਾਂ

ਸਤੰਬਰ 1991

ਅੱਜ, ਸਾਡੀ ਕੈਦੀ ਜ਼ਿੰਦਗੀ ਦੇ ਦਸ ਸਾਲ ਪੂਰੇ ਹੋ ਗਏ ਹਨ। 29 ਸਤੰਬਰ, 1981 ਨੂੰ ਅਸੀਂ ਹਵਾਈ ਜਹਾਜ਼ ਹਾਈਜੈਕ ਕਰ ਕੇ ਲਾਹੌਰ ਲਿਆਏ ਸਾਂ ਅਤੇ 30 ਸਤੰਬਰ ਸਾਡੀ ਕੈਦੀ ਜ਼ਿੰਦਗੀ ਦਾ ਪਹਿਲਾ ਦਿਨ ਸੀ। ਇਹ ਦਿਨ ਹੁਣ ਸਾਨੂੰ ਆਪਣੇ ਜਨਮ ਦਿਨ ਦੇ ਵਾਂਗ ਹੀ ਯਾਦ ਰਹਿੰਦਾ ਹੈ। ਹਰ ਸਾਲ ਜਦੋਂ ਇਹ ਦਿਨ ਆਉਂਦਾ ਹੈ ਤਾਂ ਕੈਦੀ ਜ਼ਿੰਦਗੀ ਦੇ ਬੀਤੇ ਵਰ੍ਹਿਆਂ ਦੀਆਂ ਯਾਦਾਂ ਆਪ-ਮੁਹਾਰੇ ਤਾਜ਼ੀਆਂ ਹੋਣ ਲਗਦੀਆਂ ਹਨ। ਕੈਦੀ ਜ਼ਿੰਦਗੀ ਦੀਆਂ ਅਨੇਕਾਂ ਤੰਗੀਆਂ ਅਤੇ ਕੁਤੱਤਣਾਂ ਦੇ ਬਾਵਜੂਦ, ਸਾਡੇ ਅੰਦਰ 29 ਸਤੰਬਰ, 1981 ਦੀ ਕਾਰਵਾਈ ਪ੍ਰਤੀ ਫ਼ਖਰ ਦੀ ਭਾਵਨਾ ਪਹਿਲੇ ਦਿਨ ਦੇ ਵਾਂਗ ਹੀ ਕਾਇਮ ਹੈ ਅਤੇ ਇਸੇ ਲਈ ਇਸ ਦਿਨ ਨੂੰ ਅਸੀਂ ਕਿਸੇ ਨਾ ਕਿਸੇ ਰੂਪ

ਵਿਚ ਮਨਾਉਂਦੇ ਆ ਰਹੇ ਹਾਂ। ਇਸ ਵਾਰ ਇਸ ਦਿਨ ਦਾ ਮੇਰੀ ਸੋਚ ਵਿਚ ਖਾਸ ਮਹੱਤਵ ਸੀ, ਕਿਉਂਕਿ ਸਾਡੀ ਕੈਦੀ ਜ਼ਿੰਦਗੀ ਦਾ ਇਕ ਦਹਾਕਾ ਪੂਰਾ ਹੋ ਰਹਾ ਸੀ ਅਤੇ ਮੈਂ ਇਸ ਦਿਨ ਨਾਲ ਸਬੰਧਿਤ ਹੋ ਕੇ ਦਿਲ ਦੀਆਂ ਕੁਝ ਗੱਲਾਂ ਕੌਮ ਨਾਲ ਸਾਂਝੀਆਂ ਕਰਨ ਸਬੰਧੀ ਕਈ ਦਿਨ ਪਹਿਲਾਂ ਤੋਂ ਹੀ ਸੋਚ ਰਿਹਾ ਸਾਂ। 27 ਤਰੀਕ ਦੀ ਸ਼ਾਮ ਨੂੰ ਤਾਲੇ ਵਿਚ ਬੰਦ ਹੋਣ ਤੋਂ ਬਾਅਦ ਮੈਂ ਆਪਣੀ ਇਹ ਸੋਚ ਆਪਣੇ ਸਾਥੀ ਵੀਰ ਸ੍ਰ. ਸਤਿਨਾਮ ਸਿੰਘ ਨਾਲ ਵੀ ਸਾਂਝੀ ਕੀਤੀ ਸੀ। ਜਿਸ ਵੇਲੇ ਮੈਂ ਸਤਿਨਾਮ ਨਾਲ ਗੱਲ ਕਰ ਰਿਹਾ ਸਾਂ, ਉਸ ਕੋਲ ਮੇਰੀ ਇਕ ਐਸੀ ਖ਼ਬਰ ਸੀ, ਜਿਸ ਨੂੰ ਸੁਣਨ ਤੋਂ ਬਾਅਦ, ਉਹ ਜਾਣਦਾ ਸੀ ਕਿ ਮੇਰੀ ਮਾਨਸਿਕ ਅਵਸਥਾ ਪੂਰੀ ਤਰ੍ਹਾਂ ਬਦਲ ਜਾਣੀ ਯਕੀਨੀ ਹੈ।

ਰਾਤ ਨੂੰ ਸਾਢੇ ਨੌਂ ਵਜੇ ਤੋਂ ਬਾਅਦ ਜਦੋਂ ਅਸੀਂ ਟੀ.ਵੀ. ਖ਼ਬਰਾਂ ਸੁਣ ਕੇ ਵਿਹਲੇ ਹੋਏ, ਤਾਂ ਸਤਿਨਾਮ ਸਿੰਘ ਬੜੇ ਸੰਜੀਦਾ ਜਿਹੇ ਚਿਹਰੇ ਨਾਲ ਮੇਰੇ ਕੋਲ ਆ ਬੈਠਾ ਅਤੇ ਬਾਕੀ ਸਾਰੇ ਸਾਥੀ ਵੀਰ ਆਪੋ-ਆਪਣੇ ਮੰਜਿਆਂ ਉੱਤੇ ਉੱਠ ਕੇ ਬੈਠ ਗਏ। ਮੈਨੂੰ ਫੌਰੀ ਤੌਰ 'ਤੇ ਲੱਗਾ ਕਿ ਸਾਥੀਆਂ ਕੋਲ ਮੇਰੇ ਨਾਲ ਕਰਨ ਵਾਲੀ ਕੋਈ ਖਾਸ ਗੱਲ ਹੈ ਅਤੇ ਇੰਨੇ ਵਿਚ ਹੀ ਸਤਿਨਾਮ ਨੇ ਮੈਨੂੰ ਬੜੇ ਗ਼ਮਗੀਨ ਜਿਹੇ ਚਿਹਰੇ ਨਾਲ ਬੀਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣਾ ਦਿੱਤੀ। ਸਾਥੀ ਭਰਾਵਾਂ ਨੂੰ ਇਹ ਖ਼ਬਰ ਇਸ ਤਰ੍ਹਾਂ ਪਹੁੰਚੀ ਸੀ ਕਿ ਸ਼ਾਮ ਨੂੰ ਜਦੋਂ ਮੈਂ ਨਹਾਉਣ ਗਿਆ ਹੋਇਆ ਸਾਂ, ਜੇਲ੍ਹ ਦੇ ਇਕ ਅਸਿਸਟੈਂਟ ਮਿਸਟਰ ਮਲਿਕ ਇਹ ਖ਼ਬਰ ਲੈ ਕੇ ਆਏ ਸਨ। ਜਦੋਂ ਮੇਰੇ ਸਾਥੀ ਵੀਰਾਂ ਨੂੰ ਮੇਰੀ ਗ਼ੈਰ-ਹਾਜ਼ਰੀ ਵਿਚ ਇਹ ਖ਼ਬਰ ਪਹੁੰਚੀ ਤਾਂ ਉਨ੍ਹਾਂ ਨੇ ਬੀਜੀ ਪ੍ਰਤੀ ਮੇਰੇ ਵਿਸ਼ੇਸ਼ ਜਜ਼ਬਾਤੀ ਲਗਾਓ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਖ਼ਬਰ ਰਾਤੀਂ ਸੌਣ ਤੋਂ ਪਹਿਲਾਂ ਸੁਣਾਉਣੀ ਮੇਰੇ ਹਿੱਤ ਵਿਚ ਜ਼ਿਆਦਾ ਬਿਹਤਰ ਸਮਝੀ।

ਸਤਿਨਾਮ ਸਿੰਘ ਨੇ ਜਦੋਂ ਮੈਨੂੰ ਬੀਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣਾਈ ਤਾਂ ਮੇਰਾ ਪਹਿਲਾ ਪ੍ਰਤੀਕਰਮ ਬੇਯਕੀਨੀ ਜਿਹੀ ਵਾਲਾ ਸੀ, ਫਿਰ ਕੁਝ ਪਲ ਬਾਅਦ ਮੇਰੀਆਂ ਅੱਖਾਂ ਵਗ ਤੁਰੀਆਂ। ਉਸ ਤੋਂ ਬਾਅਦ ਕੁਝ ਦੇਰ ਤਕ ਸਾਥੀ ਆਪਣੀਆਂ ਗੱਲਾਂ ਰਾਹੀਂ ਮੇਰਾ ਦੁਖ ਵੰਡਾਉਣ ਦੀ ਕੋਸ਼ਿਸ਼ ਕਰਦੇ ਰਹੇ ਅਤੇ ਮੇਰੀਆਂ ਅੱਖਾਂ ਵਗਦੀਆਂ ਰਹੀਆਂ। ਮੇਰਾ ਦਿਲ ਕੀਤਾ ਕਿ ਮੈਂ ਇਕੱਲ ਵਿਚ ਬੀਜੀ ਦੀਆਂ ਯਾਦਾਂ ਨਾਲ ਗੱਲਾਂ ਕਰਾਂ। ਮੈਂ ਭਰਾਵਾਂ ਨੂੰ ਬੱਤੀਆਂ ਬੰਦ ਕਰਕੇ ਸੌਂ ਜਾਣ ਦੀ ਬੇਨਤੀ ਕੀਤੀ। ਬੱਤੀ ਬੰਦ ਹੋਣ ਤੋਂ ਬਾਅਦ ਮੈਂ ਕੀਰਤਨ ਸੋਹਿਲਾ ਦਾ ਪਾਠ ਕੀਤਾ, ਬੀਜੀ ਲਈ ਅਰਦਾਸ ਕੀਤੀ ਅਤੇ ਲੰਮਾ ਪੈ ਗਿਆ। ਕੁਝ ਦੇਰ ਬਾਅਦ ਫਿਰ ਸਤਿਨਾਮ ਉੱਠ ਕੇ ਮੇਰੇ ਮੰਜੇ 'ਤੇ ਆ ਬੈਠਾ ਅਤੇ ਬੀਜੀ

ਦੀਆਂ ਗੱਲਾਂ ਕਰਨ ਲੱਗ ਪਿਆ। ਸਤਿਨਾਮ ਵੀ ਮੇਰੇ ਉਨ੍ਹਾਂ ਦੋਸਤਾਂ ਵਿਚੋਂ ਇਕ ਹੈ, ਜਿਨ੍ਹਾਂ ਨੇ ਬੀਜੀ ਦਾ ਕਾਫੀ ਪਿਆਰ ਮਾਣਿਆ ਹੈ। ਅੱਧਾ ਪੌਣਾ ਘੰਟਾ ਗੱਲਾਂ ਕਰਨ ਤੋਂ ਬਾਅਦ ਮੈਂ ਫਿਰ ਸਤਿਨਾਮ ਨੂੰ ਸੌਂ ਜਾਣ ਲਈ ਕਿਹਾ, ਪਰ ਲਗਦੈ ਉਸ ਨੂੰ ਵੀ ਨੀਂਦ ਨਹੀਂ ਸੀ ਆ ਰਹੀ। ਮੇਰੇ ਦੋ-ਤਿੰਨ ਵਾਰ ਕਹਿਣ 'ਤੇ ਉਹ ਮੁੜ ਆਪਣੀ ਮੰਜੀ 'ਤੇ ਚਲਾ ਗਿਆ ਅਤੇ ਫਿਰ ਮੈਂ ਸੀ ਤੇ ਬੀਜੀ ਦੀਆਂ ਯਾਦਾਂ ! ਰਾਤ ਮੈਂ ਕਦੋਂ ਤਕ ਜਾਗਦਾ ਰਿਹਾ ਅਤੇ ਕਦੋਂ ਸੁੱਤਾ, ਕੁਝ ਪਤਾ ਨਹੀਂ।

•

ਹਰ ਮਾਂ, ਮਾਂ ਹੁੰਦੀ ਹੈ, ਹਰ ਪੁੱਤਰ ਲਈ ਠੰਡੀ ਛਾਂ ਹੁੰਦੀ ਹੈ, ਪਰ ਮੇਰਾ ਅਤੇ ਮੇਰੀ ਮਾਂ ਦਾ ਰਿਸ਼ਤਾ, ਆਮ ਨਾਲੋਂ ਸ਼ਾਇਦ ਕੁਝ ਵਿਲੱਖਣ, ਕੁਝ ਵਿਸ਼ੇਸ਼ ਸੀ। ਮੇਰੇ ਮਿੱਤਰ, ਮੇਰੇ ਸਾਥੀ ਅਤੇ ਉਮੀਦ ਹੈ, ਮੇਰੀਆਂ ਲਿਖਤਾਂ, ਖਾਸ ਕਰ ਮੇਰੀਆਂ ਕਵਿਤਾਵਾਂ ਜਿਨ੍ਹਾਂ ਨੇ ਪੜ੍ਹੀਆਂ ਹਨ, ਉਹ ਸਾਡੇ ਮਾਂ-ਪੁੱਤ ਦੇ ਰਿਸ਼ਤੇ ਦੀ ਇਸ ਵਿਲੱਖਣਤਾ ਬਾਰੇ ਜ਼ਰੂਰ ਜਾਣਦੇ ਹੋਣਗੇ। 'ਸੂਰਜ ਤੇ ਖ਼ਾਲਿਸਤਾਨ' ਕਾਵਿ ਸੰਗ੍ਰਹਿ ਵਿਚ ਛਪੀ ਮੇਰੀ ਇਕ ਕਵਿਤਾ 'ਮੋਹ ਦੀਆਂ ਤੰਦਾਂ' ਦੀਆਂ ਕੁਝ ਸਤਰਾਂ ਇਸੇ ਵਿਲੱਖਣਤਾ ਨੂੰ ਪ੍ਰਗਟਾਉਂਦੀਆਂ ਹਨ-

ਮੇਰੀ ਇਕ ਮਾਂ
ਜਿਸ ਦੀ ਬੜੀ ਠੰਡੀ ਤੇ ਮਿੱਠੀ ਛਾਂ ਹੈ
ਜਦੋਂ ਮੈਂ ਬੂਹੇ ਨੂੰ ਟੱਪਣ ਲੱਗਣਾ
ਉਸ ਕਹਿਣਾ 'ਅਰਦਾਸ' ਕਰ ਕੇ ਜਾ
ਗੁਰੂ ਤੇਰੇ ਅੰਗ ਸੰਗ ਰਹੇਗਾ
ਤੈਨੂੰ ਲੱਗੇ ਨਾ ਤੱਤੀ ਵਾ'
ਮਾਂ ਕਹਿੰਦੀ ਸੀ, 'ਜਨਨੀ ਜਣੇ ਤਾਂ
ਭਗਤ ਜਨ, ਕੈ ਦਾਤਾ, ਕੈ ਸੂਰ'

ਸੁੱਖਾਂ ਵੀ ਮੰਗਦੀ ਹੋਵੇਗੀ ਮਾਂ
ਮਾਣ ਵੀ ਕਰਦੀ ਹੋਵੇਗੀ ਜ਼ਰੂਰ
ਮੇਰੀ ਮਾਂ, ਮਾਂ ਵੀ ਹੈ, ਮਿੱਤਰ ਵੀ ਹੈ
ਉਸਦਾ ਰੁਸਣਾ, ਉਸ ਦਾ ਮੰਨ ਜਾਣਾ
ਕਦੇ-ਕਦੇ ਲੋਰ ਵਿਚ
'ਚਿੜੀਆਂ ਦਾ ਚੰਬਾ' ਗਾਣਾ
ਉਹ ਮਹਿਬੂਬਾ ਤੋਂ ਵੱਧ ਕੇ ਯਾਦ ਆਉਂਦੀ ਹੈ
ਯਾਦ ਉਸ ਦੀ ਸੀਨੇ 'ਚ ਠੰਡ ਪਾਉਂਦੀ ਹੈ

ਮੇਰੀ ਯਾਦ ਦੀ ਪਹੁੰਚ ਜਿਥੋਂ ਤਕ ਵੀ ਜਾਂਦੀ ਹੈ, ਮੈਨੂੰ ਆਪਣੀ ਮਾਂ ਮੋਹ ਦੀ ਇਕ ਮੂਰਤ ਦੇ ਰੂਪ ਵਿਚ ਨਜ਼ਰ ਆਉਂਦੀ ਹੈ। ਮੋਹ ਦੀ ਮੂਰਤ ਦੇ ਨਾਲ-ਨਾਲ ਮੇਰੇ ਲਈ ਇਕ ਆਦਰਸ਼ ਵੀ ਹੈ। ਮੇਰਾ ਜਨਮ ਪਟਿਆਲੇ ਸ਼ਹਿਰ ਦਾ ਹੈ ਅਤੇ ਮੇਰਾ ਆਪਣੇ ਪੰਜ ਭੈਣਾਂ ਭਰਾਵਾਂ ਵਿਚੋਂ ਚੌਥਾ ਨੰਬਰ ਹੈ। ਮੇਰੀ ਯਾਦ ਵਿਚ 'ਜੇਜੀਆਂ ਵਾਲੇ ਮੁਹੱਲੇ' ਦਾ ਉਹ ਘਰ ਮਹਿਫੂਜ਼ ਹੈ, ਜਿਥੇ ਮੈਂ ਆਪਣੀ ਜ਼ਿੰਦਗੀ ਦੇ ਪਹਿਲੇ ਅੱਠ ਸਾਲ ਗੁਜ਼ਾਰੇ। ਗਰਮੀਆਂ ਹੋਣ ਜਾਂ ਸਰਦੀਆਂ, ਵਿਹੜਾ ਹੋਵੇ, ਕਮਰਾ, ਰਾਤੀ ਸੌਣ ਤੋਂ ਪਹਿਲਾਂ ਬੀਜੀ ਅਕਸਰ ਸਿੱਖ ਇਤਿਹਾਸ ਦੀ ਕੋਈ ਨਾ ਕੋਈ ਸਾਖੀ ਸੁਣਾਇਆ ਕਰਦੇ ਸਨ। ਜਪੁ ਜੀ ਸਾਹਿਬ ਦੀਆਂ ਪੰਜ ਪੌੜੀਆਂ, ਅਤੇ 'ਤਾਤੀ ਵਾਓ ਨਾ ਲਾਗਈ' ਸ਼ਬਦ ਉਹ ਆਪਣੇ ਪਿੱਛੇ ਦੁਹਰਵਾ-ਦੁਹਰਵਾ ਕੇ ਯਾਦ ਕਰਵਾਇਆ ਕਰਦੇ ਸਨ। ਸਾਨੂੰ ਸਕੂਲ ਭੇਜਣ ਸਬੰਧੀ ਬੜਾ ਸਖ਼ਤ ਰਵਈਆ ਰਖਦੇ ਸਨ। ਕਦੇ ਨਾਗਾ ਨਹੀਂ ਸਨ ਕਰਨ ਦਿੰਦੇ। ਸਕੂਲੋਂ ਵਾਪਸ ਆਉਣ 'ਤੇ ਸਕੂਲੋਂ ਮਿਲੇ ਕੰਮ ਬਾਰੇ ਪੁੱਛਦੇ। ਕੰਮ ਕੀਤੈ ਕਿ ਨਹੀਂ, ਇਸ ਗੱਲ ਦਾ ਧਿਆਨ ਰੱਖਦੇ ਅਤੇ ਲੋੜ ਪੈਣ 'ਤੇ ਮਦਦ ਵੀ ਕਰਦੇ। ਆਪਣੇ ਵੇਲੇ ਦੀਆਂ ਅੱਠ ਜਮਾਤਾਂ ਪਾਸ ਸਨ। ਸੋ ਪੜ੍ਹਾਈ ਦੇ ਮਾਮਲੇ ਵਿਚ ਕਾਫੀ ਦੇਰ ਤਕ ਮਦਦਗਾਰ ਸਾਬਿਤ ਹੁੰਦੇ ਰਹੇ। ਮਾਇਕ ਤੰਗੀਆਂ ਦੇ ਬਾਵਜੂਦ ਵੀ ਉਨ੍ਹਾਂ ਸਾਨੂੰ ਸਾਫ-ਸੁਥਰਾ ਰੱਖਿਆ।

ਰੱਜ ਕੇ ਮੋਹ ਵੀ ਕਰਦੇ ਸਨ ਅਤੇ ਲੋੜ ਪੈਣ 'ਤੇ ਥਾਪੀ ਨਾਲ ਕੁੱਟ ਵੀ ਲਿਆ ਕਰਦੇ ਸਨ। ਮੈਂ ਮਿੱਠੇ ਦਾ ਕਾਫੀ ਸ਼ੌਕੀਨ ਹੁੰਦਾ ਸਾਂ। ਜ਼ਿਆਦਾ ਮਿੱਠਾ ਖਾਣ ਕਾਰਨ ਫੋੜੇ ਫਿਨਸੀਆਂ ਨਾ ਨਿਕਲਣ, ਇਸ ਲਈ ਉਹ ਸਾਰੇ ਭੈਣਾਂ-ਭਰਾਵਾਂ ਨੂੰ ਕੁਝ-ਕੁਝ ਵਕਫੇ ਬਾਅਦ ਕਾਲੀ ਜੀਰੀ ਘੋਟ ਕੇ ਪਿਲਾਉਂਦੇ ਹੁੰਦੇ ਸਨ। ਘੋਟੀ ਹੋਈ ਕਾਲੀ ਜੀਰੀ ਬੜੀ ਕੌੜੀ ਹੁੰਦੀ ਹੈ ਅਤੇ ਇਸੇ ਲਈ ਪੀਣੀ ਕਾਫੀ ਔਖੀ। ਅਸੀਂ ਕਾਲੀ ਜੀਰੀ ਪੀਣੋਂ ਬਚਣ ਲਈ ਕਈ ਬਹਾਨੇ ਅਤੇ ਤਰੀਕੇ ਲੱਭਦੇ ਰਹਿਣਾ। ਉਨ੍ਹਾਂ ਪਹਿਲਾਂ ਪਿਆਰ ਨਾਲ ਕਹਿਣਾ ਫਿਰ ਕੋਈ ਲਾਲਚ ਦੇਣਾ ਅਤੇ ਜਦੋਂ ਫਿਰ ਵੀ ਨਾ ਮੰਨਣਾ, ਆਪਣੀਆਂ ਦੋਹਾਂ ਲੱਤਾਂ ਵਿਚ ਫਸਾ ਕੇ ਜਬਰਦਸਤੀ ਮੂੰਹ ਖੋਲ੍ਹ ਕੇ ਅੰਦਰ ਲੰਘਾ ਦੇਣੀ। ਬੀਜੀ, ਕੱਦ ਦੇ ਆਮ ਨਾਲੋਂ ਕੁਝ ਛੋਟੇ ਅਤੇ ਸਰੀਰ ਦੇ ਭਾਰੇ ਹੁੰਦੇ ਸਨ। ਇਸੇ ਲਈ ਅਸੀਂ ਉਨ੍ਹਾਂ ਦੀਆਂ ਲੱਤਾਂ ਦੀ ਪਕੜ ਤੋਂ ਬਚ ਨਹੀਂ ਸਾਂ ਸਕਦੇ ਹੁੰਦੇ।

ਪਟਿਆਲੇ ਸ਼ਹਿਰ ਵਿਚ ਬਿਤਾਏ ਜ਼ਿੰਦਗੀ ਦੇ ਪਹਿਲੇ ਅੱਠ ਸਾਲਾਂ ਦੀਆਂ ਬੀਜੀ ਨਾਲ ਸਬੰਧਤ ਮੈਨੂੰ ਜੋ ਖ਼ਾਸ ਗੱਲਾਂ ਯਾਦ ਹਨ, ਉਨ੍ਹਾਂ ਵਿਚੋਂ ਇਕ ਮਾਮੇ ਦੇ ਵਿਆਹ 'ਤੇ ਬੰਬਈ ਜਾਣਾ ਅਤੇ ਦੂਜਾ ਬੀਜੀ ਦਾ ਅਕਾਲੀ ਮੋਰਚੇ ਵਿਚ

ਗ੍ਰਿਫਤਾਰੀ ਦੇਣ ਜਾਣਾ।

ਮੇਰੀ ਮਾਂ ਦਾ ਸਾਰਾ ਸਕਾ ਪਰਿਵਾਰ 1947 ਦੀ ਵੰਡ ਵਿਚ ਮਾਰਿਆ ਗਿਆ ਸੀ। ਇਸ ਲਈ ਸਾਡਾ ਕੋਈ ਸਕਾ ਮਾਮਾ, ਮਾਸੀ ਤਾਂ ਹੈ ਨਹੀਂ ਪਰ ਬੀਜੀ ਦੇ ਤਾਏ ਦਾ ਇਕ ਪੁੱਤਰ ਉਨ੍ਹਾਂ ਦਾ ਬੜਾ ਮਾਣ ਕਰਦਾ ਸੀ। ਇਸੇ ਮਾਮੇ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਅਸੀਂ ਮਾਂ-ਪੁੱਤ ਬੰਬਈ ਗਏ ਸਾਂ। ਉਥੇ ਹੀ ਦੂਰ ਦੀਆਂ ਰਿਸ਼ਤੇਦਾਰੀਆਂ ਵਿਚੋਂ ਬੀਜੀ ਦੇ ਮੂੰਹੋਂ ਸੁਣੇ 'ਚਿੜੀਆਂ ਦੇ ਚੰਬੇ' ਦੀ ਮਿੱਠੀ ਯਾਦ ਮੈਰੀ ਸੋਚ ਵਿਚ ਅੱਜ ਤਕ ਸ਼ਹਿਦ ਘੋਲਦੀ ਰਹਿੰਦੀ ਹੈ। ਜਦੋਂ ਕਦੇ ਵੀ ਇਸ ਲੋਕ ਗੀਤ ਦੇ ਬੋਲ ਕਿਸੇ ਪਾਸਿਉਂ ਮੇਰੇ ਕੰਨੀਂ ਪੈ ਜਾਂਦੇ ਹਨ, ਤਾਂ ਮੇਰਾ ਅੰਦਰਲਾ ਆਪ-ਮੁਹਾਰੇ ਇਸ ਗੀਤ ਰਾਹੀਂ ਬੀਜੀ ਦੀਆਂ ਯਾਦਾਂ ਨਾਲ ਇਕਸੁਰ ਹੋ ਜਾਂਦਾ ਹੈ।

ਅਸੀਂ ਛੋਟੇ-ਛੋਟੇ ਹੁੰਦੇ ਸਾਂ, ਜਦੋਂ ਬੀਜੀ ਗੁਰਦੁਆਰੇ ਗਏ, ਪੰਜਾਬੀ ਸੂਬੇ ਦੇ ਮੋਰਚੇ ਵਿਚ ਗ੍ਰਿਫਤਾਰੀ ਦੇਣ ਲਈ ਆਪਣਾ ਨਾਂ ਲਿਖਵਾ ਆਏ। ਘਰ ਆ ਕੇ ਉਨ੍ਹਾਂ ਦੱਸਿਆ ਤਾਂ ਬੀਜੀ ਦੀ ਮਾਸੀ ਅਤੇ ਨੇੜੇ ਰਹਿੰਦੇ ਕੁਝ ਹੋਰ ਰਿਸ਼ਤੇਦਾਰਾਂ, ਹਮਦਰਦਾਂ ਨੇ ਸਮਝਾਇਆ ਕਿ ਇਹ ਤੂੰ ਕੀ ਗ਼ਲਤੀ ਕਰ ਆਈ। ਨਿੱਕੇ-ਨਿੱਕੇ ਬੱਚਿਆਂ ਨੂੰ ਛੱਡ ਕੇ ਕਿੱਥੇ ਜਾਏਂਗੀ। ਪਰ ਬੀਜੀ ਆਪਣੇ ਫੈਸਲੇ ਉੱਤੇ ਕਾਇਮ ਰਹੇ ਅਤੇ ਸਾਨੂੰ ਰੋਂਦਿਆਂ ਨੂੰ ਛੱਡ ਕੇ ਤੁਰ ਪਏ। ਮੈਨੂੰ ਹੁਣ ਤਕ ਧੁੰਦਲੀ ਜਿਹੀ ਯਾਦ ਹੈ ਕਿ ਬੀਜੀ ਜਦੋਂ ਗ੍ਰਿਫਤਾਰੀ ਦੇਣ ਲਈ ਤਿਆਰ ਹੋ ਕੇ ਘਰੋਂ ਗੁਰਦੁਆਰੇ ਵੱਲ ਜਾ ਰਹੇ ਸਨ ਤਾਂ ਮੈਂ ਉਨ੍ਹਾਂ ਦੇ ਪਿੱਛੇ ਕੁਝ ਦੂਰ ਤਕ ਰੋਂਦਾ-ਰੋਂਦਾ ਦੌੜਿਆ ਸਾਂ।

ਜਦੋਂ ਅਸੀਂ ਪਟਿਆਲੇ ਤੋਂ ਚੰਡੀਗੜ੍ਹ ਆਏ, ਤਾਂ ਮੈਂ ਪੰਜਵੀਂ ਜਮਾਤ ਵਿਚ ਪੜ੍ਹਦਾ ਸਾਂ। ਵੈਸੇ ਮੇਰੇ ਪਿਤਾ ਜੀ ਕਾਰੋਬਾਰ ਦੇ ਸਿਲਸਿਲੇ ਵਿਚ ਬਾਕੀ ਪਰਿਵਾਰ ਤੋਂ ਪਹਿਲਾਂ ਸ਼ਿਫਟ ਹੋ ਚੁੱਕੇ ਸਨ। ਕੌਮੀ ਸਰਗਰਮੀਆਂ ਨਾਲ ਮੈਂ ਸੁਚੇਤ ਰੂਪ ਵਿਚ ਆਪਣੀ ਕਾਲਜ ਜ਼ਿੰਦਗੀ ਦੇ ਪਹਿਲੇ ਸਾਲ ਦੌਰਾਨ ਜੁੜਿਆ ਸਾਂ, ਭਾਵ ਜਦੋਂ ਮੈਂ ਪ੍ਰੀ-ਇੰਜੀਨੀਅਰਿੰਗ ਵਿਚ ਪੜ੍ਹਦਾ ਸਾਂ, ਪਰ ਬੀਜੀ ਰਾਹੀਂ ਸਾਡਾ ਪਰਿਵਾਰ ਪੰਥਕ ਸਰਗਰਮੀਆਂ ਨਾਲ ਹਮੇਸ਼ਾ ਹੀ ਜੁੜਿਆ ਰਿਹਾ ਹੈ। ਚੰਡੀਗੜ੍ਹ ਵਿਚ ਕੋਈ ਪੰਥਕ ਇਕੱਠ ਹੋਵੇ, ਬੀਜੀ ਵੱਸ ਲਗਦੇ ਜ਼ਰੂਰ ਸ਼ਾਮਿਲ ਹੋਇਆ ਕਰਦੇ ਸਨ ਅਤੇ ਉਨ੍ਹਾਂ ਕਰ ਕੇ ਮੈਂ ਅਤੇ ਬਾਕੀ ਭੈਣ ਭਰਾ ਵੀ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਨਾਲ ਜੁੜੇ ਰਹਿੰਦੇ ਸਾਂ। ਚੰਡੀਗੜ੍ਹ ਵਿਚ ਹੋਏ ਅਜਿਹੇ ਇਕ ਮੁਜ਼ਾਹਰੇ ਦੀ ਯਾਦ ਮੇਰੇ ਜ਼ਿਹਨ ਅੰਦਰ ਹੁਣ ਤਕ ਸੁਰੱਖਿਅਤ ਹੈ।

ਸ਼ਾਇਦ ਇਹ 1965 ਦੇ ਆਲੇ-ਦੁਆਲੇ ਦੀ ਗੱਲ ਹੈ। ਵਰ੍ਹਦੇ ਮੀਂਹ ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਇਕ ਭਾਰੀ ਮੁਜ਼ਾਹਰਾ ਹੋਇਆ ਸੀ, ਜਿਸ ਵਿਚ ਬੀਜੀ ਪੂਰੇ ਜੋਸ਼-ਖਰੋਸ਼ ਨਾਲ ਸ਼ਾਮਿਲ ਹੋਏ ਸਨ। ਵਰ੍ਹਦੇ ਮੀਂਹ ਕਾਰਣ ਗੱਚ ਹੋਏ, ਜਨਾਨੀਆਂ ਦੇ ਜਥੇ ਵਿਚ ਨਾਅਰੇ ਮਾਰਦੇ ਜਾਂਦਿਆਂ ਨੂੰ ਮੈਂ ਅੱਜ ਵੀ ਜਦ ਚਾਹਾਂ ਆਪਣੀ ਸੋਚ ਦ੍ਰਿਸ਼ਟੀ ਨਾਲ ਬੀਜੀ ਨੂੰ ਦੇਖ ਸਕਦਾ ਹਾਂ। ਜ਼ਿੰਦਗੀ ਦੇ ਸੋਲ੍ਹਵੇਂ-ਸਤਾਰਵੇਂ ਸਾਲ ਵਿਚ, ਮੈਂ ਜਦੋਂ ਸਿਰਦਾਰ ਕਪੂਰ ਸਿੰਘ ਜੀ ਦੇ ਵਿਚਾਰਾਂ ਦੇ ਪ੍ਰਭਾਵ ਤਹਿਤ 'ਸਿੱਖ ਹੋਮਲੈਂਡ' ਦੀ ਜੱਦੋ-ਜਹਿਦ ਨਾਲ ਜੁੜਿਆ, ਤਾਂ ਬੀਜੀ ਨੂੰ ਕੇਵਲ ਖੁਸ਼ੀ ਹੀ ਨਹੀਂ ਹੋਈ, ਉਨ੍ਹਾਂ ਮੈਨੂੰ ਉਤਸ਼ਾਹਤ ਵੀ ਕੀਤਾ।

ਸਿੱਖ ਕੌਮ ਦੇ ਸੁਰੱਖਿਅਤ ਅਤੇ ਉਜਵਲ ਭਵਿੱਖ ਸਬੰਧੀ ਮੇਰੇ ਵਿਚਾਰਾਂ ਅਤੇ ਸੰਘਰਸ਼ ਪ੍ਰਤੀ ਬੀਜੀ ਹਮਾਇਤ ਹੀ ਨਹੀਂ, ਮਾਣ ਦੀ ਭਾਵਨਾ ਵੀ ਰੱਖਦੇ ਸਨ। ਪਰ ਉਨ੍ਹਾਂ ਵਿਚ ਇਹ ਗੱਲ ਜ਼ਰੂਰ ਸੀ ਕਿ ਉਹ ਜਿਥੇ ਵੀ ਮੈਨੂੰ ਗ਼ਲਤ ਮਹਿਸੂਸ ਕਰਦੇ, ਫੌਰੀ ਤੌਰ 'ਤੇ ਟੋਕ ਦਿਆ ਕਰਦੇ ਸਨ। ਬੀਜੀ ਉਨ੍ਹਾਂ ਮਾਵਾਂ ਵਿਚੋਂ ਨਹੀਂ ਸਨ ਜਿਨ੍ਹਾਂ ਨੇ ਪੁੱਤਰ ਮੋਹ ਵਿਚ ਪੁੱਤਰਾਂ ਦੀ ਹਰ ਗ਼ਲਤੀ ਦੀ ਤਾਰੀਫ ਹੀ ਕਰਨੀ ਹੁੰਦੀ ਹੈ। ਦਲ ਖ਼ਾਲਸਾ, ਸਿੱਖ ਸਾਹਿਤ ਤੇ ਸਭਿਆਚਾਰਕ ਕੇਂਦਰ, ਸਿੱਖ ਸਟੂਡੈਂਟਸ ਫੈਡਰੇਸ਼ਨ ਜਾਂ ਸਿੱਖ ਨੈਸ਼ਨਲ ਗਾਰਡਜ਼, ਮੇਰਾ ਸਬੰਧ ਜਿਸ ਵੀ ਜਥੇਬੰਦੀ ਨਾਲ ਰਿਹਾ, ਉਸ ਦੀਆਂ ਸਰਗਰਮੀਆਂ ਦਾ ਕੇਂਦਰ ਸਾਡਾ ਘਰ ਹੀ ਬਣਿਆ ਰਿਹਾ ਅਤੇ ਇਹ ਇਸ ਕਰ ਕੇ ਰਿਹਾ ਕਿ ਇਸ ਘਰ ਵਿਚ ਬੀਜੀ ਹੁੰਦੇ ਸਨ, ਜਿਨ੍ਹਾਂ ਦੇ ਹੱਥ ਮੇਰੇ ਦੋਸਤਾਂ ਦੀ ਪਿੱਠ ਥਾਪੜਦੇ ਕਦੇ ਨਹੀਂ ਸਨ ਥਕਦੇ, ਜਿਨ੍ਹਾਂ ਦੇ ਮੂੰਹੋਂ ਮੇਰੇ ਦੋਸਤਾਂ ਲਈ ਹਮੇਸ਼ਾਂ ਅਸੀਸਾਂ ਨਿਕਲਦੀਆਂ ਸਨ ਅਤੇ ਜਿਨ੍ਹਾਂ ਦੀ ਰਸੋਈ ਵਿਚੋਂ ਮੇਰੇ ਦੋਸਤਾਂ ਲਈ ਰੁੱਖੀ-ਮਿੱਸੀ ਹਰ ਵੇਲੇ ਮਿਲ ਜਾਂਦੀ ਸੀ।

ਖ਼ਾਲਿਸਤਾਨ ਲਹਿਰ ਵਿਚ ਬੀਜੀ ਦਾ ਰੋਲ ਸਿਰਫ ਮੈਨੂੰ ਉਤਸ਼ਾਹਤ ਕਰਨ ਤਕ ਹੀ ਸੀਮਤ ਨਹੀਂ ਸੀ ਰਿਹਾ, ਉਹ ਖ਼ੁਦ ਵੀ ਖ਼ਾਲਿਸਤਾਨੀ ਸਰਗਰਮੀਆਂ ਵਿਚ ਸ਼ਾਮਿਲ ਹੋਣ ਵਿਚ ਖੁਸ਼ੀ ਮਹਿਸੂਸ ਕਰਿਆ ਕਰਦੇ ਸਨ। ਦਲ ਖ਼ਾਲਸਾ ਦੀਆਂ ਖ਼ਾਲਿਸਤਾਨੀ ਕਾਨਫਰੰਸਾਂ, ਖ਼ਾਲਿਸਤਾਨ ਮਾਰਚ ਅਤੇ ਰੋਹ ਭਰੇ ਮੁਜ਼ਾਹਰੇ ਚੰਡੀਗੜ੍ਹ ਤੋਂ ਅੰਮ੍ਰਿਤਸਰ ਤਕ ਬੀਜੀ ਨੂੰ ਜਦੋਂ ਵੀ ਮੌਕਾ ਮਿਲਿਆ, ਉਹ ਜ਼ਰੂਰ ਸ਼ਾਮਿਲ ਹੋਏ। ਵਡੇਰੀ ਉਮਰ, ਭਾਰਾ ਸਰੀਰ ਅਤੇ ਗੋਡਿਆਂ ਦੇ ਦਰਦ ਕਰ ਕੇ ਉਨ੍ਹਾਂ ਲਈ ਬਹੁਤਾ ਤੁਰਨਾ ਮੁਸ਼ਕਿਲ ਹੁੰਦਾ ਸੀ, ਇਸ ਦੇ ਬਾਵਜੂਦ ਉਹ ਵੱਸ ਲਗਦੇ ਕੋਈ ਮੌਕਾ ਹੱਥੋਂ ਨਹੀਂ ਸਨ ਜਾਣ ਦਿੰਦੇ। ਸਾਨੂੰ ਖ਼ਾਲਿਸਤਾਨ

ਦੇ ਨਾਅਰੇ ਮਾਰਦੇ ਦੇਖ ਕੇ ਉਨ੍ਹਾਂ ਨੂੰ ਬੜੀ ਖੁਸ਼ੀ ਹੁੰਦੀ ਸੀ।

ਮੇਰੀ ਸੰਘਰਸ਼ਸ਼ੀਲ ਜ਼ਿੰਦਗੀ ਵਿਚ ਔਖੀਆਂ ਘੜੀਆਂ ਦੇ ਕਈ ਮੌਕੇ ਆਏ, ਜਿਹੜੇ ਮੈਨੂੰ ਦੁਬਿਧਾ ਅਤੇ ਦੋਚਿੱਤੀ ਵੱਲ ਧੱਕ ਕੇ ਲੈ ਜਾਂਦੇ ਰਹੇ। ਜਦੋਂ ਵੀ ਮੇਰੇ ਲਈ ਅਜਿਹੀ ਸਥਿਤੀ ਬਣੀ, ਤਕਰੀਬਨ ਹਰ ਵਾਰ ਬੀਜੀ ਵਲੋਂ ਮਿਲੀ ਹਿੰਮਤ ਅਤੇ ਹੌਂਸਲੇ ਨੇ ਹੀ ਮੈਨੂੰ ਇਸ ਵਿਚੋਂ ਬਾਹਰ ਕੱਢਿਆ ਹੈ। ਮੈਂ ਅਜਿਹੀਆਂ ਸਥਿਤੀਆਂ ਦੀਆਂ ਕਈ ਯਾਦਾਂ ਵਿਚੋਂ, ਇਕ ਦਾ ਜ਼ਿਕਰ ਇਥੇ ਕਰਨਾ ਚਾਹਾਂਗਾ। ਇਹ ਗੱਲ 1975 ਦੇ ਅਖੀਰ ਦੀ ਹੈ, ਜਦੋਂ ਮੈਂ ਪੰਜਾਬ ਸਿਵਲ ਸਕੱਤਰੇਤ ਵਿਚ ਨੌਕਰੀ ਕਰਦਾ ਹੁੰਦਾ ਸਾਂ। ਹਿੰਦੁਸਤਾਨ ਵਿਚ ਐਮਰਜੈਂਸੀ ਲੱਗੀ ਹੋਈ ਸੀ ਅਤੇ ਮੇਰੇ ਪਹਿਲੇ ਕਾਵਿ ਸੰਗ੍ਰਹਿ 'ਪੰਜ ਤੀਰ ਹੋਰ' ਉਤੇ ਪਾਬੰਦੀ ਲਗਾਉਣ ਲਈ ਚੱਲ ਰਹੇ ਸਰਕਾਰੀ ਅਮਲ ਦੀ ਸੂਹ ਬਾਹਰ ਨਿਕਲੀ ਹੋਈ ਸੀ। ਐਮਰਜੈਂਸੀ ਦੀ ਬੜੀ ਦਹਿਸ਼ਤ ਸੀ ਅਤੇ ਹਕੂਮਤ ਵਲੋਂ ਆਪਣੇ ਮੁਖਾਲਫਾਂ ਵਿਰੁੱਧ ਚੱਲ ਰਹੇ ਦਮਨ ਚੱਕਰ ਦੀਆਂ ਖ਼ਬਰਾਂ ਰੋਜ਼ ਛਪਦੀਆਂ ਰਹਿੰਦੀਆਂ ਸਨ।

'ਪੰਜ ਤੀਰ ਹੋਰ' ਨੂੰ ਦੇਸ਼ ਵਿਰੋਧੀ ਕਰਾਰ ਦੇ ਕੇ ਇਸ ਉਤੇ ਪਾਬੰਦੀ ਲਗਾਉਣ ਅਤੇ ਮੇਰੇ ਵਿਰੁੱਧ ਕੋਈ ਸਖ਼ਤ ਕਾਰਵਾਈ ਹੋਣ ਦੀ ਸੰਭਾਵਨਾ ਦੀ ਸੂਹ ਜਦੋਂ ਮੇਰੇ ਕੁਝ ਪਰਿਵਾਰਕ ਹਲਕਿਆਂ (ਉਚ ਸਰਕਾਰੀ ਅਹੁਦੇ ਉਤੇ ਲੱਗੇ ਹੋਏ) ਰਾਹੀਂ ਮੇਰੇ ਪਰਿਵਾਰ ਤਕ ਪਹੁੰਚੀ ਕਿ ਜੇਕਰ ਗਜਿੰਦਰ ਲਿਖਤੀ ਮੁਆਫ਼ੀ ਮੰਗਣ ਲਈ ਤਿਆਰ ਹੋਵੇ ਤਾਂ ਸ਼ਾਇਦ ਉਸ ਦਾ ਬਚਾਉ ਹੋ ਸਕੇ, ਨਹੀਂ ਤਾਂ ਇਹ ਹੋ ਜਾਣੈ, ਉਹ ਹੋ ਜਾਣੈ ਆਦਿ-ਆਦਿ। ਮੇਰੇ ਉਤੇ ਜਦੋਂ ਪਰਿਵਾਰ ਦੇ ਕੁਝ ਮੈਂਬਰਾਂ ਵਲੋਂ ਮੁਆਫ਼ੀ ਵਾਲੀ ਗੱਲ ਮੰਨ ਲੈਣ ਲਈ ਕਾਫੀ ਦਬਾਉ ਪੈ ਰਿਹਾ ਸੀ, ਤਾਂ ਮੈਂ ਇਕ ਸ਼ਾਮ ਕਾਫੀ ਪ੍ਰੇਸ਼ਾਨ ਘਰ ਦੇ ਇਕ ਕਮਰੇ ਵਿਚ ਇਧਰ-ਉਧਰ ਟਹਿਲ ਰਿਹਾ ਸਾਂ। ਬੀਜੀ ਮੇਰੇ ਕੋਲ ਆਏ ਅਤੇ ਕਹਿਣ ਲੱਗੇ, "ਗਿੰਦੀ (ਮੇਰਾ ਘਰ ਦਾ ਨਾਂ), ਜੇ ਤਾਂ ਤੂੰ ਹੁਣ ਤਕ ਜੋ ਕੀਤੈ, ਆਪਣੇ ਆਪ ਨੂੰ ਗੁਰੂ ਦੇ ਲੇਖੇ ਲੱਗਿਆ ਸਮਝ ਕੇ ਕੀਤੈ, ਫਿਰ ਤਾਂ ਦਸ ਸਾਲ ਲਈ ਵੀ ਅੰਦਰ ਕਰ ਦੇਣ, ਕੋਈ ਚਿੰਤਾ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਅਤੇ ਜੇ ਝੱਖ ਮਾਰੀ ਹੈ ਤਾਂ ਫਿਰ ਜੋ ਮਰਜ਼ੀ ਕਰ। ਗੁਰੂ ਨੂੰ ਪਿੱਠ ਦੇਣੀ ਅਤੇ ਮਰ ਗਿਆ ਇਕ ਬਰਾਬਰ ਹੁੰਦੈ।" ਬੀਜੀ ਦੇ ਮੂੰਹੋਂ ਇਹ ਲਫਜ਼ ਸੁਣਨ ਤੋਂ ਬਾਅਦ ਮੇਰੀ ਦੁਬਿਧਾ ਮਿੱਟ ਗਈ, ਪ੍ਰੇਸ਼ਾਨੀ ਦੂਰ ਹੋ ਗਈ ਅਤੇ ਮੈਂ ਮਾਨਸਿਕ ਤੌਰ 'ਤੇ ਸਪੱਸ਼ਟ ਹੋ ਕੇ ਖ਼ਾਕੀ ਵਰਦੀ ਵਾਲਿਆਂ ਦੀ ਦਸਤਕ ਦੀ ਇੰਤਜ਼ਾਰ ਕਰਨ ਲੱਗ ਪਿਆ।

ਸਤੰਬਰ 1981 ਵਿਚ ਹਵਾਈ ਜਹਾਜ਼ ਲੈ ਕੇ ਲਾਹੌਰ ਆਉਣ ਤੋਂ ਪਹਿਲਾਂ, ਮੈਂ ਬੀਜੀ ਨੂੰ ਮਿਲ ਕੇ ਨਹੀਂ ਸਾਂ ਆਇਆ। ਪਿਛਲੇ ਛੇ ਕੁ ਮਹੀਨੇ ਤੋਂ ਸਾਡੀ ਮਾਂ-ਪੁੱਤ ਦੀ ਨਰਾਜ਼ਗੀ ਚਲ ਰਹੀ ਸੀ ਅਤੇ ਮੈਂ ਘਰ ਛੱਡ ਚੁੱਕਾ ਸਾਂ। ਬੀਜੀ ਤੋਂ ਵਿਛੜ ਕੇ ਬਿਤਾਏ ਪਿਛਲੇ ਦਸ ਸਾਲ ਦੇ ਸਾਰੇ ਸਮੇਂ 'ਤੇ ਝਾਤ ਮਾਰਿਆਂ, ਮੈਨੂੰ ਇਕ ਪਲ ਵੀ ਐਸਾ ਨਹੀਂ ਲੱਭਦਾ ਜਦੋਂ ਬੀਜੀ ਨਾਲ ਨਾਰਾਜ਼ਗੀ ਕਰ ਕੇ ਮੇਰੇ ਮਨ ਵਿਚ ਉਨ੍ਹਾਂ ਲਈ ਸਤਿਕਾਰ ਦੀ ਭਾਵਨਾ ਰੱਤੀ ਭਰ ਵੀ ਘਟੀ ਹੋਵੇ। ਉਨ੍ਹਾਂ ਤੋਂ ਸਮੇਂ ਸਥਾਨ ਦੀ ਦੂਰੀ ਅਤੇ ਨਾਰਾਜ਼ਗੀਆਂ ਦੇ ਬਾਵਜੂਦ ਉਨ੍ਹਾਂ ਦੇ ਮੋਹ ਦਾ ਨਿੱਘ ਮੈਂ ਆਪਣੇ ਲਹੂ ਵਿਚ ਹਮੇਸ਼ਾਂ ਮਹਿਸੂਸ ਕਰਦਾ ਰਿਹਾ ਹਾਂ। ਸਾਡੀ ਹਾਈਜੈਕਿੰਗ ਤੋਂ ਬਾਅਦ ਭਾਰਤ ਦੀਆਂ ਅਖ਼ਬਾਰਾਂ ਵਿਚ ਸਾਡੀ ਕਾਰਵਾਈ ਅਤੇ ਸਾਡੇ ਬਾਰੇ ਕੀ ਕੁਝ ਛਪਿਆ, ਇਹ ਮੈਨੂੰ ਹਾਲੇ ਤਕ ਪੜ੍ਹਨ ਨੂੰ ਨਹੀਂ ਮਿਲਿਆ, ਪਰ ਇਹ ਜ਼ਰੂਰ ਸੁਣਨ ਨੂੰ ਮਿਲ ਚੁੱਕਾ ਹੈ ਕਿ ਮੇਰੀ ਮਾਂ ਦੇ ਇਹ ਲਫਜ਼ ਵੱਡੀ ਸੁਰਖੀ ਵਿਚ ਛਪੇ ਸਨ, "ਮੈਨੂੰ ਆਪਣੇ ਪੁੱਤਰ ਉੱਤੇ ਮਾਣ ਹੈ।"

ਜੇਲ੍ਹ ਵਿਚੋਂ ਬਾਹਰ ਦੀ ਦੁਨੀਆਂ ਨਾਲ ਚਿੱਠੀ ਪੱਤਰ ਦੀ ਇਜਾਜ਼ਤ ਸਾਨੂੰ 1986 ਦੇ ਸ਼ੁਰੂ ਵਿਚ ਮਿਲੀ ਸੀ ਅਤੇ ਉਸ ਤੋਂ ਬਾਅਦ ਅੱਜ ਤਕ ਆਪਣੇ ਪਰਿਵਾਰ ਨਾਲ ਮੈਨੂੰ ਬੀਜੀ ਦੀਆਂ ਚਿੱਠੀਆਂ ਨੇ ਜੋੜੀ ਰੱਖਿਆ ਹੈ। ਮੇਰੇ ਇਧਰ ਆਉਣ ਤੋਂ ਬਾਅਦ, ਬੀਜੀ ਉਤੇ ਦੋ ਕੁ ਪੁਲਿਸ ਕੇਸ ਦਰਜ ਹੋ ਗਏ ਸਨ, ਗੁਰਦੁਆਰਾ ਸਾਹਿਬ ਵਿਚ ਕੀਤੇ ਭਾਸ਼ਣਾਂ ਦੇ ਸਿਲਸਿਲੇ ਵਿਚ ਅਤੇ ਸ਼ਾਇਦ ਇਸੇ ਲਈ ਸਰਕਾਰ ਉਨ੍ਹਾਂ ਨੂੰ ਪਾਸਪੋਰਟ ਦੇਣ ਤੋਂ ਇਨਕਾਰੀ ਰਹੀ ਹੈ। ਮੇਰੇ ਇਕ ਦੋ ਵਕੀਲ ਦੋਸਤਾਂ ਰਾਹੀਂ, ਉਨ੍ਹਾਂ ਨੇ ਪਾਸਪੋਰਟ ਹਾਸਿਲ ਕਰਨ ਲਈ ਕਾਨੂੰਨੀ ਤਰੀਕੇ ਵੀ ਅਪਣਾਏ, ਪਰ ਕੁਝ ਨਾ ਬਣ ਸਕਿਆ ਅਤੇ ਸਾਡੀ ਮਾਂ-ਪੁੱਤ ਦੀ ਇਕ ਦੂਜੇ ਦੇ ਗਲ ਲੱਗ ਕੇ ਦਿਲਾਂ ਦੇ ਬੋਝ ਹਲਕੇ ਕਰਨ ਦੀ ਇੱਛਾ ਦਿਲਾਂ ਵਿਚ ਹੀ ਰਹਿ ਗਈ। ਬੀਜੀ ਦੇ ਅਕਾਲ ਚਲਾਣੇ ਦੀ ਖ਼ਬਰ ਆਉਣ ਤੋਂ ਬਾਅਦ ਬੀਜੀ ਦੀਆਂ ਯਾਦਾਂ ਮੈਨੂੰ ਰਹਿ-ਰਹਿ ਕੇ ਆਉਂਦੀਆਂ ਰਹਿੰਦੀਆਂ ਹਨ ਅਤੇ ਯਾਦਾਂ ਦਾ ਬੁੱਲ੍ਹਾ ਕੁਝ ਹੰਝੂਆਂ ਦੀ ਭੇਟਾ ਲੈ ਕੇ ਪਰਤ ਜਾਂਦਾ ਹੈ। ਬੀਜੀ, ਮੇਰੇ ਲਈ ਵਿਛੜ ਕੇ ਵੀ ਨਹੀਂ ਵਿਛੜੇ। ਉਨ੍ਹਾਂ ਦਾ ਮੋਹ ਮੇਰੇ ਲਹੂ ਵਿਚ ਘੁਲਿਆ ਹੋਇਆ ਹੈ ਅਤੇ ਉਨ੍ਹਾਂ ਦੀਆਂ ਯਾਦਾਂ ਮੇਰੀਆਂ ਅੰਦਰਲੀਆਂ ਅੱਖਾਂ ਵਿਚ ਵਾਸ ਕਰਦੀਆਂ ਹਨ।

ਬੀਜੀ ਦੀ ਉਮਰ ਇਸ ਵੇਲੇ ਸ਼ਾਇਦ 74/75 ਵਰ੍ਹੇ ਰਹੀ ਹੋਵੇਗੀ। ਆਪਣੇ ਨਾਨਕਿਆਂ ਸਬੰਧੀ, ਬੀਜੀ ਤੋਂ ਸੁਣੀਆਂ ਗੱਲਾਂ ਦੀ ਜੋ ਧੁੰਦਲੀ ਜਿਹੀ ਯਾਦ

ਬਾਕੀ ਹੈ, ਉਸ ਅਨੁਸਾਰ 1947 ਦੀ ਵੰਡ ਵੇਲੇ ਬੀਜੀ ਦੀਆਂ ਦੋ ਛੋਟੀਆਂ ਕਵਾਰੀਆਂ ਭੈਣਾਂ ਅਤੇ ਦੋ ਭਰਾ ਸਨ। ਸਾਡੇ ਨਾਨਾ ਜੀ ਦਾ ਨਾਂ ਗਿਆਨੀ ਪ੍ਰਤਾਪ ਸਿੰਘ ਸੀ ਅਤੇ ਉਹ ਬੜੇ ਪੱਕੇ ਅਤੇ ਰੌਸ਼ਨ ਦਿਮਾਗ ਸਿੱਖ ਸਨ। ਉਨ੍ਹਾਂ ਦੀ ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਕਾਫੀ ਨੇੜਤਾ ਸੀ ਅਤੇ ਉਹ ਅਕਸਰ ਪੰਜ ਪਿਆਰਿਆਂ ਵਿਚ ਵੀ ਸ਼ਾਮਿਲ ਹੋਇਆ ਕਰਦੇ ਸਨ। ਸੂਬਾ ਸਰਹੱਦ ਵਿਚ ਸ਼ਹਿਰ ਹਰੀਪੁਰ ਹਜ਼ਾਰਾਂ ਦੇ ਨੇੜੇ ਪਿੰਡ 'ਸਰਾਏ ਨਿਆਮਤ ਖਾਨ' ਵਿਚ ਮੇਰਾ ਨਾਨਕਾ ਘਰ ਅਤੇ ਜ਼ਮੀਨਾਂ ਸਨ। ਮੇਰੇ ਨਾਨਕਿਆਂ ਦਾ ਇਕ ਮਕਾਨ, ਗੁਰਦੁਆਰਾ ਪੰਜਾ ਸਾਹਿਬ ਦੇ ਬਿਲਕੁਲ ਨਾਲ ਵੀ ਸੀ, ਜਿਸ ਦੇ ਬਾਹਰ ਮੇਰੇ ਨਾਨਾ ਜੀ ਦਾ ਨਾਂ ਕੁਝ ਚਿਰ ਪਹਿਲਾਂ ਤਕ ਲਿਖਿਆ ਸੁਣੀਂਦਾ ਸੀ। ਬੀਜੀ ਦਾ ਇਹ ਸਾਰਾ ਪਰਿਵਾਰ 1947 ਦੀ ਵੰਡ ਦੀ ਭੇਟ ਚੜ੍ਹ ਗਿਆ ਸੀ ਅਤੇ ਇਸ ਸਦਮੇ ਨੇ ਵਕਤ ਤੋਂ ਪਹਿਲਾਂ ਹੀ ਬੀਜੀ ਦੇ ਚਿਹਰੇ ਅਤੇ ਵਾਲਾਂ ਵਿਚ ਬਜ਼ੁਰਗੀ ਲੈ ਆਂਦੀ ਸੀ।

ਕੈਦੀ ਜ਼ਿੰਦਗੀ ਦੇ ਇਨ੍ਹਾਂ ਦਸ ਸਾਲਾਂ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ। ਇਸ ਗੱਲ ਦੀ ਖੁਸ਼ੀ ਦਿੱਤੀ ਹੈ ਕਿ ਅਸੀਂ ਕੌਮ ਦੇ ਕਿਸੇ ਕੰਮ ਆ ਸਕੇ ਹਾਂ। ਕਦੇ-ਕਦੇ ਸੋਚਿਆਂ ਦਸ ਸਾਲ ਇਕ ਉਮਰ ਜਿੰਨੇ ਲੰਮੇ ਲਗਦੇ ਹਨ ਅਤੇ ਕਦੇ-ਕਦੇ ਸੋਚਿਆਂ ਬਸ ਦਿਨਾਂ ਦੀ ਗੱਲ ਲਗਦੀ ਹੈ। ਇਨ੍ਹਾਂ ਦਸਾਂ ਸਾਲਾਂ ਵਿਚ ਸਾਡੇ ਪਰਿਵਾਰਾਂ ਦੇ ਨਕਸ਼ੇ ਬਿਲਕੁਲ ਬਦਲ ਗਏ ਹਨ ਅਤੇ ਲਹਿਰ ਦਾ ਨਕਸ਼ਾ ਤਾਂ ਵਾਰ ਵਾਰ ਬਦਲਦਾ ਰਿਹਾ ਹੈ। ਦਸ ਸਾਲ ਪਹਿਲਾਂ ਜਿਨ੍ਹਾਂ ਨੂੰ ਬੱਚਿਆਂ ਦੇ ਰੂਪ ਵਿਚ ਛੱਡ ਕੇ ਆਏ ਸਾਂ, ਉਹ ਹੁਣ ਜਵਾਨ ਹੋ ਗਏ ਹਨ ਅਤੇ ਕਈ ਤਾਂ ਖੁਦ ਬੱਚਿਆਂ ਵਾਲੇ ਹੋ ਗਏ ਹਨ। ਜਿਹੜੇ ਦਸ ਸਾਲ ਪਹਿਲਾਂ ਜਵਾਨ ਸਨ, ਉਹ ਹੁਣ 'ਸਿਆਣੇ' ਹੋ ਗਏ ਹਨ ਅਤੇ ਬਜ਼ੁਰਗ ਹੋਰ ਬਜ਼ੁਰਗ ਅਤੇ ਕਈ ਵਿਛੋੜੇ ਦੇ ਗਏ ਹਨ। ਲਹਿਰ ਦਾ ਨਕਸ਼ਾ ਪਹਿਲਾਂ 1982, 84, ਫਿਰ 86 ਵਿਚ ਬਦਲਿਆ ਹੈ।

ਬੀਜੀ ਦਾ ਅਕਾਲ ਚਲਾਣਾ ਕੁਝ ਐਸੇ ਵਕਤ 'ਤੇ ਹੋਇਆ ਹੈ ਕਿ ਮੇਰੀ ਕੈਦੀ ਜ਼ਿੰਦਗੀ ਦੇ ਦਹਾਕੇ ਦੀਆਂ ਯਾਦਾਂ ਆਪ ਮੁਹਾਰੇ ਹੀ ਬੀਜੀ ਦੀਆਂ ਯਾਦਾਂ ਦੇ ਨਾਂ ਹੋ ਗਈਆਂ ਹਨ।

"ਅੱਜ ਦੀਆਂ ਰੂਸ ਅਤੇ ਪੂਰਬੀ ਯੂਰਪ ਦੀਆਂ ਤਬਦੀਲੀਆਂ ਦੇ ਹਵਾਲੇ ਨਾਲ, ਮੈਂ ਇਸ ਵਿਸ਼ੇ 'ਤੇ ਕਹਿਣਾ ਚਾਹਾਂਗਾ ਕਿ ਜੇਕਰ 'ਮਾਰਕਸਵਾਦ' ਆਨੰਦਪੁਰ ਸਾਹਿਬ ਜਾ ਕੇ 'ਦਸਮ ਪਾਤਿਸ਼ਾਹ ਦਾ ਅੰਮ੍ਰਿਤ' ਛੱਕ ਲੈਂਦਾ, ਤਾਂ ਉਸਦੀ ਇਹ ਹਾਲਤ ਨਹੀਂ ਸੀ ਹੋਣੀ। ਇਥੇ ਇਹ ਧਿਆਨ ਰਹੇ ਕਿ ਮੈਂ 'ਦਸਮ ਪਾਤਿਸ਼ਾਹ ਦੇ ਅੰਮ੍ਰਿਤ' ਦੀ ਗੱਲ ਕਰ ਰਿਹਾ ਹਾਂ, ਅੰਮ੍ਰਿਤ ਦੇ ਨਾਂ 'ਤੇ ਮਹਿਜ਼ ਕਿਸੇ ਰਸਮ ਅਦਾ ਕੀਤੇ ਜਾਣ ਦੀ ਨਹੀਂ, ਜਿਵੇਂ ਕੁਝ ਲੋਕਾਂ ਵੱਲੋਂ ਅੱਜ ਕੀਤਾ ਜਾ ਰਿਹਾ ਹੈ। ਅੱਜ ਤਾਂ ਕੁਝ ਲੋਕਾਂ ਨੇ ਅੰਮ੍ਰਿਤ ਨੂੰ ਬ੍ਰਾਹਮਣੀ ਕਰਮ ਕਾਂਡ ਵਰਗੀ ਇਕ ਰਸਮ ਹੀ ਬਣਾ ਕੇ ਰੱਖ ਦਿੱਤਾ ਹੈ।"

ਰੂਸ ਵੱਲੋਂ ਆ ਰਹੀਆਂ ਆਜ਼ਾਦ ਪੌਣਾਂ ਦੇ ਸੁਨੇਹੇ

ਦਸੰਬਰ 1991

19 ਅਗਸਤ ਨੂੰ ਸ਼ਾਮ ਦੇ ਪੰਜ ਵਜੇ ਜਲੰਧਰ ਦੂਰਦਰਸ਼ਨ ਤੋਂ ਸੋਵੀਅਤ ਰੂਸ ਵਿਚ ਕੱਟੜ ਕਮਿਊਨਿਸਟਾਂ ਵੱਲੋਂ ਫੌਜ ਅਤੇ ਕੇ. ਜੀ. ਬੀ. ਦੀ ਮਦਦ ਨਾਲ ਕੀਤੇ ਗਏ ਰਾਜ ਪਲਟੇ ਦੀ ਖ਼ਬਰ ਪਹਿਲੀ ਵਾਰ ਸੁਣਨ ਨੂੰ ਮਿਲੀ ਸੀ। ਇਸ ਤੋਂ ਬਾਅਦ ਤਾਂ ਕਈ ਦਿਨ ਤਕ ਰੇਡੀਓ, ਟੀ. ਵੀ. ਅਤੇ ਅਖ਼ਬਾਰਾਂ, ਹਰ ਪਾਸੇ ਇਹ ਰਾਜ ਪਲਟਾ ਅਤੇ ਇਸ ਦੇ ਵਿਰੋਧ ਵਿਚ ਉਠਿਆ ਲੋਕ ਉਭਾਰ ਹੀ ਚਰਚਾ ਦਾ ਵਿਸ਼ਾ ਬਣਿਆ ਰਿਹਾ। ਅਸੀਂ ਜੇਲ੍ਹ ਵਿਚ ਬੈਠੇ ਸਾਰਾ ਦਿਨ ਇਹੀ ਖ਼ਬਰਾਂ ਪੜ੍ਹਦੇ ਸੁਣਦੇ ਰਹੇ ਅਤੇ ਆਪਸ ਵਿਚ ਖ਼ਬਰਾਂ ਦੀ ਚਰਚਾ ਅਤੇ ਪੁਣ-ਛਾਣ ਕਰਦੇ ਰਹੇ।

ਇਹ ਰਾਜ ਪਲਟਾ ਤਕਰੀਬਨ ਤੀਜੇ ਦਿਨ ਸ਼ਾਮ ਤਕ ਦਮ ਤੋੜ ਗਿਆ

ਸੀ। ਬਾਗੀ ਜੁੰਡਲੀ ਦੇ ਆਗੂ ਅਤੇ ਗੋਰਬਾਚੇਵ ਨੂੰ ਗੱਦੀਓਂ ਲਾਹ ਕੇ ਕਾਰਜਕਾਰੀ ਪ੍ਰਧਾਨ ਦਾ ਅਹੁਦਾ ਸੰਭਾਲਣ ਵਾਲੇ ਮਿਸਟਰ ਗੈਨਾਡੀ ਯਨਾਯੇਵ ਆਪਣੇ ਬਹੁਤ ਸਾਰੇ ਸਾਥੀਆਂ ਸਣੇ ਗ੍ਰਿਫਤਾਰ ਹੋ ਗਏ ਸਨ ਅਤੇ ਮਿਸਟਰ ਗੋਰਬਾਚੇਵ ਕਰੀਮੀਆਂ ਤੋਂ, ਜਿੱਥੇ ਉਨ੍ਹਾਂ ਨੂੰ ਛੁੱਟੀਆਂ ਮਨਾਉਣ ਗਿਆਂ ਨੂੰ ਬਾਗੀਆਂ ਨੇ ਨਜ਼ਰਬੰਦ ਕਰਕੇ ਰੱਖਿਆ ਹੋਇਆ ਸੀ, ਰਿਹਾਅ ਹੋ ਕੇ ਵਾਪਸ ਮਾਸਕੋ ਪਹੁੰਚ ਗਏ ਸਨ। 22 ਅਗਸਤ ਦੀ ਸਾਡੇ ਕੋਲ ਆਉਂਦੀ ਪਾਕਿਸਤਾਨ ਦੀ ਅੰਗਰੇਜ਼ੀ ਅਖਬਾਰ, 'ਦੀ ਨਿਊਜ਼' ਦੀ ਮੋਟੀ ਸੁਰਖੀ ਸੀ, 'ਗੁਰਬਾਚੇਵ ਰੀਟਰਨਜ਼'। ਇਸ ਤੋਂ ਬਾਅਦ ਇਕ ਸਿਲਸਿਲਾ ਸ਼ੁਰੂ ਹੋਇਆ ਪਿਛਲੇ ਸੱਤਰ ਸਾਲਾ ਕਮਿਊਨਿਸਟ ਦੌਰ ਨਾਲ ਜੁੜੀ ਹਰ ਚੀਜ਼ ਵਿਰੁੱਧ ਲੋਕਾਂ ਦੇ ਗੁੱਸੇ ਦਾ ਅਤੇ ਜਮਹੂਰੀ ਤਬਦੀਲੀਆਂ ਦਾ, ਜੋ ਹੁਣ ਤਕ ਜਾਰੀ ਹੈ। (ਕੱਟੜ ਕਮਿਊਨਿਸਟਾਂ ਵੱਲੋਂ ਕੀਤੇ ਗਏ ਇਸ ਰਾਜ ਪਲਟੇ ਅਤੇ ਇਸ ਰਾਜ ਪਲਟੇ ਦੇ ਵਿਰੁੱਧ ਉਠੇ ਅਵਾਮੀ ਉਭਾਰ ਨੇ, ਜਿਸ ਇਕ ਵਿਅਕਤੀ, ਨੂੰ ਦੁਨੀਆਂ ਭਰ ਵਿਚ ਬਹੁਤ ਜ਼ਿਆਦਾ ਨਾਮਵਰ ਅਤੇ ਸਤਿਕਾਰ ਦਾ ਪਾਤਰ ਬਣਾ ਦਿੱਤਾ ਹੈ, ਉਹ ਹੈ ਰਸ਼ੀਅਨ ਫੈਡਰੇਸ਼ਨ ਦੇ ਸਦਰ ਮਿਸਟਰ ਬੌਰਿਸ ਯੈਲਤਸਿਨ ਦਾ। ਬੋਰਿਸ ਯੈਲਤਸਿਨ ਹੀ ਉਹ ਵਿਅਕਤੀ ਹੈ, ਜੋ ਵਕਤ ਨੂੰ ਪੁੱਠਾ ਗੇੜ ਦੇਣ ਦੀ ਮਨਸ਼ਾ ਨਾਲ ਕੀਤੇ ਗਏ ਇਸ ਰਾਜ ਪਲਟੇ ਦੇ ਵਿਰੁੱਧ ਹਿੱਕ ਠੋਕ ਕੇ ਖੜਾ ਹੋਇਆ ਅਤੇ ਅਵਾਮੀ ਉਭਾਰ ਦਾ ਪ੍ਰੇਰਨਾ ਸਰੋਤ ਅਤੇ ਫਿਰ ਕੇਂਦਰ ਬਿੰਦੂ ਬਣਿਆ।)

ਜਿਨ੍ਹਾਂ ਦਿਨਾਂ ਵਿਚ ਇਹ ਖ਼ਬਰਾਂ ਬਹੁਤ ਗਰਮ ਸਨ, 1917 ਦੇ ਬੋਲਸ਼ਵਿਕ ਇਨਕਲਾਬ ਦੇ ਆਗੂ 'ਫੈਲਿਕਸ ਜੈਰਿੰਸਕੀ' ਦੀ ਕਿਤਾਬ 'ਪਰਿਜ਼ਨ ਡਾਇਰੀ ਐਂਡ ਲੈਟਰਜ਼' ਪੜ੍ਹ ਰਿਹਾ ਸਾਂ। ਫੈਲਿਕਸ ਜੈਰਿੰਸਕੀ, ਜਿਸਦੀ ਮੌਤ 1929 ਵਿਚ ਹੀ ਹੋ ਗਈ ਸੀ, ਪਹਿਲੀ ਕਮਿਊਨਿਸਟ ਸੀਕਰੇਟ ਪੁਲਿਸ 'ਚੇਕਾ' ਦਾ ਬਾਨੀ ਮੰਨਿਆ ਜਾਂਦਾ ਹੈ ਅਤੇ ਇਹ 'ਚੇਕਾ' ਅੱਜ ਦੀ ਬਦਨਾਮ 'ਕੇ. ਜੀ. ਬੀ.' ਦਾ ਮੁੱਢ ਮੰਨੀ ਜਾਂਦੀ ਹੈ। 24 ਅਗਸਤ ਦੀ ਪਾਕਿਸਤਾਨੀ ਅਖਬਾਰ ਵਿਚ, ਮੈਂ ਜਦੋਂ ਲੋਕਾਂ ਵੱਲੋਂ ਫੈਲਿਕਸ ਜੈਰਿੰਸਕੀ ਦਾ ਬੁੱਤ ਭੰਨੇ ਜਾਣ ਦੀ ਖਬਰ ਪੜ੍ਹੀ ਅਤੇ ਤਸਵੀਰ ਦੇਖੀ, ਤਾਂ ਜ਼ਮਾਨੇ ਦੇ ਬਦਲਦੇ ਰੰਗਾਂ ਸਬੰਧੀ ਦਿਲ ਵਿਚ ਇਕ ਅਜੀਬ ਜਿਹਾ ਅਹਿਸਾਸ ਪੈਦਾ ਹੋਇਆ। ਉਹ ਫੈਲਿਕਸ, ਜਿਹੜਾ ਕਿਸੇ ਵੇਲੇ 'ਜ਼ਾਰਸ਼ਾਹੀ' ਦੇ ਜ਼ੁਲਮਾਂ ਵਿਰੁੱਧ ਅਤੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੇ 'ਆਇਰਨ ਫੈਲਿਕਸ' ਵਜੋਂ ਜਾਣਿਆ ਗਿਆ, ਉਹੀ ਫੈਲਿਕਸ ਅੱਜ ਖੂਨੀ ਅਤੇ ਕਾਤਲ ਵਜੋਂ ਤ੍ਰਿਸਕਾਰਿਆ ਗਿਆ। ਪੋਲੈਂਡ ਵਿਚ ਪੈਦਾ ਹੋਏ ਇਸ ਕਮਿਊਨਿਸਟ ਆਗੂ ਨੇ 49 ਸਾਲਾ ਜ਼ਿੰਦਗੀ ਵਿੱਚੋਂ ਕਰੀਬ ਗਿਆਰਾਂ ਸਾਲ ਵੱਖ-ਵੱਖ ਜੇਲ੍ਹਾਂ ਵਿਚ ਕੱਟੇ। ਇੱਕੋ ਵਾਰ ਨਹੀਂ ਸ਼ਾਇਦ ਤਿੰਨ-ਚਾਰ ਵੱਖੋ-ਵੱਖ ਹਿੱਸਿਆਂ ਵਿਚ। ਇਸ ਕਿਤਾਬ ਦਾ ਇਕ ਹਿੱਸਾ ਉਸਦੀ ਜੇਲ੍ਹ ਜ਼ਿੰਦਗੀ ਦੌਰਾਨ ਲਿਖੀ ਡਾਇਰੀ 'ਤੇ ਆਧਾਰਿਤ ਹੈ। ਜਿਸ ਵਿਚ ਇਕ ਵਾਰ ਕੀਤੀ ਸਫਲ ਫਰਾਰੀ

ਦੀ ਕਹਾਣੀ ਵੀ ਸ਼ਾਮਿਲ ਹੈ ਅਤੇ ਦੂਜਾ ਹਿੱਸਾ ਆਪਣੇ ਰਿਸ਼ਤੇਦਾਰਾਂ ਨੂੰ ਲਿਖੀਆਂ ਚਿੱਠੀਆਂ 'ਤੇ ਆਧਾਰਿਤ ਹੈ। ਚਿੱਠੀਆਂ ਵਿਚ ਬਹੁਤੀ ਗਿਣਤੀ, 'ਫੈਲਿਕਸ' ਵੱਲੋਂ ਆਪਣੀ ਵੱਡੀ ਭੈਣ ਐਲਡੋਨਾ ਅਤੇ ਬੀਵੀ ਜੋਸ਼ੀਆ ਨੂੰ ਲਿਖੀਆਂ ਚਿੱਠੀਆਂ ਦੀ ਹੈ। ਪੂਰੀ ਕਿਤਾਬ ਪੜ੍ਹ ਕੇ ਫੈਲਿਕਸ ਬਾਰੇ ਜੋ ਪ੍ਰਭਾਵ ਮਿਲਦਾ ਹੈ, ਉਹ ਇਕ ਐਸੇ ਪੱਕੇ-ਸੱਚੇ ਅਤੇ ਇਮਾਨਦਾਰ ਕਮਿਊਨਿਸਟ ਦਾ ਹੈ, ਜਿਹੜਾ ਕੁਦਰਤ ਨਾਲ ਬਹੁਤ ਪਿਆਰ ਕਰਦਾ ਹੈ, ਬੱਚਿਆਂ ਨਾਲ ਬਹੁਤ ਪਿਆਰ ਕਰਦਾ ਹੈ ਅਤੇ ਕਿਸੇ ਤਰ੍ਹਾਂ ਦੀ ਜ਼ੋਰ ਜਬਰਦਸਤੀ ਦੇ ਵਿਰੁੱਧ ਹੈ।

1901 ਵਿਚ ਆਪਣੀ ਵੱਡੀ ਭੈਣ ਨੂੰ ਲਿਖੀ ਇਕ ਚਿੱਠੀ ਵਿਚ ਬੱਚਿਆਂ ਦੇ ਪਾਲਣ ਪੋਸ਼ਣ ਬਾਰੇ ਆਪਣੇ ਵਿਚਾਰ ਅਤੇ ਸੁਝਾਅ ਦਿੰਦਾ ਹੋਇਆ ਲਿਖਦਾ ਹੈ, "ਮੈਂ ਦੁਹਰਾਉਂਦਾ ਹਾਂ, ਡੰਡਾ ਅਤੇ ਸਰੀਰਕ ਸਜ਼ਾ ਮਨੁੱਖ ਦਾ ਸਰਾਪ ਹਨ।" "(I repeated, the rod and corporal punishment are the curse of humanity)." ਫੈਲਿਕਸ ਦੇ ਬੁੱਤ ਨੂੰ ਖ਼ੂਨੀ ਅਤੇ ਕਾਤਲ ਦਾ ਨਾਂ ਦੇ ਕੇ ਤੋੜੇ ਜਾਣ ਦੀ ਖ਼ਬਰ ਪੜ੍ਹਦਿਆਂ ਮੇਰੇ ਮਨ ਵਿਚ ਉਸ ਵੱਲੋਂ ਆਪਣੀਆਂ ਚਿੱਠੀਆਂ ਵਿਚ ਪ੍ਰਗਟਾਏ ਅਜਿਹੇ ਕੋਮਲ ਵਿਚਾਰ ਵਾਰ-ਵਾਰ ਆਉਂਦੇ ਰਹੇ ਹਨ। ਕਿਤਾਬ ਪੜ੍ਹਦਿਆਂ ਇਹ ਵੀ ਨਹੀਂ ਲੱਗਿਆ ਕਿ ਇਹ ਵਿਅਕਤੀ ਪਾਖੰਡੀ ਭਾਵ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਵੇ। ਇਨ੍ਹਾਂ ਦਿਨਾਂ ਵਿਚ, ਮੈਂ ਵਾਰ-ਵਾਰ ਇਹ ਸੋਚਦਾ ਰਿਹਾ ਹਾਂ ਕਿ ਇਕ ਵਿਅਕਤੀ ਜੋ ਖ਼ੁਦ ਹਕੂਮਤੀ ਜ਼ੁਲਮਾਂ ਦਾ ਸ਼ਿਕਾਰ ਰਿਹਾ, ਦਿਲ ਦਾ ਕੋਮਲ ਅਤੇ ਨੀਅਤ ਦਾ ਸਾਫ਼ ਵੀ ਲੱਗਦਾ ਹੈ, ਉਹ ਅੱਜ ਕਿਉਂ ਖ਼ੁਦ ਜ਼ੁਲਮਾਂ ਦਾ ਪ੍ਰਤੀਕ ਬਣ ਕੇ ਰਹਿ ਗਿਆ ਅਤੇ ਲੋਕਾਂ ਦੀ ਨਫ਼ਰਤ ਅਤੇ ਗੁੱਸੇ ਦਾ ਸ਼ਿਕਾਰ ਹੋਇਆ। ਉਹ ਵਿਅਕਤੀ, ਜੋ ਡੰਡੇ ਦੀ ਵਰਤੋਂ ਨੂੰ ਮਨੁੱਖਤਾ ਦਾ ਸਰਾਪ ਕਹਿੰਦਾ ਹੈ, ਉਹ ਕਿਉਂ ਖ਼ੁਦ ਇਸਦੀ ਅਲਾਮਤ ਬਣ ਗਿਆ?

ਮੈਂ ਨਾ ਤਾਂ ਕਮਿਊਨਿਸਟ ਸਾਹਿਤ ਬਹੁਤਾ ਪੜ੍ਹਿਆ ਹੈ ਅਤੇ ਨਾ ਹੀ ਕਮਿਊਨਿਸਟ ਦੇਸ਼ਾਂ ਬਾਰੇ ਮੈਨੂੰ ਕੋਈ ਜ਼ਿਆਦਾ ਜਾਣਕਾਰੀ ਹੈ। ਇਸ ਵਿਸ਼ੇ 'ਤੇ ਮੇਰੀ ਜਾਣਕਾਰੀ ਉਨੀ ਕੁ ਹੀ ਹੈ, ਜਿੰਨੀ ਕੁ ਅਖ਼ਬਾਰਾਂ, ਰਸਾਲੇ ਪੜ੍ਹਨ ਵਾਲੇ ਕਿਸੇ ਵਿਅਕਤੀ ਦੀ ਹੁੰਦੀ ਹੈ।

ਸਾਡੀ ਮਾਂ ਦੇ ਪ੍ਰਭਾਵ ਹੇਠ ਸਾਡੇ ਘਰ ਦਾ ਮਾਹੌਲ ਧਾਰਮਿਕ ਸੀ। ਮੇਰੇ 'ਤੇ ਪੁਰਾਤਨ ਸਿੱਖ ਇਤਿਹਾਸ ਦਾ ਪ੍ਰਭਾਵ ਬਚਪਨ ਤੋਂ ਹੀ ਕੁਝ ਇੰਨਾ ਪਰਪੱਕ ਰਿਹਾ ਹੈ ਕਿ ਕਿਸੇ ਹੋਰ ਰੰਗ ਦੇ ਚੜ੍ਹਨ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ।

1970 ਤੋਂ 80 ਦੇ ਦਰਮਿਆਨ ਸਿੱਖ ਸਿਧਾਂਤ ਅਤੇ ਮਾਰਕਸਵਾਦ ਵਿਚ ਵਿਰੋਧ, ਸਾਂਝ ਅਤੇ ਤੁਲਨਾਤਮਕ ਅਧਿਐਨ ਬਾਰੇ ਗੱਲਾਂ ਅਕਸਰ ਹੁੰਦੀਆਂ ਰਹੀਆਂ

ਹਨ। 1973 ਵਿਚ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਚੰਡੀਗੜ੍ਹ ਵਿਚ 'ਮਾਰਕਸਾਇਜ਼ਮ ਐਂਡ ਸਿਖਾਲੋਜੀ' ਵਿਸ਼ੇ 'ਤੇ ਇਕ ਸੈਮੀਨਾਰ ਵੀ ਕਰਵਾਇਆ ਸੀ, ਜਿਸ ਵਿਚ ਸ੍ਰ. ਸੰਤ ਸਿੰਘ ਸੇਖੋਂ ਵਰਗੇ ਧਨੰਤਰ ਮਾਰਕਿਸਟ ਸਿੱਖ ਵੀ ਸ਼ਾਮਿਲ ਸਨ ਅਤੇ 'ਸਿੱਖ ਸੁਕਰਾਤ' ਸਿਰਦਾਰ ਕਪੂਰ ਸਿੰਘ ਜੀ ਨੇ ਵੀ ਕੁਝ ਦੇਰ ਲਈ ਹਾਜ਼ਰੀ ਭਰੀ ਸੀ। ਇਸ ਵਿਸ਼ੇ 'ਤੇ ਹੋਰ ਵੀ ਕਾਫੀ ਕੁਝ ਲਿਖਿਆ ਤੇ ਕਿਹਾ ਜਾਂਦਾ ਰਿਹਾ ਹੈ।

ਅੱਜ ਦੀਆਂ ਰੂਸ ਅਤੇ ਪੂਰਬੀ ਯੂਰਪ ਦੀਆਂ ਤਬਦੀਲੀਆਂ ਦੇ ਹਵਾਲੇ ਨਾਲ, ਮੈਂ ਇਸ ਵਿਸ਼ੇ 'ਤੇ ਕਹਿਣਾ ਚਾਹਾਂਗਾ ਕਿ ਜੇਕਰ 'ਮਾਰਕਸਵਾਦ' ਆਨੰਦਪੁਰ ਸਾਹਿਬ ਜਾ ਕੇ 'ਦਸਮ ਪਾਤਿਸ਼ਾਹ ਦਾ ਅੰਮ੍ਰਿਤ' ਛੱਕ ਲੈਂਦਾ, ਤਾਂ ਉਸਦੀ ਇਹ ਹਾਲਤ ਨਹੀਂ ਸੀ ਹੋਣੀ। ਇਥੇ ਇਹ ਧਿਆਨ ਰਹੇ ਕਿ ਮੈਂ 'ਦਸਮ ਪਾਤਿਸ਼ਾਹ ਦੇ ਅੰਮ੍ਰਿਤ' ਦੀ ਗੱਲ ਕਰ ਰਿਹਾ ਹਾਂ, ਅੰਮ੍ਰਿਤ ਦੇ ਨਾਂ 'ਤੇ ਮਹਿਜ਼ ਕਿਸੇ ਰਸਮ ਅਦਾ ਕੀਤੇ ਜਾਣ ਦੀ ਨਹੀਂ, ਜਿਵੇਂ ਕੁਝ ਲੋਕਾਂ ਵੱਲੋਂ ਅੱਜ ਕੀਤਾ ਜਾ ਰਿਹਾ ਹੈ। ਅੱਜ ਤਾਂ ਕੁਝ ਲੋਕਾਂ ਨੇ ਅੰਮ੍ਰਿਤ ਨੂੰ ਬ੍ਰਾਹਮਣੀ ਕਰਮ ਕਾਂਡ ਵਰਗੀ ਇਕ ਰਸਮ ਹੀ ਬਣਾ ਕੇ ਰੱਖ ਦਿੱਤਾ ਹੈ।

'ਯੂਨੀਅਨ ਆਫ ਸੋਵੀਅਤ ਸੋਸ਼ਲਿਸਟ ਰੀਪਬਲਿਕਸ' ਦੀ ਅੱਜ ਦੀ ਸਥਿਤੀ ਇਹ ਹੈ ਕਿ ਇਸ ਵਿੱਚੋਂ 'ਸੋਸ਼ਲਿਸਟ' ਲਫਜ਼ ਆਲੋਪ ਹੋ ਗਿਆ ਹੈ ਅਤੇ ਇਸਦੀਆਂ ਪੰਦਰਾਂ ਰੀਪਬਲਿਕਸ ਵਿੱਚੋਂ ਤਿੰਨ ਰੀਪਬਲਿਕਸ (ਲਾਟਵੀਆਂ, ਲਿਥੂਆਨੀਆਂ ਅਤੇ ਐਸਟੋਨੀਆਂ) ਤਾਂ ਪੂਰੀ ਤਰ੍ਹਾਂ ਆਜ਼ਾਦ ਹੋ ਚੁੱਕੀਆਂ ਹਨ ਅਤੇ ਪਿੱਛੇ ਰਹੀਆਂ ਬਾਰਾਂ ਵਿੱਚੋਂ ਜਾਰਜੀਆ ਅਤੇ ਮਾਲਦੀਵੀਆ ਨੂੰ ਛੱਡ ਕੇ ਬਾਕੀ ਦਸ ਆਪਸ ਵਿਚ ਢਿੱਲੇ ਜਿਹੇ ਸਬੰਧ ਰੱਖਣ ਲਈ ਸਹਿਮਤ ਹੋ ਗਈਆਂ ਹਨ। ਜਿਸ ਪਾਸੇ ਨੂੰ ਗੱਲ ਜਾ ਰਹੀ ਹੈ, ਲਗਦਾ ਹੈ ਕਿ ਅਖੀਰ ਹੁਣ ਨਵੀਂ ਯੂਨੀਅਨ ਆਜ਼ਾਦ ਰਿਆਸਤਾਂ ਦੀ ਸਵੈ-ਇੱਛਤ ਯੂਨੀਅਨ ਹੀ ਹੋਵੇਗੀ, ਜਿਸਦੇ ਕਿਸੇ ਵੀ ਮੈਂਬਰ ਨੂੰ ਬਾਅਦ ਵਿਚ ਇਸਤੋਂ ਵੱਖ ਹੋਣ ਦਾ ਹੱਕ ਹੋਵੇਗਾ। ਸੋਵੀਅਤ ਯੂਨੀਅਨ ਵਿਚ ਆਈ ਇਸ ਤਬਦੀਲੀ ਦਾ ਅਸਰ ਉਂਝ ਤਾਂ ਸਾਰੀ ਦੁਨੀਆਂ ਉਤੇ ਪੈ ਰਿਹਾ ਹੈ ਅਤੇ ਪਵੇਗਾ ਵੀ, ਪਰ ਮੈਂ ਸਮਝਦਾ ਹਾਂ ਕਿ ਭਾਰਤੀ ਆਗੂਆਂ ਦੇ ਦਿੱਲੀ ਦੇ ਸਾਮਰਾਜੀ ਰਵਈਏ ਵਿਰੁਧ ਸੰਘਰਸ਼ਸ਼ੀਲ ਕੌਮਾਂ ਦੇ ਆਗੂਆਂ ਨੂੰ ਇਨ੍ਹਾਂ ਵਿਚੋਂ ਆਪੋ-ਆਪਣੇ ਲਈ ਜ਼ਰੂਰੀ ਸਬਕ ਵਕਤ ਸਿਰ ਹੀ ਸਿੱਖ ਲੈਣੇ ਚਾਹੀਦੇ ਹਨ।

ਦਿੱਲੀ ਦੇ ਸਾਮਰਾਜੀ ਰਵਈਏ ਦੀ ਨੁਮਾਇੰਦਗੀ ਕਰਨ ਵਾਲੇ ਆਗੂਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਨਾਅਰੇ ਦੀ ਜ਼ੰਜੀਰ ਵਿਚ ਸਿੱਖਾਂ, ਕਸ਼ਮੀਰੀਆਂ, ਤਾਮਿਲਾਂ, ਆਸਾਮੀਆਂ, ਨਾਗਿਆਂ ਅਤੇ

ਹੋਰ ਆਜ਼ਾਦੀ ਪਸੰਦ ਕੌਮਾਂ ਨੂੰ ਹੁਣ ਬਹੁਤੀ ਦੇਰ ਬੰਨ੍ਹ ਕੇ ਨਹੀਂ ਰੱਖ ਸਕਣਗੇ। ਕੋਈ ਵੀ ਕੌਮ, ਜਿਸ ਵਿਚ ਆਪਣੀ ਕਿਸਮਤ ਦੇ ਆਪ ਮਾਲਕ ਬਣਨ ਦੀ ਇੱਛਾ ਇਕ ਵਾਰ ਪੈਦਾ ਹੋ ਜਾਂਦੀ ਹੈ, ਉਹ ਛੇਤੀ ਕਿਧਰੇ ਮਰਦੀ ਨਹੀਂ ਅਤੇ ਜਦੋਂ ਵੀ ਕਦੇ ਆਜ਼ਾਦ ਹਵਾ ਦੀ ਕੋਈ ਲਹਿਰ ਇਸ ਇੱਛਾ ਨੂੰ ਛੂੰਹਦੀ ਹੈ, ਤਾਂ ਇਸ ਇੱਛਾ ਵਿੱਚੋਂ ਇਕ ਨਵੀਂ ਲਹਿਰ ਨੂੰ ਜਨਮ ਲੈਣ ਲੱਗਿਆਂ ਦੇਰ ਨਹੀਂ ਲਗਦੀ।

ਦਿੱਲੀ ਦੇ ਹਾਕਮਾਂ ਲਈ ਬਿਹਤਰ ਰਹੇਗਾ ਕਿ ਉਹ ਸੋਵੀਅਤ ਯੂਨੀਅਨ ਦੀਆਂ ਤਬਦੀਲੀਆਂ ਤੋਂ ਸਬਕ ਸਿੱਖਦੇ ਹੋਏ, ਆਜ਼ਾਦੀ ਪਸੰਦ ਕੌਮਾਂ ਦੀਆਂ ਇੱਛਾਵਾਂ ਦਾ ਸਤਿਕਾਰ ਕਰਨ ਅਤੇ ਬਿਨਾਂ ਕਿਸੇ ਵੱਡੇ ਖ਼ੂਨ-ਖਰਾਬੇ ਦੇ ਉਨ੍ਹਾਂ ਨੂੰ ਆਪਣੀਆਂ ਕਿਸਮਤਾਂ ਦੇ ਆਪ ਫੈਸਲੇ ਕਰਨ ਦੇ ਹੱਕ ਦੇ ਦੇਣ। ਇਹ ਹੱਕ ਉਨ੍ਹਾਂ ਨੂੰ ਦੇਣੇ ਤਾਂ ਪੈਣਗੇ ਹੀ, ਫੈਸਲਾ ਉਨ੍ਹਾਂ ਨੇ ਸਿਰਫ ਇਹ ਕਰਨਾ ਹੈ, ਕਿਵੇਂ ਦੇਣੇ ਹਨ।

ਦਿੱਲੀ ਦੇ ਸਾਮਰਾਜੀ ਰਵਈਏ ਵਿਰੁੱਧ ਸੰਘਰਸ਼ਸ਼ੀਲ ਕੌਮਾਂ ਦੇ ਆਗੂਆਂ ਲਈ ਸਿੱਖਣ ਵਾਲੀ ਗੱਲ ਇਹ ਹੈ ਕਿ ਉਹ ਲੋਕ ਸ਼ਕਤੀ ਦੇ ਮਹੱਤਵ ਨੂੰ ਪਛਾਨਣ ਅਤੇ ਕੇਵਲ ਕਲਾਸ਼ਨਕੋਵਾਂ ਦੀ ਸ਼ਕਤੀ ਦੇ ਭਰੋਸੇ 'ਤੇ ਰਹਿਣਾ ਛੱਡ ਦੇਣ। ਇੱਥੇ ਮੈਂ ਆਪਣੇ ਹਮਸਫਰ ਮੌਜੂਦਾ ਲਹਿਰ ਦੇ ਜੁਝਾਰੂਆਂ ਨੂੰ ਵਿਸ਼ੇਸ਼ ਤੌਰ 'ਤੇ ਕਹਿਣਾ ਚਾਹਾਂਗਾ ਕਿ ਉਹ ਕਮਿਊਨਿਸਟ ਇਨਕਲਾਬੀਆਂ ਵਾਲੀਆਂ ਗ਼ਲਤੀਆਂ ਨਾ ਕਰਨ, ਘਰ ਬੈਠੇ ਹੀ ਨਾ ਮਿੱਥ ਲਿਆ ਕਰਨ ਕਿ ਲੋਕ ਉਨ੍ਹਾਂ ਦੇ ਨਾਲ ਹਨ, ਲੋਕਾਂ ਨੂੰ ਅਮਲੀ ਤੌਰ 'ਤੇ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਵੀ ਕਰਨ। ਜੁਝਾਰੂਆਂ ਲਈ ਸਿੱਖਣ ਵਾਲੀ ਦੂਜੀ ਗੱਲ ਇਹ ਹੈ ਕਿ 'ਸਿਰਫ ਅਸੀਂ ਹੀ ਠੀਕ ਹਾਂ' ਵਾਲੀ ਸੋਚ ਤੋਂ ਪਿੱਛਾ ਛਡਾਉਣ ਦੀ ਕੋਸ਼ਿਸ਼ ਕਰਨ, ਕਿਉਂਕਿ ਇਸੇ ਸੋਚ ਤਹਿਤ ਉਨ੍ਹਾਂ ਨੇ ਆਪਣੇ ਤੋਂ ਵੱਖਰੀ ਸੋਚ ਰੱਖਣ ਵਾਲਿਆਂ ਉਤੇ ਆਪਣੇ ਆਪ ਨੂੰ ਠੋਸਣ ਦੀ ਕੋਸ਼ਿਸ਼ ਵਾਰ-ਵਾਰ ਕੀਤੀ ਹੈ।

ਚਾਰ-ਪੰਜ ਹਜ਼ਾਰ ਏ.ਕੇ. 47 ਦੀ ਤਾਕਤ ਦਿੱਲੀ ਦੇ ਸਾਮਰਾਜ ਤੋਂ ਆਪਣੇ ਹੱਕ ਖੋਹਣ ਲਈ ਕਾਫੀ ਨਹੀਂ ਹੈ, ਜਦੋਂ ਤੱਕ ਹਰ 'ਏ.ਕੇ. 47' ਦੇ ਪਿੱਛੇ ਹਜ਼ਾਰਾਂ ਦੇ ਹਜੂਮ ਨਾ ਖੜੇ ਹੋਣ। ਸੋਵੀਅਤ ਰੂਸ ਦੀਆਂ ਤਬਦੀਲੀਆਂ ਨੇ ਲੋਕ ਸ਼ਕਤੀ ਦੀ ਅਸਲੀਅਤ ਨੂੰ ਨਿਖਾਰ ਕੇ ਦੁਨੀਆਂ ਸਾਹਮਣੇ ਲੈ ਆਂਦਾ ਹੈ। ਇਸ ਨੂੰ ਨਜ਼ਰ-ਅੰਦਾਜ਼ ਕਰਨਾ ਕਿਸੇ ਵੀ ਆਜ਼ਾਦੀ ਪਸੰਦ ਕੌਮ ਲਈ ਮਹਿੰਗਾ ਰਹੇਗਾ। ਮੇਰੇ ਹਮਸਫਰ ਜੁਝਾਰੂ ਵੀਰੋ, ਆਓ, ਰੂਸ ਵੱਲੋਂ ਆ ਰਹੀਆਂ ਆਜ਼ਾਦ ਪੌਣਾਂ ਦੇ ਸੁਨੇਹਿਆਂ ਨੂੰ ਧਿਆਨ ਨਾਲ ਸੁਣੀਏ ਅਤੇ ਚੱਲ ਰਹੀ ਲਹਿਰ ਨੂੰ ਇਨ੍ਹਾਂ ਪੌਣਾਂ ਨਾਲ ਇਕਸੁਰ ਕਰੀਏ।

"ਸ਼ਹੀਦਾਂ ਦੇ ਪਵਿੱਤਰ ਲਹੂ ਵਿਚ ਰੰਗਿਆ 'ਜੁਝਾਰੂ' ਲਫਜ਼ ਅਜਿਹੇ ਵਿਅਕਤੀਆਂ ਨਾਲ ਕਿਵੇਂ ਜੁੜ ਗਿਆ? ਕੀ ਇਸਨੂੰ ਅਪਰਾਧੀ ਬਿਰਤੀ ਵਾਲੇ ਲੋਕਾਂ ਦੀ ਸਾਡੀ ਲਹਿਰ ਵਿਚ ਘੁਸਪੈਠ ਕਿਹਾ ਜਾਵੇ? ਕੀ ਇਸਨੂੰ ਵਿਚਾਰਧਾਰਕ ਵਿਰੋਧੀਆਂ ਦੀ ਸਾਜਿਸ਼ ਕਿਹਾ ਜਾਵੇ? ਜਾਂ ਫਿਰ ਇਸਨੂੰ ਸਰਕਾਰੀ ਏਜੰਸੀਆਂ ਦੀ ਸਾਜਿਸ਼ੀ ਘੁਸਪੈਠ ਦਾ ਨਤੀਜਾ ਕਿਹਾ ਜਾਵੇ? ਕੁਝ ਵੀ ਹੋਵੇ, ਇਹ ਜ਼ਿੰਮੇਵਾਰੀ ਤਾਂ ਸਾਡੀ, ਭਾਵ ਜੁਝਾਰੂ ਜਥੇਬੰਦੀਆਂ ਦੀ ਹੀ ਹੈ ਕਿ ਇਸ ਘੁਸਪੈਠ ਨੂੰ ਰੋਕਣ ਦਾ ਕੋਈ ਤਰੀਕਾ ਲੱਭਿਆ ਜਾਵੇ।"

ਸਰਕਾਰੀ ਪ੍ਰਚਾਰ ਤੇ ਸਾਡੀ ਜ਼ਿੰਮੇਵਾਰੀ

ਮਾਰਚ 1992

28 ਨਵੰਬਰ, 1991 ਨੂੰ ਸ਼ਾਮ 7.20 'ਤੇ ਜਲੰਧਰ ਦੂਰਦਰਸ਼ਨ ਤੋਂ 'ਪੰਜਾਬ-ਏਕ-ਯਾਤਰਾ' ਨਾਂ ਦਾ ਹਿੰਦੀ ਵਿਚ ਇਕ ਪ੍ਰੋਗਰਾਮ ਦਿਖਾਇਆ ਗਿਆ। ਇਹੀ ਪ੍ਰੋਗਰਾਮ ਇਸ ਤੋਂ 15 ਕੁ ਦਿਨ ਪਹਿਲਾਂ ਰਾਤ ਦੇ 10 ਵਜੇ ਤੋਂ ਬਾਅਦ ਦਿੱਲੀ ਤੋਂ ਅੰਗਰੇਜ਼ੀ ਵਿਚ ਦਿਖਾਇਆ ਗਿਆ ਸੀ। ਇਹ ਪ੍ਰੋਗਰਾਮ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਚਲ ਰਹੀ ਜੁਝਾਰੂ ਲਹਿਰ ਦੇ ਵਿਰੁੱਧ ਸਰਕਾਰੀ ਪ੍ਰਚਾਰ ਦੇ ਇਕ ਹਿੱਸੇ ਵਜੋਂ ਤਿਆਰ ਕੀਤਾ ਗਿਆ ਹੈ। ਜੁਝਾਰੂ ਲਹਿਰ ਨੂੰ ਬਦਨਾਮ ਕਰਨ ਲਈ ਪੰਜਾਬ ਦੇ 'ਮੌਜੂਦਾ ਹਾਲਾਤ' ਦੇ ਤਿੰਨ ਪਹਿਲੂਆਂ ਨੂੰ ਇਸਦੇ ਵਿਚ ਵਰਤਿਆ ਗਿਆ ਹੈ। ਪਹਿਲਾ ਤਾਂ ਔਰਤਾਂ ਨਾਲ ਜ਼ਿਆਦਤੀ ਦਾ, ਦੂਜਾ

ਲੁੱਟਾਂ ਖੋਹਾਂ ਦਾ ਅਤੇ ਤੀਜਾ ਕੁਝ ਖਾਸ ਲੋਕਾਂ ਵਲੋਂ ਜੁਝਾਰੂਆਂ ਦੇ ਹਥਿਆਰਬੰਦ ਮੁਕਾਬਲਿਆਂ ਦਾ। ਜਿਥੋਂ ਤਕ ਤਾਂ ਦੂਜੇ ਅਤੇ ਪਹਿਲੇ ਪਹਿਲੂ ਦੀ ਗੱਲ ਹੈ, ਇਨ੍ਹਾਂ ਉਤੇ ਤਾਂ ਟਿੱਪਣੀ ਕਰਨ ਵਾਲੀ ਕੋਈ ਖਾਸ ਗੱਲ ਨਹੀਂ ਹੈ। ਪਰ ਜਿਥੋਂ ਤਕ ਪਹਿਲੇ ਪਹਿਲੂ ਦੀ ਗੱਲ ਹੈ, ਇਸ ਤਹਿਤ ਦਿਖਾਈਆਂ ਗਈਆਂ ਘਟਨਾਵਾਂ ਰੂਹ ਨੂੰ ਕਾਂਬਾ ਛੇੜਨ ਵਾਲੀਆਂ ਸਨ।

ਇਸ ਵਿਚ ਤਾਂ ਕੋਈ ਸ਼ੱਕ ਦੀ ਗੱਲ ਨਹੀਂ ਕਿ ਇਹ ਪ੍ਰੋਗਰਾਮ ਸਰਕਾਰੀ ਪ੍ਰਚਾਰ ਦਾ ਹਿੱਸਾ ਸੀ ਅਤੇ ਦਿੱਲੀ ਦੀ ਹਕੂਮਤ ਜੁਝਾਰੂ ਲਹਿਰ ਨੂੰ ਬਦਨਾਮ ਕਰਨ ਲਈ ਵੱਡੇ ਤੋਂ ਵੱਡਾ ਝੂਠ ਘੜਨ ਅਤੇ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਇਹ ਪ੍ਰੋਗਰਾਮ ਦੇਖ ਕੇ ਵੀ ਦਿਲ ਤਾਂ ਇਹ ਹੀ ਚਾਹੁੰਦਾ ਹੈ ਕਿ ਜੋ ਦੇਖਿਆ ਹੈ, ਉਹ ਸਭ ਝੂਠ ਹੋਵੇ, ਪਰ ਜਿਸ ਤਰ੍ਹਾਂ ਜ਼ਿਆਦਤੀਆਂ ਦਾ ਸ਼ਿਕਾਰ ਹੋਈਆਂ ਕੁੜੀਆਂ ਜਾਂ ਉਨ੍ਹਾਂ ਦੀਆਂ ਮਾਵਾਂ ਦੇ ਮੂੰਹੋਂ ਸਭ ਕੁਝ ਸੁਣਵਾਇਆ ਗਿਆ ਅਤੇ ਪਿੰਡਾਂ ਤੇ ਜ਼ਿਆਦਤੀਆਂ ਕਰਨ ਵਾਲੇ 'ਜੁਝਾਰੂਆਂ' ਦੇ ਨਾਂ ਵੀ ਦਿੱਤੇ ਗਏ, ਇਸ ਨੂੰ ਸਰਕਾਰੀ ਝੂਠ ਕਹਿ ਕੇ ਅੱਖਾਂ ਮੀਟ ਲੈਣੀਆਂ ਸੰਭਵ ਨਹੀਂ ਲੱਗਿਆ।

ਇਹ ਘਟਨਾਵਾਂ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜ਼ਿਲਿਆਂ ਦੇ ਤਿੰਨ ਪਿੰਡਾਂ 'ਇੱਬਨ', 'ਰਮਦਾਸ' ਅਤੇ 'ਵੀਰਮ' ਨਾਲ ਸਬੰਧਿਤ ਦੱਸੀਆਂ ਗਈਆਂ ਹਨ। ਇਬਨ ਪਿੰਡ ਵਿਚ ਜ਼ਿਆਦਤੀ ਦਾ ਸ਼ਿਕਾਰ ਹੋਣ ਵਾਲੀ 14-15 ਸਾਲਾ ਕੁੜੀ ਦੀ ਮਾਂ ਦੇ ਮੂੰਹੋਂ ਸਾਰੀ ਘਟਨਾ ਸੁਣਵਾਈ ਗਈ ਹੈ। ਫਿਰੋਜ਼ਪੁਰ ਜ਼ਿਲੇ ਦੇ ਪਿੰਡ ਰਮਦਾਸ ਵਿਚ ਜ਼ਿਆਦਤੀਆਂ ਦਾ ਸ਼ਿਕਾਰ ਹੋਈਆਂ ਦੋ ਭੈਣਾਂ ਦੀ ਉਮਰ 14 ਤੇ 11 ਸਾਲ ਦੱਸੀ ਗਈ ਹੈ ਅਤੇ ਜ਼ਿਆਦਤੀ ਕਰਨ ਵਾਲੇ ਜੁਝਾਰੂ ਦਾ ਨਾਂ 'ਬਲਵਿੰਦਰ ਸਿੰਘ' ਦੱਸਿਆ ਗਿਆ ਹੈ। ਇਨ੍ਹਾਂ ਜ਼ਿਆਦਤੀਆਂ ਦੀ ਦਾਸਤਾਨ ਵੀ ਕੁੜੀਆਂ ਦੀ ਮਾਂ ਦੇ ਮੂੰਹੋਂ ਸੁਣਵਾਈ ਗਈ ਹੈ। ਅੰਮ੍ਰਿਤਸਰ ਜ਼ਿਲੇ ਦੇ ਪਿੰਡ ਵੀਰਮ ਨਾਲ ਸਬੰਧਿਤ ਜ਼ਿਆਦਤੀ ਦਾ ਸ਼ਿਕਾਰ ਹੋਣ ਵਾਲੀ ਕੁੜੀ ਪਰਮਜੀਤ ਕੌਰ ਦੇ ਆਪਣੇ ਮੂੰਹੋਂ ਸਾਰੀ ਘਟਨਾ ਸੁਣਵਾਈ ਗਈ ਹੈ ਅਤੇ ਜ਼ਿਆਦਤੀ ਕਰਨ ਵਾਲੇ 'ਜੁਝਾਰੂ' ਦਾ ਨਾਂ 'ਮੇਜਰ ਸਿੰਘ ਖਤਰਾਈ' ਦੱਸਿਆ ਹੈ।

ਜਿਸ ਰਾਤ ਅਸੀਂ ਇਹ ਪ੍ਰੋਗਰਾਮ ਦੇਖਿਆ, ਅਸੀਂ ਸਾਰੇ ਵੀਰ ਕਾਫੀ ਦੇਰ ਤਕ ਇਸ ਵਿਸ਼ੇ 'ਤੇ ਚਰਚਾ ਕਰਦੇ ਰਹੇ। ਜਿਨ੍ਹਾਂ ਦੇ 'ਜੁਝਾਰੂਆਂ' ਦੇ ਨਾਂ ਲਏ ਗਏ ਸਨ, ਹਵਾਲੇ ਲਈ ਸਾਡੇ ਕੋਲ ਕੋਈ ਰਿਕਾਰਡ ਤਾਂ ਮੌਜੂਦ ਨਹੀਂ ਸੀ, ਪਰ ਦੋਵੇਂ ਨਾਂ ਪੜ੍ਹੇ ਸੁਣੇ ਲੱਗ ਰਹੇ ਸਨ। ਉਸ ਰਾਤ ਦੀ ਸਾਡੀ

ਸਾਰੀ ਗੱਲ ਬਾਤ ਇਨ੍ਹਾਂ ਘਟਨਾਵਾਂ ਪ੍ਰਤੀ ਸ਼ਰਮ ਅਤੇ ਗੁੱਸੇ ਨਾਲ ਭਰੀ ਹੋਈ ਸੀ। ਇਹ ਸੋਚ ਕੇ ਹੀ ਸ਼ਰਮ ਮਹਿਸੂਸ ਹੋ ਰਹੀ ਸੀ ਕਿ ਸਾਡੀ ਲਹਿਰ ਨਾਲ ਜੁੜਿਆ ਹੋਇਆ ਕੋਈ ਨਾਂ ਵੀ ਅਜਿਹੀਆਂ ਸ਼ਰਮਨਾਕ ਘਟਨਾਵਾਂ ਨਾਲ ਜੁੜ ਸਕਦਾ ਹੈ। ਇਸ ਗੱਲ ਉਤੇ ਤਾਂ ਕੋਈ ਦੂਜੀ ਰਾਏ ਹੋ ਹੀ ਨਹੀਂ ਸਕਦੀ ਕਿ ਕੋਈ ਸੱਚਾ ਜੁਝਾਰੂ ਸਿੰਘ, ਇੰਨਾ ਨੀਵਾਂ ਡਿਗਣਾ ਤਾਂ ਕੀ, ਇੰਨਾ ਨੀਵਾਂ ਸੋਚ ਵੀ ਨਹੀਂ ਸਕਦਾ। ਪਰ, ਜੇਕਰ ਇਹ ਦੁਖਦਾਈ ਘਟਨਾਵਾਂ ਵਾਪਰੀਆਂ ਹਨ ਅਤੇ ਜੁੜੀਆਂ ਵੀ ਉਨ੍ਹਾਂ ਵਿਅਕਤੀਆਂ ਨਾਲ ਹਨ, ਜਿਨ੍ਹਾਂ ਨਾਲ ਲਫਜ਼ 'ਜੁਝਾਰੂ' ਜੁੜਿਆ ਹੈ, ਤਾਂ ਫਿਰ ਸੋਚਣਾ ਹੀ ਪਵੇਗਾ ਕਿ ਇਹ ਸਭ ਕਿਵੇਂ ਹੋਇਆ।

ਸ਼ਹੀਦਾਂ ਦੇ ਪਵਿੱਤਰ ਲਹੂ ਵਿਚ ਰੰਗਿਆ 'ਜੁਝਾਰੂ' ਲਫਜ਼ ਅਜਿਹੇ ਵਿਅਕਤੀਆਂ ਨਾਲ ਕਿਵੇਂ ਜੁੜ ਗਿਆ? ਕੀ ਇਸਨੂੰ ਅਪਰਾਧੀ ਬਿਰਤੀ ਵਾਲੇ ਲੋਕਾਂ ਦੀ ਸਾਡੀ ਲਹਿਰ ਵਿਚ ਘੁਸਪੈਠ ਕਿਹਾ ਜਾਵੇ? ਕੀ ਇਸਨੂੰ ਵਿਚਾਰਧਾਰਕ ਵਿਰੋਧੀਆਂ ਦੀ ਸਾਜਿਸ਼ ਕਿਹਾ ਜਾਵੇ? ਜਾਂ ਫਿਰ ਇਸਨੂੰ ਸਰਕਾਰੀ ਏਜੰਸੀਆਂ ਦੀ ਸਾਜਿਸ਼ੀ ਘੁਸਪੈਠ ਦਾ ਨਤੀਜਾ ਕਿਹਾ ਜਾਵੇ? ਕੁਝ ਵੀ ਹੋਵੇ, ਇਹ ਜ਼ਿੰਮੇਵਾਰੀ ਤਾਂ ਸਾਡੀ, ਭਾਵ ਜੁਝਾਰੂ ਜਥੇਬੰਦੀਆਂ ਦੀ ਹੀ ਹੈ ਕਿ ਇਸ ਘੁਸਪੈਠ ਨੂੰ ਰੋਕਣ ਦਾ ਕੋਈ ਤਰੀਕਾ ਲੱਭਿਆ ਜਾਵੇ।

ਇਸ ਸਿਲਸਿਲੇ ਵਿਚ ਇਕ ਤਾਂ ਇਹ ਗੱਲ ਕੀਤੀ ਜਾਣੀ ਚਾਹੀਦੀ ਹੈ ਕਿ ਜੁਝਾਰੂ ਜਥੇਬੰਦੀਆਂ ਆਪੋ-ਆਪਣੀ ਗਿਣਤੀ ਵਧਾਉਣ ਦੀ ਦੌੜ ਵਿਚ ਅੱਖਾਂ ਉਤੇ ਪੱਟੀ ਬੰਨ੍ਹ ਕੇ ਭਰਤੀ ਨਾ ਕਰਨ। ਦੂਜੀ ਗੱਲ ਇਹ ਕੀਤੀ ਜਾਣੀ ਚਾਹੀਦੀ ਹੈ ਕਿ ਪਹਿਲਾਂ ਤੋਂ ਚਲੇ ਆ ਰਹੇ ਮੈਂਬਰਾਂ ਦੇ ਆਚਰਣ ਸਬੰਧੀ ਮੁਕੰਮਲ ਖੋਜ-ਪੜਤਾਲ ਤੋਂ ਬਾਅਦ ਸੁਧਾਈ ਅਤੇ ਸਫਾਈ ਦਾ ਕੰਮ ਕੀਤਾ ਜਾਵੇ ਅਤੇ ਤੀਜੀ ਗੱਲ, ਅਜਿਹੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋਈਆਂ ਕੁੜੀਆਂ ਦੇ ਘਰ ਵਸਾਉਣ ਦੇ ਉਪਰਾਲੇ ਕੀਤੇ ਜਾਣ ਅਤੇ ਇਨ੍ਹਾਂ ਪਰਿਵਾਰਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇ। ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਜੁਝਾਰੂ ਜਥੇਬੰਦੀਆਂ ਵਿਚ ਆਪਸ ਵਿਚ ਕਿਸੇ ਕਿਸਮ ਦਾ ਤਾਲਮੇਲ ਹੋਵੇ।

ਅੱਜ ਦੀ ਸਥਿਤੀ ਤਾਂ ਇਹ ਹੈ ਕਿ ਇਕ ਜਥੇਬੰਦੀ ਨਾਲ ਗੱਲ ਕਰੋ, ਤਾਂ ਉਹ ਦੂਜੀ ਜਥੇਬੰਦੀ ਦੇ ਮੈਂਬਰਾਂ ਦੀਆਂ ਆਚਰਨਹੀਣਤਾ ਦੀਆਂ ਕਹਾਣੀਆਂ ਸੁਣਾਏਗੀ ਅਤੇ ਜੇ ਦੂਜੀ ਜਥੇਬੰਦੀ ਨਾਲ ਗੱਲ ਕਰੋ ਤਾਂ ਉਹ ਪਹਿਲੀ ਜਥੇਬੰਦੀ ਦੇ ਮੈਂਬਰਾਂ ਦੀਆਂ ਕਹਾਣੀਆਂ ਛੇੜ ਬੈਠੇਗੀ। ਜਦੋਂ ਵੀ ਕਿਸੇ ਇਕ ਜਥੇਬੰਦੀ ਵਲੋਂ, ਕਿਸੇ ਦੂਜੀ ਜਥੇਬੰਦੀ ਦੇ ਮੈਂਬਰ ਉਤੇ ਆਚਰਨਹੀਣਤਾ ਦਾ ਦੋਸ਼ ਲਗਾ

ਕੇ ਉਸ ਨੂੰ ਕਤਲ ਕੀਤਾ ਜਾਂਦਾ ਹੈ, ਤਾਂ ਹਮੇਸ਼ਾਂ ਇਲਜ਼ਾਮਾਂ ਅਤੇ ਜਵਾਬੀ ਇਲਜ਼ਾਮਾਂ ਦੀ ਸਥਿਤੀ ਬਣਦੀ ਹੈ। ਜੇ ਜੁਝਾਰੂ ਜਥੇਬੰਦੀਆਂ ਦੀ ਕੋਈ 'ਤਾਲਮੇਲ ਕਮੇਟੀ' ਹੋਵੇ, ਤਾਂ ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਵਲੋਂ ਕਿਸੇ ਦੂਜੀ ਜਥੇਬੰਦੀ ਦੇ ਮੈਂਬਰ ਉਤੇ ਆਚਰਨਹੀਣਤਾ ਦਾ ਦੋਸ਼ ਇਸ ਕਮੇਟੀ ਸਾਹਮਣੇ ਲਗਾਇਆ ਜਾ ਸਕਦਾ ਹੈ ਅਤੇ ਸਬੰਧਿਤ ਵਿਅਕਤੀ ਦੇ ਦੋਸ਼ੀ ਸਾਬਿਤ ਹੋਣ 'ਤੇ ਉਸਨੂੰ ਸਜ਼ਾ ਦੇਣ ਦੀ ਜ਼ਿੰਮੇਵਾਰੀ ਵੀ ਉਸੇ ਹੀ ਜਥੇਬੰਦੀ ਉਤੇ ਹੀ ਪਾਈ ਜਾ ਸਕਦੀ ਹੈ। ਇਸ ਤਰ੍ਹਾਂ ਕੀਤਿਆਂ ਗ਼ਲਤ ਘੁਸਪੈਠ ਨੂੰ ਰੋਕਿਆ ਜਾ ਸਕਦਾ ਹੈ। ਦੋਸ਼ੀਆਂ ਨੂੰ ਵਾਜਬ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਜਥੇਬੰਦੀਆਂ ਦੀ ਅੰਦਰੂਨੀ ਕਤਲੋ ਗਾਰਤ ਨੂੰ ਵੀ ਠੱਲ ਪਾਈ ਜਾ ਸਕਦੀ ਹੈ।

ਹਾਂ, ਜਿਥੋਂ ਤਕ ਜੁਝਾਰੂ ਲਹਿਰ ਵਿਰੁੱਧ ਝੂਠੇ ਸਰਕਾਰੀ ਪ੍ਰਚਾਰ ਦਾ ਮਸਲਾ ਹੈ, ਇਸਦਾ ਮੁਕਾਬਲਾ ਕਰਨ ਦੀ ਜ਼ਿੰਮੇਵਾਰੀ ਸਿੱਖਾਂ ਦੀਆਂ ਜਮਹੂਰੀ ਅਤੇ ਮਨੁੱਖੀ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਨੂੰ ਸਾਂਭਣੀ ਚਾਹੀਦੀ ਹੈ। ਚਾਹੀਦਾ ਇਹ ਹੈ ਕਿ ਜਦੋਂ ਵੀ ਕਦੇ ਕੋਈ ਅਜਿਹਾ ਪ੍ਰੋਗਰਾਮ ਦਿਖਾਇਆ ਜਾਵੇ, ਜਾਂ ਕਿਸੇ ਹੋਰ ਵਸੀਲੇ ਰਾਹੀਂ ਅਜਿਹੀ ਕੋਈ ਗੱਲ ਸਾਹਮਣੇ ਆਵੇ, ਤਾਂ ਮਨੁੱਖੀ ਹੱਕਾਂ ਲਈ ਲੜਨ ਵਾਲੀ ਜਥੇਬੰਦੀ ਦੀ ਖੋਜ-ਪੜਤਾਲ ਕਮੇਟੀ ਪੂਰੀ ਛਾਣ-ਬੀਣ ਤੋਂ ਬਾਅਦ ਉਸਦਾ ਜਵਾਬ ਤਿਆਰ ਕਰੇ ਅਤੇ ਉਹ ਜਵਾਬ ਪ੍ਰੈਸ ਨੂੰ ਜਾਰੀ ਕੀਤਾ ਜਾਵੇ।

ਆਪਣੀਆਂ ਗ਼ਲਤੀਆਂ ਨੂੰ ਨਾ ਮੰਨਣਾ ਜਾਂ ਆਪਣੀਆਂ ਕਮਜ਼ੋਰੀਆਂ 'ਤੇ ਪਰਦਾ ਪਾਉਣਾ, ਆਪਣੇ-ਆਪ ਨਾਲ ਹੀ ਦੁਸ਼ਮਣੀ ਦੇ ਬਰਾਬਰ ਹੁੰਦਾ ਹੈ। ਜਦੋਂ ਇਹ ਪ੍ਰੋਗਰਾਮ ਟੀ. ਵੀ. ਉਤੇ ਦੇਖਿਆ, ਤਾਂ ਅਸੀਂ ਉਮੀਦ ਕਰਦੇ ਸਾਂ ਕਿ ਸ਼ਾਇਦ ਕਿਸੇ ਸਿੱਖ ਜਥੇਬੰਦੀ ਵੱਲੋਂ ਇਸਦਾ ਕੋਈ ਜਵਾਬ ਆਉਂਦੇ 10-15 ਦਿਨਾਂ ਵਿਚ ਹੀ ਸਾਹਮਣੇ ਆ ਜਾਵੇ, ਪਰ ਜਦੋਂ ਕਈ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਕੋਈ ਜਵਾਬ ਪੜ੍ਹਨ-ਸੁਣਨ ਨੂੰ ਨਹੀਂ ਮਿਲਿਆ, ਤਾਂ ਕਲਮ ਰਾਹੀਂ ਆਪਣੀ ਸੋਚ, ਆਪਣੇ ਜਜ਼ਬਾਤ ਕੌਮ ਨਾਲ ਸਾਂਝੇ ਕਰ ਰਿਹਾ ਹਾਂ। ਇਸ ਉਮੀਦ ਨਾਲ ਕਿ ਭਵਿੱਖ ਵਿਚ ਸਾਰੀਆਂ ਜਥੇਬੰਦੀਆਂ ਇਸ ਪਾਸੇ ਲੋੜੀਂਦਾ ਧਿਆਨ ਜ਼ਰੂਰ ਦੇਣਗੀਆਂ।

"ਪਾਕਿਸਤਾਨੀ ਆਗੂ ਸਿੱਖ ਸੰਘਰਸ਼ ਨੂੰ ਛੁਟਿਆ ਕੇ ਦੇਖਣ ਦੀ ਗ਼ਲਤੀ ਨਾ ਕਰਨ। ਨਹੀਂ ਤਾਂ ਸਿੱਖ ਹਲਕਿਆਂ ਵਿਚ ਇਹ ਵਿਚਾਰ ਜ਼ੋਰ ਫੜ ਸਕਦਾ ਹੈ ਕਿ ਪਾਕਿਸਤਾਨ ਸਿੱਖ ਲਹਿਰ ਨੂੰ ਕਸ਼ਮੀਰ ਹਾਸਲ ਕਰਨ ਦੀ ਆਪਣੀ ਨੀਤੀ ਵਿਚ ਇਕ ਮੋਹਰੇ ਤੋਂ ਵੱਧ ਕੋਈ ਮਹੱਤਵ ਨਹੀਂ ਦਿੰਦਾ।"

ਸਿੱਖ ਸੰਘਰਸ਼ ਅਤੇ ਪਾਕਿਸਤਾਨ

ਜੁਲਾਈ 1992

5 ਮਈ ਨੂੰ ਪਾਕਿਸਤਾਨ ਦੇ ਵਜ਼ੀਰੇ-ਆਜ਼ਮ ਮੁਹੰਮਦ ਨਵਾਜ਼ ਸ਼ਰੀਫ ਨੇ ਰੇਡੀਓ ਅਤੇ ਟੀ.ਵੀ. ਰਾਹੀਂ ਆਪਣੇ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਜਦੋਂ ਅਫ਼ਗਾਨ ਮੁਜਾਹਿਦਾਂ ਦੀ ਜਿੱਤ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਕਸ਼ਮੀਰੀ ਮੁਜਾਹਿਦਾਂ ਦੀ ਜਿੱਤ ਦੀ ਕਾਮਨਾ ਕੀਤੀ, ਤਾਂ ਸਾਡੇ ਦਿਮਾਗ ਵਿਚ ਇਸ ਸਵਾਲ ਨੇ ਜਨਮ ਲਿਆ ਕਿ ਪਾਕਿਸਤਾਨ ਹਕੂਮਤ ਦੀ ਨਜ਼ਰ ਵਿਚ ਸਿੱਖ-ਸੰਘਰਸ਼ ਦੀ ਆਖਿਰ ਕੀ ਹੈਸੀਅਤ ਹੈ? ਕੀ ਕਸ਼ਮੀਰੀ ਲੋਕਾਂ ਉਤੇ ਭਾਰਤੀ ਫੌਜਾਂ ਦੇ ਜਬਰ-ਜ਼ੁਲਮ ਦੀ ਗੱਲ ਕਰਦੇ ਹੋਏ, ਉਸੇ ਫੌਜ ਵਲੋਂ ਸਿੱਖਾਂ ਉਤੇ ਹੋ ਰਹੇ ਜਬਰ ਜ਼ੁਲਮ ਦਾ ਜ਼ਿਕਰ ਨਹੀਂ ਸੀ ਕੀਤਾ ਜਾ ਸਕਦਾ? ਅਖੀਰ ਦੋ ਲਫਜ਼ ਵੀ ਸਾਡੇ

ਲਈ ਕਿਉਂ ਨਹੀਂ ਸੀ ਕਹੇ ਜਾ ਸਕਦੇ? ਅਸੀਂ ਇਸ ਵਿਸ਼ੇ ਉਤੇ ਕਈ ਦਿਨ ਸੋਚਦੇ ਰਹੇ ਹਾਂ ਅਤੇ ਆਪਣੇ ਅੰਦਰੋਂ ਇਨ੍ਹਾਂ ਸਵਾਲਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕਰਦੇ ਰਹੇ ਹਾਂ। ਪਰ ਸਾਨੂੰ ਕੋਈ ਅਜਿਹੇ ਤਸੱਲੀ ਬਖਸ਼ ਉੱਤਰ ਨਹੀਂ ਮਿਲੇ, ਜਿਨ੍ਹਾਂ ਨਾਲ ਅਸੀਂ ਸਿੱਖ ਸੰਘਰਸ਼ ਦੇ, ਉਸਦੇ ਆਲੇ ਦੁਆਲੇ ਦੇ ਸੰਦਰਭ ਵਿਚ ਮੌਜੂਦਾ ਹਾਲਾਤ ਸਬੰਧੀ ਸੰਤੁਸ਼ਟ ਹੋ ਕੇ ਬਹਿ ਸਕਦੇ।

ਇਹ ਨਹੀਂ ਕਿ ਅਸੀਂ ਕਸ਼ਮੀਰ ਅਤੇ ਸਿੱਖ ਸੰਘਰਸ਼ ਪ੍ਰਤੀ ਪਾਕਿਸਤਾਨ ਦੀ ਵੱਖੋ-ਵੱਖਰੀ ਨੀਤੀ ਦੇ ਪਿਛੋਕੜ ਵਿਚਲੇ ਕਾਰਨਾਂ ਨੂੰ ਨਹੀਂ ਸਮਝਦੇ, ਪਰ ਅਸੀਂ ਇਹ ਮਹਿਸੂਸ ਵੀ ਕਰਦੇ ਹਾਂ ਕਿ ਇਨ੍ਹਾਂ ਕਾਰਨਾਂ ਕਰਕੇ ਸਿੱਖਾਂ ਉਤੇ ਹੋ ਰਹੇ ਜ਼ੁਲਮਾਂ ਸਬੰਧੀ ਲੰਮੀ ਅਤੇ ਪੱਕੀ ਚੁੱਪ ਧਾਰੀ ਰੱਖਣੀ ਕਿਸੇ ਵੀ ਤਰ੍ਹਾਂ ਵਾਜਿਬ ਨਹੀਂ ਬਣਦੀ। ਇਹ ਠੀਕ ਹੈ ਕਿ ਕਸ਼ਮੀਰ 'ਸੀਕਿਉਰਟੀ ਕੌਂਸਲ' ਦੇ ਮਤੇ ਅਨੁਸਾਰ ਪਾਕਿਸਤਾਨ ਤੇ ਹਿੰਦੁਸਤਾਨ ਵਿਚਕਾਰ ਇਕ ਮੰਨਿਆ ਹੋਇਆ ਝਗੜੇ (disputed) ਵਾਲਾ ਇਲਾਕਾ ਹੈ। ਭਾਵੇਂ ਭਾਰਤ ਹੁਣ ਇਸਨੂੰ ਸ਼ਿਮਲਾ ਐਗਰੀਮੈਂਟ ਅਧੀਨ ਹੱਲ ਕਰਨਾ ਚਾਹੁੰਦਾ ਹੈ। ਇਹ ਵੀ ਠੀਕ ਹੈ ਕਿ ਕਸ਼ਮੀਰ ਵਿਚ ਮੁਸਲਮਾਨ ਵੱਸੋਂ ਵਾਲਾ ਇਲਾਕਾ ਹੋਣ ਕਰਕੇ, ਇਸਲਾਮਿਕ ਮੁਲਕ ਪਾਕਿਸਤਾਨ ਦਾ ਉਸ ਨਾਲ 'ਮਿਲਣ ਦੀ ਸਾਂਝ' ਦਾ ਇਕ ਜਜ਼ਬਾਤੀ ਰਿਸ਼ਤਾ ਵੀ ਹੈ। ਪਰ ਕੀ ਇਨ੍ਹਾਂ ਦੋ ਕਾਰਨਾਂ ਤੋਂ ਇਲਾਵਾ, ਹੋਰ ਕੋਈ ਕਾਰਨ ਨਹੀਂ ਹੋ ਸਕਦਾ, ਕਿਸੇ ਵਿਅਕਤੀ, ਕਿਸੇ ਕੌਮ ਉਤੇ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ? ਕੀ ਸਿੱਖ ਸੰਘਰਸ਼ ਜਾਇਜ਼ ਨਹੀਂ ਹੈ? ਜਾਂ ਫਿਰ ਸਿੱਖ ਤਹਿਰੀਕ ਇੰਨੀ ਮਜ਼ਬੂਤ ਨਹੀਂ ਹੈ ਕਿ ਉਸ ਨਾਲ ਸੰਸਾਰਕ ਪੱਧਰ 'ਤੇ ਸਾਂਝ ਨੂੰ ਯੋਗ ਮਹੱਤਵ ਦਿੱਤਾ ਜਾਵੇ?

ਅਪ੍ਰੈਲ 1978 ਵਿਚ, ਕਮਿਊਨਿਸਟ ਰਾਜ ਪਲਟੇ ਦੇ ਰੂਪ ਵਿਚ ਅਫ਼ਗਾਨਿਸਤਾਨ ਵਿਚ ਉਹ ਘਟਨਾ ਵਾਪਰੀ ਸੀ, ਜਿਹੜੀ ਅੱਜ ਦੇ ਸਫਲ ਇਸਲਾਮਿਕ ਇਨਕਲਾਬ ਦਾ ਆਰੰਭ ਕਹੀ ਜਾ ਸਕਦੀ ਹੈ। ਪਾਕਿਸਤਾਨ ਤੇ ਅਮਰੀਕਾ ਦਾ ਖੁੱਲ੍ਹ ਕੇ ਅਫ਼ਗਾਨ-ਮੁਜਾਹਿਦਾਂ ਦੇ ਹੱਕ ਵਿਚ ਖੜਨਾ ਇਸ ਤੋਂ ਬਾਅਦ ਦੀਆਂ ਘਟਨਾ ਹੈ।

ਦੂਜੇ ਪਾਸੇ ਉਸੇ ਸਮੇਂ ਅਪ੍ਰੈਲ 1978 ਵਿਚ, ਅੰਮ੍ਰਿਤਸਰ ਵਿਚ ਉਹ ਘਟਨਾ ਵਾਪਰੀ, ਜਿਸ ਨੂੰ ਅੱਜ ਦੇ ਸਿੱਖ ਸੰਘਰਸ਼ ਦਾ ਆਰੰਭ ਮੰਨਿਆ ਜਾਂਦਾ ਹੈ। ਅਪ੍ਰੈਲ 1978 ਤੋਂ ਬਾਅਦ, ਇਕ ਪਾਸੇ ਅਫ਼ਗਾਨਿਸਤਾਨ ਅਤੇ ਦੂਜੇ ਪਾਸੇ ਪੰਜਾਬ ਵਿਚ ਸੰਘਰਸ਼ ਸ਼ੁਰੂ ਹੋਏ। ਦੋਹਾਂ ਸੰਘਰਸ਼ਾਂ ਵਿਚ ਫਰਕ ਇਹ ਰਿਹਾ ਕਿ ਅਫ਼ਗਾਨ ਸੰਘਰਸ਼ ਨੂੰ ਜੋ ਅੰਤਰ-ਰਾਸ਼ਟਰੀ ਹਮਾਇਤ ਮਿਲੀ, ਉਹ ਸਿੱਖ ਸੰਘਰਸ਼ ਨੂੰ ਨਹੀਂ ਮਿਲ ਸਕੀ, ਪਰ ਇਸਦੇ ਕੁਝ ਵਿਸ਼ੇਸ਼ ਕਾਰਨ ਹਨ, ਜਿਨ੍ਹਾਂ ਦਾ ਸਬੰਧ ਅੰਤਰ-ਰਾਸ਼ਟਰੀ ਸਿਆਸਤ ਦੇ ਹਿੱਤਾਂ ਦੀ ਖੇਡ ਨਾਲ ਹੈ।

ਸਿੱਖ ਤਹਿਰੀਕ ਅੱਜ ਜਿੱਥੇ ਪਹੁੰਚੀ ਹੋਈ ਹੈ, ਉਹ ਬਿਨਾਂ ਕਿਸੇ ਕਿਸਮ ਦੀ ਅੰਤਰਰਾਸ਼ਟਰੀ ਹਮਾਇਤ ਦੇ ਪਹੁੰਚੀ ਹੈ। ਜਦੋਂ 1978 ਵਿਚ ਅਫ਼ਗਾਨ ਤੇ ਸਿੱਖ ਸੰਘਰਸ਼ ਸ਼ੁਰੂ ਹੋਏ, ਤਾਂ ਕਸ਼ਮੀਰ ਵਿਚ ਕਿਸੇ ਕਿਸਮ ਦੀ ਕੋਈ ਤਹਿਰੀਕ ਨਹੀਂ ਸੀ, ਤੇ ਇਕ ਹਿੰਦੁਸਤਾਨ ਪ੍ਰਸਤ ਕਸ਼ਮੀਰੀ ਆਗੂ ਸ਼ੇਖ ਅਬਦੁੱਲਾ ਮਕਬੂਜ਼ਾ ਕਸ਼ਮੀਰ ਵਿਚ ਹਕੂਮਤ ਕਰ ਰਹੇ ਸਨ।

ਸਤੰਬਰ 1981 ਵਿਚ ਲਾਲਾ ਜਗਤ ਨਰਾਇਣ ਦੇ ਕਤਲ, ਸੰਤ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਅਤੇ ਦਲ ਖ਼ਾਲਸਾ ਦੀ ਹਾਈਜੈਕਿੰਗ ਤੋਂ ਬਾਅਦ, ਜਦੋਂ ਸਿੱਖ ਲਹਿਰ ਦੁਨੀਆਂ ਭਰ ਵਿਚ ਆਪਣੀ ਇਕ ਪਛਾਣ ਬਣਾ ਰਹੀ ਸੀ, ਕਸ਼ਮੀਰ ਸ਼ੇਖ ਅਬਦੁੱਲਾ ਦੀ ਸ਼ਖਸੀਅਤ ਦੀ ਛਾਂ ਹੇਠਾਂ ਸੌਂ ਰਿਹਾ ਸੀ। 1982 ਦੇ ਸ਼ੁਰੂ ਵਿਚ ਜਦੋਂ ਸ਼ੇਖ ਅਬਦੁੱਲਾ ਦੀ ਮੌਤ ਹੋਈ ਤਾਂ ਉਸਦੇ ਵਾਰਿਸ ਦੇ ਰੂਪ ਵਿਚ ਫਾਰੂਕ ਅਬਦੁੱਲਾ ਮਕਬੂਜ਼ਾ ਕਸ਼ਮੀਰ ਦਾ ਪ੍ਰਧਾਨ ਮੰਤਰੀ ਬਣੇ। ਕਸ਼ਮੀਰ ਵਿਚ ਉਦੋਂ ਵੀ ਸਭ ਠੀਕ ਚਲ ਰਿਹਾ ਸੀ।

ਜਦੋਂ 1984 ਦੇ ਅੱਧ ਵਿੱਚ ਫਾਰੂਕ ਅਬਦੁੱਲਾ ਨੂੰ ਦਿੱਲੀ ਦੀ ਹਕੂਮਤ ਨੇ ਸਾਜਿਸ਼ੀ ਤਰੀਕੇ ਨਾਲ ਗੱਦੀਓਂ ਲਾਹ ਕੇ, ਉਸਦੇ ਜੀਜੇ ਜੀ. ਐਮ. ਸ਼ਾਹ ਨੂੰ ਵਜ਼ੀਰੇਆਲਾ ਬਣਾ ਦਿੱਤਾ, ਤਾਂ ਫਾਰੂਕ ਅਬਦੁੱਲਾ ਆਪਣੇ ਵਾਲਿਦ ਦੀ ਤਰ੍ਹਾਂ ਦਿੱਲੀ ਹਕੂਮਤ ਵਿਰੁੱਧ ਨਕਲੀ ਸ਼ੇਰ ਵਾਂਗ ਥੋੜ੍ਹਾ ਗਰਜਿਆ। ਇਹ ਵਕਤ ਸੀ ਜਦੋਂ ਕਸ਼ਮੀਰ ਵਿੱਚ ਉਭਰ ਰਹੇ ਜਜ਼ਬਾਤਾਂ ਤੇ ਉਨ੍ਹਾਂ ਦੀ ਤਰਜਮਾਨੀ ਕਰਨ ਵਾਲੀਆਂ ਜਮਾਤਾਂ ਕੁਝ ਹਰਕਤ ਵਿਚ ਆਈਆਂ ਤੇ ਉਨ੍ਹਾਂ ਦੀ ਮਕਬੂਲੀਅਤ ਵਿਚ ਕੁਝ ਵਾਧਾ ਹੋਣ ਲੱਗਾ। ਪਰ ਹਾਲੇ ਵੀ 'ਆਜ਼ਾਦੀ ਤਹਿਰੀਕ' ਨਾਂ ਦੀ ਉਥੇ ਕੋਈ ਤਹਿਰੀਕ ਨਹੀਂ ਸੀ। ਇਸ ਤੋਂ ਫਿਰ ਕੁਝ ਦੇਰ ਬਾਅਦ, ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਅਤੇ ਰਾਜੀਵ ਗਾਂਧੀ ਦੀ ਕਾਂਗਰਸ ਵਿਚ ਸਮਝੌਤਾ ਹੋ ਗਿਆ ਅਤੇ ਸਮਝੌਤੇ ਤੋਂ ਬਾਅਦ ਹੋਈਆਂ ਚੋਣਾਂ ਦੇ ਨਤੀਜੇ ਵਜੋਂ ਫਾਰੂਕ ਅਬਦੁੱਲਾ ਦੀ, ਕਾਂਗਰਸ ਨਾਲ ਸਮਝੌਤਾ ਕਰਨ ਦੀ ਇਹ ਹਾਲਤ ਹੀ ਅੱਜ ਦੀ, ਕਸ਼ਮੀਰ ਦੀ ਤਹਿਰੀਕ ਦਾ ਆਧਾਰ ਬਣੀ।

ਕਸ਼ਮੀਰੀ ਅਵਾਮ ਵਿਚ ਆਪਣੀ ਵੱਖਰੀ ਪਛਾਣ ਪ੍ਰਤੀ ਮੋਹ ਤਾਂ ਸ਼ੁਰੂ ਤੋਂ ਹੀ ਮੌਜੂਦ ਰਿਹਾ ਹੈ, ਪਰ ਸ਼ੇਖ ਅਬਦੁੱਲਾ ਦੀ ਸ਼ਖਸੀਅਤ ਇਕ ਪਾਸੇ ਕਸ਼ਮੀਰੀ ਅਵਾਮ ਦੀ ਆਪਣੀ ਵੱਖਰੀ ਪਛਾਣ ਪ੍ਰਤੀ ਮੋਹ ਭਾਵਨਾ ਨੂੰ ਤਸੱਲੀ ਬਖਸ਼ਦੀ ਰਹੀ ਹੈ ਅਤੇ ਦੂਜੇ ਪਾਸੇ ਉਨ੍ਹਾਂ ਦੀ ਦਿੱਲੀ ਪ੍ਰਤੀ ਨਫ਼ਰਤ ਨੂੰ ਕਾਬੂ ਵਿਚ ਰੱਖਦੀ ਰਹੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਸ਼ੇਖ ਅਬਦੁੱਲਾ ਖ਼ਾਨਦਾਨ, ਕਸ਼ਮੀਰੀ ਅਵਾਮ ਅਤੇ ਦਿੱਲੀ ਦੀ ਹਕੂਮਤ ਵਿਚ ਕੜੀ ਦਾ ਕੰਮ ਕਰਦਾ ਰਿਹਾ ਹੈ, ਤੱਥ ਗ਼ਲਤ ਨਹੀਂ ਹੋਵੇਗਾ ਅਤੇ ਜਦੋਂ ਹੀ ਇਹ ਖ਼ਾਨਦਾਨ ਵਿਚਕਾਰਲਾ ਰਾਹ ਛੱਡਕੇ

ਸਿੱਧਾ ਦਿੱਲੀ ਦੀ ਝੋਲੀ ਵਿਚ ਜਾ ਪਿਆ, ਤਾਂ ਕਸ਼ਮੀਰੀ ਲੋਕ ਆਪਣੇ-ਆਪ ਨੂੰ ਗਵਾਚਾ ਮਹਿਸੂਸ ਕਰਨ ਲੱਗ ਪਏ। ਇਸ ਪਿੱਛੋਂ ਹੀ ਕਸ਼ਮੀਰ ਦੀ ਅਜ਼ਾਦੀ ਦੀ ਲਹਿਰ ਜ਼ੋਰ ਫੜਦੀ ਗਈ।

ਜਦੋਂ ਕਸ਼ਮੀਰ ਦੀ ਤਹਿਰੀਕ ਨੇ ਸ਼ੁਰੂਆਤ ਕੀਤੀ, ਉਦੋਂ ਸਿੱਖ ਤਹਿਰੀਕ ਕਾਫੀ ਅੱਗੇ ਵੱਧ ਚੁੱਕੀ ਸੀ। ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਭਾਰਤੀ ਫੌਜ ਦੇ ਹਮਲੇ ਦੇ, ਦ੍ਰਿੜ੍ਹਤਾ ਨਾਲ ਕੀਤੇ ਮੁਕਾਬਲੇ ਦੇ ਰੂਪ ਵਿਚ। ਇੰਦਰਾ ਗਾਂਧੀ ਨੂੰ ਕਤਲ ਕਰਕੇ, ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਹਮਲੇ ਦੀ ਸਜ਼ਾ ਵੀ ਦੇ ਚੁੱਕੇ ਸਨ ਅਤੇ ਦਿੱਲੀ ਤੇ ਭਾਰਤ ਦੇ ਹੋਰ ਕਈ ਸ਼ਹਿਰਾਂ ਵਿੱਚ ਹਿੰਦੂਆਂ ਹੱਥੋਂ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕੀਤੇ ਜਾਣ ਦੀ ਸੂਰਤ ਵਿਚ ਅੱਗ ਅਤੇ ਲਹੂ ਦੇ ਦਰਿਆਵਾਂ ਵਿਚ ਤਾਰੀਆਂ ਤਕ ਲਾ ਚੁੱਕੇ ਸਨ।

ਕੁਝ ਸਮਾਂ ਪਹਿਲਾਂ ਪਾਕਿਸਤਾਨ ਦੇ ਸਾਬਕਾ ਚੀਫ ਆਫ ਆਰਮੀ ਸਟਾਫ ਜਨਰਲ ਮਿਰਜ਼ਾ ਅਸਲਮ ਬੇਗ ਨੇ, ਪਾਕਿਸਤਾਨ ਦੀ ਮਸ਼ਹੂਰ ਅੰਗਰੇਜ਼ੀ ਅਖਬਾਰ 'ਦੀ ਨਿਊਜ਼' ਵਿਚ ਛਪੀ ਆਪਣੀ ਇਕ ਇੰਟਰਵਿਊ ਵਿਚ, ਭਾਰਤ ਵਲੋਂ ਕਿਸੇ ਫੌਜੀ ਹਮਲੇ ਦੀ ਸੰਭਾਵਨਾ ਨੂੰ ਇਸ ਬਿਨਾ 'ਤੇ ਰੱਦ ਕਰ ਦਿੱਤਾ ਸੀ ਕਿ ਭਾਰਤ ਨੂੰ ਆਪਣੀ ਫੌਜ ਦਾ ਇਕ ਵੱਡਾ ਹਿੱਸਾ ਪੰਜਾਬ ਵਿਚ ਚੱਲ ਰਹੀ ਸਿੱਖ ਸੰਘਰਸ਼ ਦੇ ਮੁਕਾਬਲੇ ਲਈ ਉਥੇ ਰੱਖਣਾ ਪੈ ਰਿਹਾ ਹੈ। ਇਸਦਾ ਮਤਲਬ ਇਹ ਬਣਦਾ ਹੈ ਕਿ ਸਿੱਖ ਸੰਘਰਸ਼ ਅੱਜ ਪਾਕਿਸਤਾਨ ਦੀ ਪਹਿਲੀ ਡੀਫੈਂਸ ਲਾਈਨ ਦਾ ਰੋਲ ਅਦਾ ਕਰ ਰਿਹਾ ਹੈ। ਇਹ ਸੱਚਾਈ ਭਾਵੇਂ ਕਾਫੀ ਸਮੇਂ ਤੋਂ ਆਪਣੀ ਥਾਂ 'ਤੇ ਮੌਜੂਦ ਸੀ, ਪਰ ਇਸਨੂੰ ਖੁੱਲ੍ਹੇ ਰੂਪ ਵਿਚ, ਕਿਸੇ ਮਹੱਤਵਪੂਰਨ ਅਹੁਦੇ 'ਤੇ ਰਹੇ ਪਾਕਿਸਤਾਨੀ ਨੇ ਤਸਲੀਮ ਪਹਿਲੀ ਵਾਰੀ ਕੀਤਾ ਹੈ।

ਭਾਰਤ ਦੀ ਹਕੂਮਤ, ਜਦੋਂ ਵੀ ਪਾਕਿਸਤਾਨ ਉਤੇ ਆਪਣੀ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਦਾ ਇਲਜ਼ਾਮ ਲਗਾਉਂਦੀ ਹੈ, ਤਾਂ ਕਸ਼ਮੀਰ ਅਤੇ ਪੰਜਾਬ ਨੂੰ ਬਰਾਬਰ 'ਤੇ ਰੱਖ ਕੇ ਹੀ ਗੱਲ ਕਰਦੀ ਹੈ। ਪਰ ਪਾਕਿਸਤਾਨੀ ਆਗੂ ਹਮੇਸ਼ਾਂ ਹੀ ਕਸ਼ਮੀਰੀਆਂ ਅਤੇ ਸਿੱਖਾਂ ਦੇ ਸੰਘਰਸ਼ ਬਾਰੇ ਵੱਖੋ-ਵੱਖਰੀ ਪਹੁੰਚ ਅਪਣਾਉਂਦੇ ਹਨ। ਉਹ ਦੋਹਾਂ ਮਸਲਿਆਂ ਪ੍ਰਤੀ ਅਲੱਗ-ਅਲੱਗ ਪਹੁੰਚ ਰੱਖਣ, ਅਸੀਂ ਇਸ ਉਤੇ ਕਿੰਤੂ ਨਹੀਂ ਕਰਦੇ, ਪਰ ਸਿੱਖ ਸੰਘਰਸ਼ ਨੂੰ ਛੁਟਿਆ ਕੇ ਦੇਖਣ ਦੀ ਗ਼ਲਤੀ ਨਾ ਕਰਨ। ਨਹੀਂ ਤਾਂ ਸਿੱਖ ਹਲਕਿਆਂ ਵਿਚ ਇਹ ਵਿਚਾਰ ਜ਼ੋਰ ਫੜ ਸਕਦਾ ਹੈ ਕਿ ਪਾਕਿਸਤਾਨ ਸਿੱਖ ਲਹਿਰ ਨੂੰ ਕਸ਼ਮੀਰ ਹਾਸਲ ਕਰਨ ਦੀ ਆਪਣੀ ਨੀਤੀ ਵਿਚ ਇਕ ਮੋਹਰੇ ਤੋਂ ਵੱਧ ਕੋਈ ਮਹੱਤਵ ਨਹੀਂ ਦਿੰਦਾ।

"ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਥੇਦਾਰ ਅਕਾਲ ਤਖਤ ਸਾਹਿਬ ਵਰਗੇ ਸਰਵਉਚ ਰੁਤਬੇ ਲਈ ਨਾਮਜ਼ਦਗੀ 'ਸਰਬੱਤ ਖਾਲਸਾ' ਰਾਹੀਂ ਹੀ ਹੋਣੀ ਚਾਹੀਦੀ ਹੈ। ਇਥੇ ਅਸੀਂ 'ਸਰਬੱਤ ਖਾਲਸਾ' ਦੇ ਅਰਥਾਂ ਦੀ ਗੱਲ ਕਰ ਰਹੇ ਹਾਂ, ਲਫਜ਼ਾਂ ਦੀ ਨਹੀਂ ਤੇ ਜਦੋਂ ਅਸੀਂ ਅਰਥਾਂ ਦੀ ਬਜਾਏ ਲਫਜ਼ਾਂ ਵੱਲ ਭੱਜਦੇ ਹਾਂ ਤਾਂ ਕਈ ਵਾਰੀ ਅਸੀਂ ਆਪਣੀਆਂ ਗੌਰਵਮਈ ਪ੍ਰੰਪਰਾਵਾਂ ਨੂੰ ਹਾਸੋਹੀਣਾ ਬਣਾ ਕੇ ਰੱਖ ਦਿੰਦੇ ਹਾਂ।"

ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਾਮਜ਼ਦਗੀ

ਅਪ੍ਰੈਲ 1993

ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਾਮਜ਼ਦਗੀ ਦਾ ਮਸਲਾ ਪਿਛਲੇ ਕਾਫੀ ਸਮੇਂ ਤੋਂ ਸਿੱਖ ਹਲਕਿਆਂ ਵਿਚ ਵਾਦ-ਵਿਵਾਦ ਦਾ ਵਿਸ਼ਾ ਬਣਿਆ ਆ ਰਿਹਾ ਹੈ। ਸਿੱਖਾਂ ਦੀਆਂ ਜਮਹੂਰੀ ਤੇ ਜੁਝਾਰੂ ਜਥੇਬੰਦੀਆਂ ਦੇ ਰੋਜ਼ ਹੀ ਨਵੇਂ ਤੋਂ ਨਵੇਂ ਬਿਆਨ ਅਤੇ ਸਿੱਖ ਲੇਖਕਾਂ ਦੇ ਲੇਖ, ਇਸ ਵਿਸ਼ੇ 'ਤੇ ਪੜ੍ਹਨ ਨੂੰ ਮਿਲਦੇ ਰਹਿੰਦੇ ਹਨ। ਚਲ ਰਹੇ ਵਾਦ-ਵਿਵਾਦ ਦੇ ਦੌਰਾਨ ਹੀ, ਕੁਝ ਦਿਨ ਪਹਿਲਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਐਕਟਿੰਗ ਜਥੇਦਾਰ

ਵੀ ਨਾਮਜ਼ਦ ਕਰ ਦਿੱਤਾ ਗਿਆ ਹੈ। ਇਸ ਨਾਮਜ਼ਦਗੀ ਦਾ ਭਾਵੇਂ ਕੋਈ ਬਹੁਤਾ ਤਿੱਖਾ ਵਿਰੋਧ ਤਾਂ ਨਹੀਂ ਹੋਇਆ, ਪਰ ਅਸਹਿਮਤੀ ਦੀਆਂ ਸੁਰਾਂ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਰੂਪ ਵਿਚ ਸੁਣਾਈ ਦਿੰਦੀਆਂ ਹਨ।

ਵਾਦ-ਵਿਵਾਦ ਦੇ ਇਸ ਵਿਸ਼ੇ ਸਬੰਧੀ ਜੋ ਨੁਕਤੇ ਉਠਾਏ ਜਾ ਰਹੇ ਹਨ, ਉਨ੍ਹਾਂ ਵਿੱਚ ਮੁੱਖ ਨੁਕਤਾ ਇਹ ਹੈ ਕਿ ਕੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਾਮਜ਼ਦ ਕਰਨ ਦਾ ਅਧਿਕਾਰ ਹੈ? ਬਾਕੀ ਦੇ ਨੁਕਤੇ ਸਾਰੇ ਇਸ ਮੁੱਖ ਨੁਕਤੇ ਨਾਲ ਜੁੜੇ ਹੋਏ ਹਨ, ਜਿਵੇਂ ਕਿ ਕੀ 'ਸਰਬੱਤ ਖਾਲਸਾ' ਵੱਲੋਂ ਜਥੇਦਾਰਾਂ ਦੀ ਨਾਮਜ਼ਦਗੀ ਦੀ ਕੋਈ ਚਲੀ ਆ ਰਹੀ ਪ੍ਰੰਪਰਾ ਹੈ? ਅਤੇ ਅੱਜ ਦੇ ਹਾਲਾਤ ਵਿਚ ਜਥੇਦਾਰ ਦੀ ਚੋਣ ਤੇ ਨਾਮਜ਼ਦਗੀ ਕਿਵੇਂ ਕੀਤੀ ਜਾਵੇ? ਆਦਿ-ਆਦਿ।

ਅੱਜ ਇਨ੍ਹਾਂ ਜਥੇਬੰਦੀਆਂ ਅਤੇ ਲੇਖਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ, ਜਥੇਦਾਰ ਦੀ ਨਾਮਜ਼ਦਗੀ ਦੇ ਅਧਿਕਾਰ ਨੂੰ, ਚੈਲੰਜ ਕੀਤਾ ਜਾ ਰਿਹਾ ਹੈ ਉਨ੍ਹਾਂ ਦੇ ਇਸ ਰਵਈਏ ਦੇ ਪਿਛੋਕੜ ਵਿਚ 1984 ਦੇ ਘਲੂਘਾਰੇ ਦੌਰਾਨ ਦਾ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਬਹੁਤੇ ਨੇਤਾਵਾਂ ਦਾ ਸ਼ੱਕੀ ਤੇ ਕਮਜ਼ੋਰ ਕਿਰਦਾਰ ਹੈ। 1984 ਦੇ ਘੱਲੂਘਾਰੇ ਤੋਂ ਪਹਿਲਾਂ ਤਕ ਸਿੱਖ ਸਿਆਸਤ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਇਕ ਸਰਬਉੱਚਤਾ ਰਹੀ ਹੈ ਅਤੇ ਧਾਰਮਿਕ ਮਾਮਲਿਆਂ ਵਿੱਚ ਸ਼੍ਰੋਮਣੀ ਕਮੇਟੀ ਦੀ ਸਰਬਉੱਚਤਾ ਨੂੰ ਆਪਣੇ ਘਰ ਬੈਠ ਕੇ ਭਾਵੇਂ ਕੋਈ ਮੰਨਣੋਂ ਇਨਕਾਰੀ ਹੋਇਆ ਹੋਵੇ, ਪਰ ਖੁੱਲ੍ਹੇ-ਆਮ ਕਦੇ ਕਿਸੇ ਨੇ ਚੈਲੰਜ ਨਹੀਂ ਸੀ ਕੀਤਾ। ਇਸ ਵਿੱਚ ਕੋਈ ਸ਼ੱਕ ਦੀ ਗੱਲ ਨਹੀਂ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ 1984 ਦੇ ਘੱਲੂਘਾਰੇ ਦੌਰਾਨ ਦਾ ਕਿਰਦਾਰ ਸਿੱਖ ਇਤਿਹਾਸ ਦੇ ਮਾਣਮੱਤੇ ਮਿਆਰ ਤੋਂ ਬਹੁਤ ਕਮਜ਼ੋਰ, ਬਹੁਤ ਨੀਵਾਂ ਰਿਹਾ ਹੈ।

ਇਸ ਲੀਡਰਸ਼ਿਪ ਦੇ ਇਸੇ ਕਿਰਦਾਰ ਕਾਰਨ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਅਤੇ ਸਤਿਕਾਰ ਵਿੱਚ ਬਹੁਤ ਭਾਰੀ ਕਮੀ ਆਈ ਹੈ। ਪਰ ਜਿੱਥੋਂ ਤਕ ਜ਼ਮੀਨੀ ਸਚਾਈ ਦੀ ਗੱਲ ਹੈ, 1920 ਵਿੱਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ 1986 ਤਕ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਵਜੋਂ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦੀ ਨਾਮਜ਼ਦਗੀ ਪੰਥਕ ਸੰਸਥਾਵਾਂ ਦੀ ਰਾਏ ਨਾਲ ਬਿਨਾਂ ਰੋਕ-ਟੋਕ ਕਰਦੀ ਰਹੀ ਹੈ। ਪਰ 1986 ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਪੰਥ ਦੀ ਰਾਏ ਲੈਣੀ ਛੱਡ ਦਿੱਤੀ ਅਤੇ ਹੌਲੀ-

ਹੌਲੀ ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਤਕ ਸੀਮਤ ਹੋ ਕੇ ਰਹਿ ਗਿਆ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਅਤੇ ਖਾਲਸਾ ਰਾਜ ਦੇ ਖਤਮ ਹੋਣ ਤੋਂ ਬਾਅਦ ਅੰਗਰੇਜ਼ ਹੁਕਮਰਾਨੀ ਦੌਰਾਨ, ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਜ਼ਿਕਰ 'ਸਰਬਰਾਹ' ਜਾਂ 'ਪੁਜਾਰੀ' ਦੇ ਰੂਪ ਵਿੱਚ ਮਿਲਦਾ ਹੈ। ਇਸ ਸਮੇਂ ਦਾ ਅੰਤ ਹੁੰਦਾ ਹੈ, ਅਰੂੜ ਸਿੰਘ ਅਤੇ ਸੁੰਦਰ ਸਿੰਘ ਰਾਮਗੜ੍ਹੀਏ 'ਤੇ ਜਾ ਕੇ। ਇਸ ਦੌਰ ਵਿਚ ਇਹ 'ਸਰਬਰਾਹ', ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਾਰ ਕਰਿਆ ਕਰਦੇ ਸਨ।

ਖਾਲਸਾ ਰਾਜ ਦੌਰਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ, ਅਕਾਲੀ ਫੂਲਾ ਸਿੰਘ ਦਾ ਨਾਂ ਨਾਮਵਰ ਸ਼ਖਸੀਅਤਾਂ ਵਿਚ ਆਉਂਦਾ ਹੈ। ਪਰ ਉਨ੍ਹਾਂ ਤੋਂ ਪਹਿਲਾਂ ਜਾਂ ਉਨ੍ਹਾਂ ਤੋਂ ਬਾਅਦ, ਜਥੇਦਾਰ ਦੀ ਨਿਯੁਕਤੀ ਬਾਰੇ ਕਿਸੇ ਪੰਥ ਪ੍ਰਵਾਨਤ ਪ੍ਰੰਪਰਾ ਦਾ ਕੋਈ ਜ਼ਿਕਰ ਕਿਧਰੇ ਪੜ੍ਹਨ ਨੂੰ ਨਹੀਂ ਮਿਲਦਾ। 1799 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਵਿਚ ਸਥਾਪਿਤ ਹੋਏ ਖਾਲਸਾ ਰਾਜ ਤੋਂ ਪਿੱਛੇ, ਸਿੱਖ ਇਤਿਹਾਸ ਦਾ ਜੋ ਦੌਰ ਹੈ, ਉਸਨੂੰ ਅਸੀਂ ਆਮ ਗੱਲਬਾਤ ਵਿਚ ਮਿਸਲਾਂ ਦਾ ਦੌਰ ਕਹਿੰਦੇ ਹਾਂ। ਇਹ ਉਹ ਸਮਾਂ ਹੈ ਜਦੋਂ 'ਸਰਬੱਤ ਖ਼ਾਲਸਾ' ਇਕੱਠ ਦੀ ਪ੍ਰੰਪਰਾ ਸ਼ੁਰੂ ਹੋਈ ਤੇ ਲਗਾਤਾਰ ਚਲਦੀ ਰਹੀ ਅਤੇ ਪੰਥ ਦੇ ਮਹੱਤਵਪੂਰਨ ਫੈਸਲੇ ਇਨ੍ਹਾਂ ਇਕੱਠਾਂ ਵਿੱਚ ਹੀ ਹੁੰਦੇ ਰਹੇ।

ਕੁਦਰਤੀ ਗੱਲ ਹੈ ਕਿ ਜਦੋਂ ਪੰਥ ਦੇ ਮਹੱਤਵਪੂਰਨ ਫੈਸਲੇ ਇਨ੍ਹਾਂ 'ਸਰਬੱਤ ਖ਼ਾਲਸਾ' ਇਕੱਠਾਂ ਵਿੱਚ ਹੀ ਹੁੰਦੇ ਰਹੇ, ਤਾਂ ਜਥੇਦਾਰ ਅਕਾਲ ਤਖਤ ਸਾਹਿਬ ਦੀ ਨਾਮਜ਼ਦਗੀ ਵੀ ਇਨ੍ਹਾਂ ਇਕੱਠਾਂ ਵਿਚ ਹੀ ਹੁੰਦੀ ਰਹੀ ਹੋਵੇਗੀ। ਪਰ ਇਸ ਨਾਮਜ਼ਦਗੀ ਬਾਰੇ ਕੋਈ ਨਿਸ਼ਚਿਤ ਪ੍ਰਣਾਲੀ ਜਾਂ ਪ੍ਰੰਪਰਾ ਇਸ ਦੌਰ ਦੇ ਇਤਿਹਾਸ ਵਿਚ ਵੀ ਪੜ੍ਹਨ ਨੂੰ ਨਹੀਂ ਮਿਲਦੀ। ਸੋ, ਜਿਹੜੀ ਅੱਜ, ਜਥੇਦਾਰ ਅਕਾਲ ਤਖਤ ਸਾਹਿਬ ਦੀ ਨਾਮਜ਼ਦਗੀ ਦੇ ਮਾਮਲੇ ਵਿੱਚ 'ਸ਼੍ਰੋਮਣੀ ਕਮੇਟੀ' ਬਨਾਮ 'ਸਰਬੱਤ ਖਾਲਸਾ' ਦੇ ਅਧਿਕਾਰਾਂ ਸਬੰਧੀ ਬਹਿਸ ਚਲ ਰਹੀ ਹੈ, ਉਸਨੂੰ ਇਸ ਇਤਿਹਾਸਕ ਪ੍ਰਸੰਗ ਦੀ ਰੌਸ਼ਨੀ ਵਿੱਚ ਦੇਖਿਆਂ, ਸਾਡੇ ਸਾਹਮਣੇ ਸਪੱਸ਼ਟ ਰੂਪ ਵਿੱਚ ਕਹਿਣ ਲਈ ਕੋਈ ਗੱਲ ਨਹੀਂ ਹੈ।

ਸਿਆਣੀਆਂ ਕੌਮਾਂ ਹਰ ਔਖੀ ਘੜੀ ਵਿਚ ਜਾਂ ਉਲਝਣ ਦੀ ਸਥਿਤੀ ਵਿਚ,

ਇਤਿਹਾਸ ਤੋਂ ਰੌਸ਼ਨੀ ਤੇ ਰਹਿਨੁਮਾਈ ਲੈਂਦੀਆਂ ਹਨ ਅਤੇ ਬੀਤੇ ਵਕਤ ਦੀਆਂ ਗਲਤੀਆਂ ਨੂੰ ਸੁਧਾਰ ਕੇ ਨਵੇਂ ਰਾਹ ਅਖ਼ਤਿਆਰ ਕਰਦੀਆਂ ਅੱਗੇ ਵਧਣਾ ਜਾਰੀ ਰੱਖਦੀਆਂ ਹਨ।

ਜੇ ਆਪਾਂ ਲਫਜ਼ਾਂ-ਅਰਥਾਂ ਦੇ ਹਿਸਾਬ ਨਾਲ ਗੱਲ ਕਰਨੀ ਹੋਵੇ, ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਥੇਦਾਰ ਅਕਾਲ ਤਖਤ ਸਾਹਿਬ ਵਰਗੇ ਸਰਵਉਚ ਰੁਤਬੇ ਲਈ ਨਾਮਜ਼ਦਗੀ 'ਸਰਬੱਤ ਖਾਲਸਾ' ਰਾਹੀਂ ਹੀ ਹੋਣੀ ਚਾਹੀਦੀ ਹੈ। ਇਥੇ ਅਸੀਂ 'ਸਰਬੱਤ ਖਾਲਸਾ' ਦੇ ਅਰਥਾਂ ਦੀ ਗੱਲ ਕਰ ਰਹੇ ਹਾਂ, ਲਫਜ਼ਾਂ ਦੀ ਨਹੀਂ ਤੇ ਜਦੋਂ ਅਸੀਂ ਅਰਥਾਂ ਦੀ ਬਜਾਏ ਲਫਜ਼ਾਂ ਵੱਲ ਭੱਜਦੇ ਹਾਂ ਤਾਂ ਕਈ ਵਾਰੀ ਅਸੀਂ ਆਪਣੀਆਂ ਗੌਰਵਮਈ ਪ੍ਰੰਪਰਾਵਾਂ ਨੂੰ ਹਾਸੋਹੀਣਾ ਬਣਾ ਕੇ ਰੱਖ ਦਿੰਦੇ ਹਾਂ।

1986 ਵਿੱਚ ਹੋਏ ਜਿਸ ਇਕੱਠ ਨੂੰ 'ਸਰਬੱਤ ਖਾਲਸਾ' ਦਾ ਨਾਂ ਦਿੱਤਾ ਗਿਆ ਹੈ, ਉਹ ਦਮਦਮੀ ਟਕਸਾਲ ਵਲੋਂ ਸੱਦਿਆ ਗਿਆ ਇਕ ਵਿਸ਼ਾਲ ਪੰਥਕ ਇਕੱਠ ਸੀ। ਜਦੋਂ ਇਸ ਧਿਰ ਵਿਚ ਕਈ ਗਰੁੱਪ-ਜਥੇਬੰਦੀਆਂ ਬਣ ਗਈਆਂ ਤਾਂ ਸਭ ਨੇ ਇਸ 'ਸਰਬੱਤ ਖਾਲਸਾ' ਦੇ ਫੈਸਲਿਆਂ ਦੇ ਅਰਥ ਆਪੋ-ਆਪਣੀਆਂ ਜ਼ਰੂਰਤਾਂ ਅਨੁਸਾਰ ਕਰਨੇ ਸ਼ੁਰੂ ਕਰ ਦਿੱਤੇ। ਉਹ ਵੇਲਾ ਵੀ ਆਇਆ, ਜਦੋਂ ਇਸ ਧਿਰ ਦੇ ਇਕ ਧੜੇ ਵੱਲੋਂ ਕਿਸੇ ਕਮਰੇ ਵਿੱਚ ਬਹਿ ਕੇ ਕੀਤੇ ਫੈਸਲਿਆਂ ਨੂੰ 'ਪ੍ਰੈਸ ਰਿਲੀਜ਼' ਰਾਹੀਂ 'ਸਰਬੱਤ ਖਾਲਸਾ' ਦੇ ਫੈਸਲੇ ਦੱਸਣ ਦੀ ਹਾਸੋਹੀਣੀ ਕੋਸ਼ਿਸ਼ ਵੀ ਕੀਤੀ ਗਈ।

ਅੱਜ ਦੀ ਸਥਿਤੀ ਦਾ ਦੂਜਾ ਸੱਚ ਇਹ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਵਿੱਚ ਭਾਵੇਂ ਕਾਫੀ ਕਮੀ ਆ ਚੁੱਕੀ ਹੈ, ਪਰ ਗੁਰਦਵਾਰਾ ਪ੍ਰਬੰਧ ਅਤੇ ਧਾਰਮਿਕ ਰਹਿਤ ਮਰਿਯਾਦਾ ਵਿਚ ਇਕਸੁਰਤਾ ਰੱਖਣ ਦੇ ਪੱਖ ਤੋਂ ਇਸਦੀ ਲਾਭਦਾਇਕਤਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਤੇ ਹਾਲੇ ਸਾਡੇ ਕੋਲ ਇਸਦਾ ਕੋਈ ਇਸ ਤੋਂ ਬੇਹਤਰ ਬਦਲ ਵੀ ਨਹੀਂ ਹੈ। ਸੱਚਾਈ ਇਹ ਵੀ ਹੈ ਕਿ ਸ਼੍ਰੋਮਣੀ ਕਮੇਟੀ ਦਾ ਕੁਝ ਪ੍ਰਭਾਵ ਪੁਰਾਣੀ ਅਕਾਲੀ ਲੀਡਰਸ਼ਿਪ ਦੇ ਕਮਜ਼ੋਰ ਕਿਰਦਾਰ ਕਰਕੇ ਘਟਿਆ ਹੈ ਤੇ ਕੁਝ ਸਾਡੀ ਜੁਝਾਰੂ ਧਿਰ ਵਿਚਲੇ ਕੁਝ ਲੋਕਾਂ ਦੀ ਸੰਪ੍ਰਦਾਇਕ ਤੰਗ ਨਜ਼ਰੀ ਤੇ ਗਲਤ ਫੈਸਲਿਆਂ ਨੇ ਘਟਾਇਆ ਹੈ।

ਜਥੇਦਾਰ ਅਕਾਲ ਤਖਤ ਸਾਹਿਬ ਦੀ ਨਾਮਜ਼ਦਗੀ ਦੀ ਕੋਈ ਗੱਲ ਕਰਨ ਲੱਗਿਆਂ ਸਾਨੂੰ ਇਹ ਦੋਵੇਂ ਸੱਚ ਸਾਹਮਣੇ ਰੱਖਣੇ ਪੈਣਗੇ। ਅੱਜ ਜੇਕਰ ਅਸੀਂ

ਸਰਬੱਤ ਖਾਲਸਾ ਦੀ ਰਾਏ ਨੂੰ ਕਿਸੇ ਵੀ ਮਸਲੇ 'ਤੇ ਅਮਲੀ ਰੂਪ ਵਿੱਚ ਨਾਲ ਲੈ ਕੇ ਚੱਲਣਾ ਹੋਵੇ ਅਤੇ 1920 ਤੋਂ 1984 ਤਕ ਚਲੀ ਆਉਂਦੀ ਨਿਰੰਤਰਤਾ ਦੇ ਪੱਖ ਨੂੰ ਵੀ ਅਸੀਂ ਨਾਲ ਰੱਖਣਾ ਹੋਵੇ, ਤਾਂ ਚਾਹੀਦਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਨਾਲ ਇਕ ਅਜਿਹੀ ਸਹਿਯੋਗੀ ਸੰਸਥਾ ਦਾ ਗਠਨ ਕੀਤਾ ਜਾਵੇ, ਜਿਸ ਵਿਚ ਪੰਥ ਦੀਆਂ ਸਾਰੀਆਂ ਜੁਝਾਰੂ ਅਤੇ ਜਮਹੂਰੀ ਜਥੇਬੰਦੀਆਂ ਅਤੇ ਸਮੂਹ ਸੰਸਥਾਵਾਂ ਤੇ ਸੰਪਰਦਾਵਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਨੁਮਾਇੰਦਗੀ ਹੋਵੇ। ਅਜਿਹੀ ਸੰਸਥਾ ਜਿਸਦਾ ਨਾਂ ਕੁਝ ਵੀ ਰੱਖਿਆ ਜਾ ਸਕਦਾ ਹੈ, ਉਸ ਦੇ ਮੈਂਬਰਾਂ ਦੀ ਗਿਣਤੀ ਪਹਿਲਾਂ ਤੋਂ ਨਿਸ਼ਚਿਤ ਨਹੀਂ ਕੀਤੀ ਜਾਣੀ ਚਾਹੀਦੀ, ਸਗੋਂ ਹਰ ਜਥੇਬੰਦੀ ਨੂੰ ਉਸ ਲਈ ਆਪਣਾ ਨੁਮਾਇੰਦਾ ਨਾਮਜ਼ਦ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਜਾਣਾ ਚਾਹੀਦਾ ਹੈ। ਇਹ ਠੀਕ ਹੈ ਕਿ ਇਸ ਸੰਸਥਾ ਦੇ ਮੈਂਬਰਾਂ ਦੀ ਯੋਗਤਾ ਨਿਸ਼ਚਿਤ ਕਰਨ ਲਈ ਕੋਈ ਸੁਚੱਜਾ ਤਰੀਕਾ ਅਪਣਾਇਆ ਜਾ ਸਕਦਾ ਹੈ, ਪਰ ਕਿਸੇ ਵੀ ਜਥੇਬੰਦੀ ਨੂੰ, ਜਿਸ ਦਾ ਕੌਮੀ ਸੰਘਰਸ਼ ਵਿਚ, ਧਾਰਮਿਕ ਜਾਂ ਵਿਦਿਅਕ ਖੇਤਰ ਵਿਚ ਕਾਬਿਲੇ ਸਤਿਕਾਰ ਰੋਲ ਹੋਵੇ, ਉਸਨੂੰ ਇਸ ਸੰਸਥਾ ਤੋਂ ਬਾਹਰ ਨਾ ਛੱਡਿਆ ਜਾਵੇ।

ਇਸ ਸੰਸਥਾ ਦੇ ਮੈਂਬਰਾਂ ਦੀ ਗਿਣਤੀ ਸੌ ਦੀ ਬਜਾਏ ਡੇਢ ਸੌ ਜਾਂ ਵੱਧ ਹੋਣ ਵਿਚ ਕੋਈ ਨੁਕਸਾਨ ਨਹੀਂ ਹੋਵੇਗਾ, ਪਰ ਜੇ ਕੁਝ ਅਸਹਿਮਤ ਧਿਰਾਂ ਜਾਂ ਕੋਈ ਯੋਗ ਵਿਅਕਤੀ ਬਾਹਰ ਰਿਹਾ ਤਾਂ ਜ਼ਰੂਰ ਨੁਕਸਾਨ ਹੋਵੇਗਾ। ਅਜਿਹੀ ਸੰਸਥਾ ਬਣਾਉਣ ਲੱਗਿਆਂ ਸਾਨੂੰ ਹਰ ਕਿਸਮ ਦੀ ਤੰਗ-ਨਜ਼ਰੀ ਸੋਚ ਤੋਂ ਉਪਰ ਉਠਣਾ ਪਵੇਗਾ। ਕੌਮੀ ਹਿੱਤਾਂ ਨੂੰ ਹਰ ਸਵਾਰਥ ਤੋਂ ਉਪਰ ਰੱਖ ਕੇ, ਪੂਰੀ ਸੰਜੀਦਗੀ ਨਾਲ ਕੋਸ਼ਿਸ਼ ਕਰਨ ਤੋਂ ਬਾਅਦ ਵੀ ਜੇਕਰ ਕੋਈ ਬਦਨੀਅਤੀ ਨਾਲ ਇਸ ਸੰਸਥਾ ਤੋਂ ਖ਼ੁਦ ਬਾਹਰ ਰਹਿੰਦਾ ਹੈ ਤਾਂ ਉਸਨੂੰ ਸਮੇਂ ਦਾ ਸੱਚ ਆਪੇ ਹੀ ਪਛਾੜ ਦੇਵੇਗਾ।

ਜਥੇਦਾਰ ਅਕਾਲ ਤਖਤ ਦੀ ਨਾਮਜ਼ਦਗੀ ਜਾਂ ਕੌਮੀ ਹਿੱਤਾਂ ਦਾ ਹੋਰ ਵੀ ਕੋਈ ਫੈਸਲਾ ਸਰਬੱਤ ਖਾਲਸਾ ਦੀ ਰਾਏ ਦੀ ਤਰਜਮਾਨ ਇਸ ਸੰਸਥਾ ਵਿਚ ਕੀਤਾ ਜਾ ਸਕੇ, ਤੇ ਇਨ੍ਹਾਂ ਫੈਸਲਿਆਂ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਾਹੀਂ ਲਾਗੂ ਕੀਤਾ ਜਾ ਸਕੇ, ਤਾਂ ਸਾਡਾ ਖਿਆਲ ਹੈ ਕਿ ਕੌਮੀ ਮਸਲੇ ਵਿਚ ਅੱਜ ਵਰਗੀ ਖੜੋਤ ਦੀ ਸਥਿਤੀ ਨਹੀਂ ਆਵੇਗੀ। ਰੂਪ ਕੋਈ ਵੀ ਹੋਵੇ, ਨਾਂ ਕੋਈ ਵੀ ਰੱਖਿਆ ਜਾਵੇ, ਪਰ ਅੱਜ ਦੀ ਸਭ ਤੋਂ ਵੱਡੀ ਕੌਮੀ ਲੋੜ ਹੈ, ਕਿਸੇ ਅਜਿਹੀ 'ਸੰਸਥਾ' ਦੀ, ਜਿਸ ਰਾਹੀਂ ਹਰ ਮਹੱਤਵਪੂਰਨ ਮਸਲੇ ਉਤੇ ਸਰਬੱਤ ਖਾਲਸਾ ਦੀ ਰਾਏ ਲਈ ਜਾ ਸਕੇ। ਲੋੜ ਹੈ, ਕਿਸੇ ਅਜਿਹੀ ਸੰਸਥਾ ਦੀ,

ਜਿਸ ਨਾਲ 1984 ਤੋਂ ਪਹਿਲਾਂ ਤੇ ਬਾਅਦ ਦੇ ਸੱਚ ਵਿਚ ਲੜੀ ਕਾਇਮ ਰੱਖੀ ਜਾ ਸਕੇ।

ਸਮੇਂ ਦੇ ਰਾਹਾਂ ਉਤੇ ਵਿਛੀਆਂ ਸੂਲਾਂ ਸਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀਆਂ ਕਿ ਇਕ ਦੂਜੇ ਨੂੰ ਰੱਦ ਕਰਨ ਦੇ ਦਮਗਜੇ ਮਾਰੇ ਜਾਣ ਜਾਂ ਛੁਟਿਆਣ ਦੀਆਂ ਗੱਲਾਂ ਕੀਤੀਆਂ ਜਾਣ, ਸਗੋਂ ਸਿਆਣਪ ਇਕ ਦੂਜੇ ਨੂੰ ਸਤਿਕਾਰ ਦੇਣ ਵਿਚ ਹੈ।

"ਆਪਣੇ ਤੇ ਆਪਣੀ ਸਮਰੱਥਾ ਬਾਰੇ ਗਲਤ ਅੰਦਾਜ਼ੇ ਲਾਉਣ ਤੇ ਖੁਸ਼ਫਹਿਮੀਆਂ ਪਾਲਣ ਦੀਆਂ ਜੋ ਗਲਤੀਆਂ ਪਿਛਲੇ ਸਮੇਂ ਵਿਚ ਖਾੜਕੂ ਵੀਰਾਂ ਨੇ ਕੀਤੀਆਂ ਹਨ, ਉਹੋ ਜਿਹੀਆਂ ਗਲਤੀਆਂ ਅੱਜ ਪੰਜਾਬ ਦੇ ਲੇਖਕਾਂ ਤੇ ਸਿਆਸਤਦਾਨਾਂ ਨੂੰ ਖਾਸ ਕਰ ਅਕਾਲੀ ਆਗੂਆਂ ਨੂੰ ਨਹੀਂ ਕਰਨੀਆਂ ਚਾਹੀਦੀਆਂ। ਖਾੜਕੂ ਸੰਘਰਸ਼ ਦਾ ਖ਼ੁਦ ਇਕ ਹਿੱਸਾ ਹੋਣ ਨਾਤੇ, ਮੈਂ ਪਹਿਲਾਂ ਵੀ ਲਿਖਦਾ ਰਿਹਾ ਹਾਂ ਅਤੇ ਅੱਜ ਫਿਰ ਕਹਿ ਰਿਹਾ ਹਾਂ ਕਿ ਕੌਮੀ ਆਜ਼ਾਦੀ ਸੰਘਰਸ਼ ਅਕਸਰ ਉਮਰਾਂ ਲੰਮੇ ਚਲਿਆ ਕਰਦੇ ਹਨ।"

ਆਪਣਿਆਂ ਨਾਲ ਕੁਝ ਗੱਲਾਂ

ਸੰਤ ਸਿਪਾਹੀ ਮਈ-1993

ਅੱਜ, ਖਾੜਕੂ ਲਹਿਰ ਦੀਆਂ ਪਿਛਲੇ ਸਮੇਂ ਦੀਆਂ ਗਲਤੀਆਂ, ਕੋਤਾਹੀਆਂ ਤੇ ਨਾਕਾਮੀਆਂ ਸਬੰਧੀ ਲਿਖਤਾਂ ਦੀ ਇਕ ਝੜੀ ਜਿਹੀ ਲੱਗੀ ਹੋਈ ਹੈ। ਹਰ ਲੇਖਕ ਆਪੋ-ਆਪਣੇ ਅੰਦਾਜ਼ ਵਿਚ ਤੇ ਆਪੋ-ਆਪਣੀ ਨੁਕਤਾ-ਨਜ਼ਰ ਤੋਂ ਖਾੜਕੂ ਲਹਿਰ ਦੀ ਪੜਚੋਲ ਕਰ ਰਿਹਾ ਹੈ। ਕੁਝ ਲੇਖਕਾਂ ਦਾ ਅੰਦਾਜ਼ ਉਸਾਰੂ ਹੈ ਤੇ ਕੁਝ ਨੂੰ ਤਾਂ ਜਿਵੇਂ ਆਪਣੇ ਅੰਦਰ ਦੀ ਭੜਾਸ ਕੱਢਣ ਦਾ ਮੌਕਾ ਹੀ ਮਿਲਿਆ ਹੋਵੇ। ਕਈ ਲੇਖਕ, ਖਾੜਕੂ ਲਹਿਰ ਦਾ ਲੇਖਾ-ਜੋਖਾ ਇਸ ਤਰ੍ਹਾਂ ਕਰ ਰਹੇ ਹਨ, ਜਿਵੇਂ ਇਤਿਹਾਸ ਦੇ ਪੰਨਿਆਂ ਵਿਚ ਦਫਨ ਹੋ ਚੁੱਕੀ ਕਿਸੇ ਲਹਿਰ ਬਾਰੇ ਗੱਲ ਕਰ ਰਹੇ ਹੋਣ। ਸਾਡੇ ਅਕਾਲੀ ਆਗੂ ਵੀਰਾਂ ਦੇ ਬਿਆਨ ਤੇ ਰਵਈਆ ਵੀ ਇਸੇ ਸੁਰ ਨਾਲ ਮੇਲ ਖਾਂਦੇ ਲਗਦੇ ਹਨ।

1986 ਤੋਂ ਬਾਅਦ, ਤਿੰਨ ਚਾਰ ਸਾਲ ਦਾ ਦੌਰ ਕੁਝ ਐਸਾ ਰਿਹਾ ਹੈ, ਜਿਸ ਨੂੰ ਪੰਜਾਬ ਤੇ ਸਿੱਖ ਸਿਆਸਤ ਵਿਚ ਪੂਰੀ ਤਰ੍ਹਾਂ ਖਾੜਕੂਆਂ ਦੀ ਸਰਦਾਰੀ ਦਾ ਦੌਰ ਕਿਹਾ ਜਾ ਸਕਦਾ ਹੈ। ਇਸ ਦੌਰ ਵਿਚ ਲੇਖਕਾਂ ਤੇ ਸਿਆਸਤਦਾਨਾਂ ਦੇ ਇਕ ਵੱਡੇ ਤਬਕੇ ਦੀ ਕੋਸ਼ਿਸ਼ ਹਰ ਹਾਲ ਵਿਚ ਖਾੜਕੂਆਂ ਦੀ ਖੁਸ਼ਨੂਦੀ ਹਾਸਿਲ ਕਰਨ ਦੀ ਹੁੰਦੀ ਸੀ ਤੇ ਜੇ ਕਿਤੇ, ਕਿਸੇ ਵਲੋਂ ਖਾੜਕੂਆਂ ਦੀ ਕਿਸੇ ਗੱਲ ਨਾਲ ਅਸਹਿਮਤੀ ਵੀ ਪ੍ਰਗਟ ਕੀਤੀ ਜਾਂਦੀ ਸੀ, ਤਾਂ ਬਹੁਤ ਧੀਮੀ ਸੁਰ ਜਾਂ ਚੋਪੜੇ ਹੋਏ ਲਹਿਜ਼ੇ ਵਿਚ ਕੀਤੀ ਜਾਂਦੀ ਸੀ।

ਇਕ ਛੋਟਾ ਜਿਹਾ ਤਬਕਾ ਅਜਿਹਾ ਵੀ ਸੀ, ਜਿਸਦਾ ਪੇਸ਼ਾ ਹੀ ਸਰਕਾਰੀ ਸੁਰੱਖਿਆ ਦੀ ਛਤਰੀ ਹੇਠਾਂ ਬਹਿ ਕੇ ਖਾੜਕੂ ਲਹਿਰ ਵਿਰੁੱਧ ਜ਼ਹਿਰ ਉਗਲਣਾ ਹੁੰਦਾ ਸੀ। ਖਾੜਕੂਆਂ ਦੀ ਬੇਖੋਟ ਤੇ ਉਸਾਰੂ ਅਲੋਚਨਾ ਕਰਨ ਵਾਲਿਆਂ ਦੀ ਗਿਣਤੀ ਤਾਂ ਬਹੁਤ ਹੀ ਥੋੜ੍ਹੀ ਸੀ। ਇਸ ਦੌਰ ਵਿਚ ਖਾੜਕੂ ਵੀਰ ਇਹ ਸਮਝਦੇ ਸਨ ਕਿ ਉਹ ਪੰਜਾਬ ਦੇ ਅਸਲੀ ਹਾਕਮ ਹਨ ਅਤੇ ਇਹ ਹਾਕਮੀਅਤ ਉਨ੍ਹਾਂ ਨੇ ਕਲਾਸ਼ਨਕੋਵ ਰਾਹੀਂ ਹਾਸਿਲ ਕੀਤੀ ਹੈ।

ਕਲਾਸ਼ਨਕੋਫ (ਏ.ਕੇ. 47) ਤੋਂ ਬਿਨਾਂ ਕਿਸੇ ਹੋਰ ਜ਼ੁਬਾਨ ਵਿਚ ਗੱਲ ਕਰਨੀ ਉਨ੍ਹਾਂ ਨੂੰ ਚੰਗੀ ਹੀ ਨਹੀਂ ਸੀ ਲਗਦੀ। ਉਨ੍ਹਾਂ ਨੂੰ ਆਪਣਾ ਸਿਰ ਦੇਣ ਤੇ ਸਿਰ ਲੈਣ ਦੀ ਸਮਰੱਥਾ ਉਤੇ ਬੇਸਮਝੀ ਦੀ ਹੱਦ ਤਕ ਮਾਣ ਰਿਹਾ ਹੈ। ਗੁਰਬਾਣੀ ਦੇ ਇਸ ਸੱਚ ਨੂੰ ਕਿ 'ਮਾਇਆ ਤੱਜਣੀ ਵੱਡੀ ਗੱਲ ਨਹੀਂ', ਜੇ ਮਾਣ ਨਾ ਤਜਿਆ ਜਾ ਸਕੇ', ਉਹ ਆਪਣੇ ਅਮਲਾਂ ਵਿਚ ਲੋੜੀਂਦੀ ਥਾਂ ਨਾ ਦੇ ਸਕੇ। ਉਹ ਸਮਝਦੇ ਰਹੇ ਕਿ ਉਨ੍ਹਾਂ ਨੇ ਘਰ ਬਾਰ ਛੱਡ ਕੇ ਮੋਹ ਮਾਇਆ ਦਾ ਤਿਆਗ ਕਰ ਦਿੱਤਾ ਹੋਇਆ ਹੈ, ਮੌਤ ਤੋਂ ਉਹ ਡਰਦੇ ਨਹੀਂ, ਤੇ ਕਲਾਸ਼ਨਕੋਵ ਦੀ ਤਾਕਤ ਉਨ੍ਹਾਂ ਦੇ ਹੱਥ ਵਿਚ ਹੈ। ਸੋ ਉਹ ਜੋ ਵੀ ਕਹਿਣ ਤੇ ਜੋ ਵੀ ਕਰਨ, ਉਹੀ ਠੀਕ ਹੈ ਤੇ ਉਹੀ ਠੀਕ ਸਮਝਿਆ ਜਾਣਾ ਚਾਹੀਦਾ ਹੈ। ਆਪਣੀ ਇਸੇ ਸਮਝ ਤੇ ਰਵਈਏ ਕਾਰਨ ਉਨ੍ਹਾਂ ਨੇ ਗਲਤੀਆਂ ਕੀਤੀਆਂ ਤੇ ਆਖਿਰ ਅੱਜ ਦੀ ਸਥਿਤੀ ਵਿਚ ਲਹਿਰ ਨੂੰ ਪੁਚਾਉਣ ਦਾ ਕਾਰਨ ਬਣੇ।

ਆਪਣੇ ਤੇ ਆਪਣੀ ਸਮਰੱਥਾ ਬਾਰੇ ਗਲਤ ਅੰਦਾਜ਼ੇ ਲਾਉਣ ਤੇ ਖੁਸ਼ਫਹਿਮੀਆਂ ਪਾਲਣ ਦੀਆਂ ਜੋ ਗਲਤੀਆਂ ਪਿਛਲੇ ਸਮੇਂ ਵਿਚ ਖਾੜਕੂ ਵੀਰਾਂ ਨੇ ਕੀਤੀਆਂ ਹਨ, ਉਹੋ ਜਿਹੀਆਂ ਗਲਤੀਆਂ ਅੱਜ ਪੰਜਾਬ ਦੇ ਲੇਖਕਾਂ ਤੇ ਸਿਆਸਤਦਾਨਾਂ ਨੂੰ ਖਾਸ ਕਰ ਅਕਾਲੀ ਆਗੂਆਂ ਨੂੰ ਨਹੀਂ ਕਰਨੀਆਂ ਚਾਹੀਦੀਆਂ। ਖਾੜਕੂ ਸੰਘਰਸ਼ ਦਾ ਖ਼ੁਦ ਇਕ ਹਿੱਸਾ ਹੋਣ ਨਾਤੇ, ਮੈਂ ਪਹਿਲਾਂ ਵੀ ਲਿਖਦਾ ਰਿਹਾ ਹਾਂ ਅਤੇ ਅੱਜ ਫਿਰ ਕਹਿ ਰਿਹਾ ਹਾਂ ਕਿ ਕੌਮੀ ਆਜ਼ਾਦੀ ਸੰਘਰਸ਼ ਅਕਸਰ

ਉਮਰਾਂ ਲੰਮੇ ਚਲਿਆ ਕਰਦੇ ਹਨ। ਅਜਿਹੇ ਸੰਘਰਸ਼ ਵਿਚ ਚਾਰ ਪੰਜ ਸਾਲ ਦੇ ਸਮੇਂ ਨੂੰ ਸੰਘਰਸ਼ ਦਾ ਕੇਵਲ ਇਕ ਦੌਰ ਹੀ ਸਮਝਿਆ ਜਾਣਾ ਚਾਹੀਦਾ ਹੈ ਤੇ ਸੰਘਰਸ਼ ਦੇ ਕਿਸੇ ਇਕ ਦੌਰ ਵਿਚ, ਕਿਸੇ ਧਿਰ ਦੇ ਹੇਠ ਉਪਰ ਹੋਣ ਨੂੰ ਸਮੁੱਚੇ ਸੰਘਰਸ਼ ਲਈ ਫੈਸਲਾਕੁੰਨ ਨਹੀਂ ਮੰਨ ਲਿਆ ਜਾਣਾ ਚਾਹੀਦਾ।

ਆਪਣੇ ਘਰ ਦੀ ਪ੍ਰਾਪਤੀ ਲਈ ਲਹਿਰ ਦਾ ਇਕ ਵੱਡਾ ਦੁਖਾਂਤ ਇਹ ਰਿਹਾ ਹੈ ਕਿ ਇਥੇ ਹਰ ਜਥੇਬੰਦੀ ਨੇ ਲਹਿਰ ਦਾ ਮੁੱਢ ਆਪਣੇ ਜਨਮ ਤੋਂ ਹੀ ਮਿੱਥਣ ਦੀ ਕੋਸ਼ਿਸ਼ ਕੀਤੀ ਹੈ ਅਤੇ ਆਪਣੇ ਤੋਂ ਪਹਿਲਾਂ ਦੇ ਸੱਚ ਨੂੰ ਸਵੀਕਾਰ ਕਰਨੋਂ ਇਨਕਾਰੀ ਰਹੀ ਹੈ। 1986 ਵਿਚ ਜਦੋਂ ਪੰਥਕ ਕਮੇਟੀ ਹੋਂਦ ਵਿਚ ਆਈ ਤੇ ਉਸ ਨੇ ਆਪਣੇ ਤੋਂ ਪਹਿਲਾਂ 'ਦਲ ਖਾਲਸਾ' ਤੇ 'ਨੈਸ਼ਨਲ ਕੌਂਸਲ ਆਫ ਖਾਲਿਸਤਾਨ' ਵਲੋਂ ਕੀਤੇ ਸੰਘਰਸ਼ ਨਾਲ ਕੜੀ ਜੋੜਨੀ ਠੀਕ ਨਾ ਸਮਝੀ ਤੇ ਗੱਲ ਇਸ ਤਰ੍ਹਾਂ ਕੀਤੀ ਜਿਵੇਂ ਪੰਥਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਉਸ ਲਈ ਸੰਘਰਸ਼ ਦੀ ਕੋਈ ਹੋਂਦ ਹੀ ਨਹੀਂ ਸੀ। ਇਸ ਬਾਰੇ ਜਦੋਂ ਸ੍ਰ. ਬਲਬੀਰ ਸਿੰਘ ਸੰਧੂ ਨੇ ਪੰਥਕ ਕਮੇਟੀ ਦੇ ਇਕ ਸੀਨੀਅਰ ਮੈਂਬਰ ਨਾਲ ਗੱਲ ਕੀਤੀ ਤਾਂ ਉਸਦਾ ਜਵਾਬ ਸੀ, "ਸਾਡੇ ਤੋਂ ਪਹਿਲਾਂ ਤੁਸੀਂ ਕੇਵਲ ਗੱਲਾਂ ਹੀ ਕੀਤੀਆਂ ਹਨ ਪਰ ਹਥਿਆਰਬੰਦ ਲੜਾਈ ਅਸੀਂ ਆਰੰਭੀ ਹੈ।" ਅਜਿਹੀਆਂ ਗੱਲਾਂ ਕਰਨ ਪਿਛੇ, ਇਨ੍ਹਾਂ ਦੀ ਬੇਖ਼ਬਰੀ ਸੀ ਜਾਂ ਬਦਦਿਆਨਤੀ, ਇਹ ਤਾਂ ਇਹੀ ਜਾਣਨ, ਪਰ ਇਹ ਕਿੰਨਾ ਵੱਡਾ ਦੁਖਾਂਤ ਸੀ ਕਿ ਇਨ੍ਹਾਂ ਨੇ ਹਥਿਆਰਾਂ ਦੀ ਲੜਾਈ ਤੋਂ ਪਹਿਲਾਂ ਵਿਚਾਰਾਂ ਦੀ ਲੜਾਈ ਦੇ ਮਹੱਤਵ ਨੂੰ ਸਵੀਕਾਰ ਕਰਨੋਂ ਇਨਕਾਰ ਕੀਤਾ।

ਗੱਲ ਸਿਰਫ ਪੰਥਕ ਕਮੇਟੀ ਦੀ ਨਹੀਂ, ਤਕਰੀਬਨ ਹਰ ਜਥੇਬੰਦੀ, ਜਿਸ ਦੇ ਹੱਥ ਵਿਚ ਕਲਾਸ਼ਨਕੋਵ ਦੀ ਤਾਕਤ ਸੀ, ਦਾ ਰਵੱਈਆ ਇਹੀ ਰਿਹਾ ਹੈ। ਕੌੜਾ ਸੱਚ ਇਹ ਹੈ ਕਿ ਇਹ ਵੀਰ ਆਪਣੇ ਤੋਂ ਪਹਿਲੀ ਲੀਕ ਨਾਲ ਆਪਣੀ ਲੀਕ ਜੋੜਨ ਵਿਚ ਆਪਣਾ ਛੋਟਾਪਣ ਸਮਝਦੇ ਰਹੇ ਤੇ ਸਮਝਦੇ ਸਨ ਕਿ ਇੰਜ ਕਰਨ ਦਾ ਅਰਥ ਕਿਸੇ ਹੋਰ ਨੂੰ ਆਪਣੇ ਤੋਂ ਵੱਡਾ ਸਵੀਕਾਰ ਕਰਨਾ ਹੋਵੇਗਾ। ਅਜਿਹੀਆਂ ਹੀ ਤੰਗ-ਨਜ਼ਰ ਸੋਚਾਂ ਕਾਰਨ ਲਹਿਰ ਦੀ ਸਮੁੱਚੀ ਤਾਕਤ ਕਦੇ ਵੀ ਇਕ ਲੜੀ ਵਿਚ ਪਰੋਈ ਨਹੀਂ ਜਾ ਸਕੀ, ਇਕ ਥਾਂ ਇਕੱਠੀ ਨਹੀਂ ਹੋ ਸਕੀ। ਇਨ੍ਹਾਂ ਵੀਰਾਂ ਨੂੰ ਇਹ ਗੱਲ ਸਮਝ ਨਹੀਂ ਆਈ ਕਿ ਵੱਡੇ ਵੀਰ ਨੂੰ ਵਡਿਆਈ ਜਾਂ ਸਤਿਕਾਰ ਦੇਣ ਨਾਲ, ਆਪਣਾ ਆਪ ਛੋਟਾ ਨਹੀਂ ਸਗੋਂ ਵੱਡਾ ਹੁੰਦਾ ਹੈ। ਇਹ ਦੁਖਾਂਤ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਕੋਨੇ ਵਿਚ, ਕਦੇ ਕਿਸੇ ਹੋਰ ਲਹਿਰ ਵਿਚ ਵਾਪਰਿਆ ਹੋਵੇ।

ਤਿੰਨ ਚਾਰ ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਖਾੜਕੂ ਸੰਘਰਸ਼ ਪੂਰੇ ਜ਼ੋਰਾਂ 'ਤੇ ਸੀ ਤਾਂ ਆਪਣੇ ਆਪ ਨੂੰ ਸਮੇਂ ਦੀ ਖਾੜਕੂ ਤਾਕਤ ਦਾ ਹਿੱਸਾ ਸਮਝਣ ਵਾਲੇ ਕੁਝ ਵੀਰ ਸਾਨੂੰ ਕੋਟ ਲਖਪਤ ਜੇਲ੍ਹ ਵਿਚ ਮਿਲਣ ਲਈ ਆਏ। ਉਨ੍ਹਾਂ ਦਿਨਾਂ ਵਿਚ ਹੀ ਇਕ ਖਾੜਕੂ ਗਰੁੱਪ ਵਲੋਂ ਇਕ ਅਜਿਹੀ ਕਾਰਵਾਈ ਹੋਈ ਸੀ, ਜਿਸ ਵਿਚ ਇਕ ਪਰਿਵਾਰ ਦੇ ਅੱਠ ਜੀਅ, ਜਿਨ੍ਹਾਂ ਵਿਚ ਇਕ ਚੰਦ ਮਹੀਨੇ ਦੀ ਬੱਚੀ ਤੇ ਇਕ ਅੱਸੀ ਸਾਲ ਦੀ ਬਿਰਧ ਔਰਤ ਕਤਲ ਕਰ ਦਿੱਤੇ ਗਏ ਸਨ।

ਮੈਂ ਇਸ ਕਾਰਵਾਈ ਸਬੰਧੀ ਚਰਚਾ ਛੇੜ ਲਈ। ਮੇਰੇ ਇਕ ਸਾਥੀ ਨਾਲ ਗੱਲਾਂ ਕਰਦਿਆਂ, ਮੁਲਾਕਾਤ ਕਰਨ ਆਇਆ ਉਹ 'ਖਾੜਕੂ ਆਗੂ' ਮਾਣ ਨਾਲ ਕਹਿੰਦਾ, "ਅਜਿਹੀਆਂ ਕਾਰਵਾਈਆਂ ਨਾਲ ਖਾੜਕੂਆਂ ਦੇ ਨਾਂ ਦੀ ਇਕ ਅਜਿਹੀ ਦਹਿਸ਼ਤ ਪੈਦਾ ਹੋ ਗਈ ਹੈ ਕਿ ਹਵਾ ਵੀ ਸਾਡੇ ਕੋਲੋਂ ਦੀ ਪੁੱਛੇ ਬਿਨਾਂ ਨਹੀਂ ਲੰਘਦੀ।" ਉਸ ਦੀ ਇਹ ਗੱਲ ਸੁਣ ਕੇ ਮੇਰੇ ਤੋਂ ਰਿਹਾ ਨਾ ਗਿਆ। ਫਿਰ ਸਾਡਾ ਵਿਚਕਾਰ ਬਹਿਸ ਮੁਬਾਹਸਾ ਜਿਹਾ ਹੋ ਗਿਆ। ਜਦੋਂ ਇਸ ਭਾਈ ਕੋਲ ਮੇਰੇ ਤਰਕ ਦਾ ਜਵਾਬ ਨਾ ਰਿਹਾ ਤਾਂ ਉਨ੍ਹਾਂ ਇਹ ਕਹਿ ਕੇ ਗੱਲ ਮੁਕਾਈ ਕਿ ਅਸੀਂ ਅਜਿਹੀਆਂ ਕਾਰਵਾਈਆਂ ਨੂੰ ਠੀਕ ਤਾਂ ਨਹੀਂ ਕਹਿੰਦੇ, ਪਰ ਕਦੇ-ਕਦੇ ਇਰਾਦਾ ਨਾ ਹੋਣ ਦੇ ਬਾਵਜੂਦ ਵੀ ਇਹ ਹੋ ਜਾਂਦੀਆਂ ਹਨ।

ਇਸ ਮੁਲਾਕਾਤ ਤੋਂ ਬਾਅਦ ਇਨ੍ਹਾਂ ਵੀਰਾਂ ਨੇ ਸਾਡੇ ਬਾਰੇ ਕਈ ਚੰਗੀਆਂ-ਮਾੜੀਆਂ ਗੱਲਾਂ ਕੀਤੀਆਂ, ਜੋ ਘੁੰਮ ਫਿਰ ਕੁਝ ਦਿਨਾਂ ਬਾਅਦ ਮੇਰੇ ਤਕ ਪਹੁੰਚੀਆਂ। ਇਹ ਗੱਲਾਂ ਸੁਣ ਕੇ ਦੁੱਖ ਹੋਇਆ। ਆਪਣੀਆਂ ਮਜਬੂਰੀਆਂ ਦਾ ਸ਼ਿੱਦਤ ਨਾਲ ਅਹਿਸਾਸ ਹੋਇਆ ਤੇ ਪ੍ਰਤੀਕਰਮ ਵੀ ਜਾਗਿਆ। ਇਨ੍ਹਾਂ ਗੱਲਾਂ ਦੇ ਪ੍ਰਤੀਕਰਮ ਵਿਚ ਮੈਂ ਉਦੋਂ ਇਕ ਕਵਿਤਾ ਲਿਖੀ ਸੀ, ਜਿਸ ਦਾ ਸਿਰਲੇਖ ਰੱਖਿਆ ਸੀ, "ਮਿੱਤਰਾਂ ਨਾਲ ਕੁਝ ਗੱਲਾਂ"। ਇਸ ਕਵਿਤਾ ਨੂੰ ਇਸ ਮਜ਼ਮੂਨ ਦੇ ਹਿੱਸੇ ਵਜੋਂ ਕੌਮ ਨਾਲ ਸਾਂਝਾ ਕਰਦੇ ਹੋਏ, ਆਪਣੀ ਗੱਲ ਖ਼ਤਮ ਕਰਾਂਗਾ। ਜੋ ਕੁਝ ਮੈਂ ਉਦੋਂ ਕਿਹਾ ਸੀ, ਜੇ ਸਾਡੇ ਇਨ੍ਹਾਂ ਵੀਰਾਂ ਨੇ ਉਸ 'ਤੇ ਅਮਲ ਕੀਤਾ ਹੁੰਦਾ, ਤਾਂ ਲਹਿਰ ਨਾਲ ਅੱਜ ਜੋ ਦੁਖਾਂਤ ਵਾਪਰਿਆ ਹੈ, ਨਾ ਵਾਪਰਦਾ। ਅੱਜ ਮੈਂ ਕਵਿਤਾ ਇਸ ਲਈ ਕੌਮ ਨਾਲ ਸਾਂਝੀ ਕਰ ਰਿਹਾ ਹਾਂ ਕਿ ਬੀਤੇ ਵਕਤ ਦੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖ ਕੇ, ਆਪਣੇ ਠੀਕ-ਗ਼ਲਤ ਹੋਣ ਦਾ ਫੈਸਲਾ ਕੀਤਾ ਜਾ ਸਕੇ ਤੇ ਆਉਣ ਵਾਲੇ ਵਕਤ ਨੂੰ ਸੰਵਾਰਿਆ ਜਾ ਸਕੇ।

ਪਹਿਲਾਂ, ਖਾੜਕੂ ਧਿਰ ਦੇ ਸਮੇਂ ਦੇ ਆਗੂਆਂ ਨੇ, ਆਪਣੀ ਤਾਕਤ ਬਾਰੇ ਗ਼ਲਤ ਅੰਦਾਜ਼ੇ ਲਗਾ ਕੇ ਗਲਤੀਆਂ ਕੀਤੀਆਂ ਜਿਸ ਕਾਰਨ ਅੱਜ ਦਾ ਦੁਖਾਂਤ

ਵਾਪਰਿਆ। ਮੈਂ ਨਹੀਂ ਚਾਹੁੰਦਾ ਕਿ ਅੱਜ ਜਮਹੂਰੀ ਧਿਰ ਦੇ ਆਗੂ, ਆਪਣੇ ਬਾਰੇ ਗ਼ਲਤ ਅੰਦਾਜ਼ੇ ਲਗਾ ਕੇ ਨਵੀਆਂ ਗਲਤੀਆਂ ਕਰਨ, ਤੇ ਆਉਣ ਵਾਲੇ ਵਕਤ ਵਿਚ ਇਕ ਹੋਰ ਦੁਖਾਂਤ ਕੌਮ ਦਾ ਮੁਕੱਦਰ ਬਣੇ:

ਮਿੱਤਰੋ! ਤੁਸੀਂ ਮੇਹਣਾ ਮਾਰਿਆ ਹੈ,
ਕਿ ਅਸੀਂ ਕੁਝ ਕਰਨ ਜੋਗੇ ਨਹੀਂ ਰਹੇ।
ਇਸੇ ਲਈ ਅਲੋਚਨਾ ਕਰਦੇ ਹਾਂ।
ਤੁਸੀਂ ਇਹ ਵੀ ਕਹਿੰਦੇ ਹੋ,
ਕਿ ਅਸੀਂ, ਅੱਜ ਦੀ ਹਕੀਕਤ ਤੋਂ ਅਣਜਾਣ,
ਬੀਤੇ ਵਕਤ ਦੀਆਂ ਯਾਦਾਂ 'ਚ ਤਰਦੇ ਹਾਂ।
ਤੁਹਾਡਾ ਕਹਿਣਾ ਹੈ,
ਕਿ ਅਸੀਂ ਕੁਝ ਨਹੀਂ ਕਰਦੇ।
ਜੰਗ ਦੇ ਦਾਓ ਪੇਚ ਨਹੀਂ ਪਛਾਣਦੇ।
ਤੁਹਾਡੀ ਸਲਾਹ ਹੈ,
ਕਿ ਅਸੀਂ ਚੁੱਪ ਰਹੀਏ,
ਦੇਖੀਏ, ਤੇ ਸਿਰਫ ਦੇਖੀਏ।
ਜ਼ੁਬਾਨ ਤੋਂ ਕੁਝ ਨਾ ਕਹੀਏ।
ਸਮੇਂ ਦੇ ਘੋੜੇ 'ਤੇ ਸਵਾਰ ਮੇਰੇ ਮਿੱਤਰੋ!
ਤੁਸੀਂ ਬਿਲਕੁਲ ਸੱਚ ਕਹਿੰਦੇ ਹੋ।
ਕਿਉਂਕਿ ਤਾਕਤ ਤਾਂ ਕਦੇ ਝੂਠ ਹੁੰਦੀ ਹੀ ਨਹੀਂ।
ਤੇ ਤੁਸੀਂ ਕਲਾਸ਼ਨ ਕੋਫਾਂ ਨਾਲ ਉਠਦੇ ਬਹਿੰਦੇ ਹੋ।
ਪਰ ਤੁਹਾਨੂੰ ਇਹ ਭੁੱਲਣਾ ਨਹੀਂ ਚਾਹੀਦਾ,
ਕਿ ਜਿਸ ਰਾਹ 'ਤੇ ਤੁਰ ਕੇ,
ਤੁਸੀਂ 'ਕਲਾਸ਼ਨਕੋਫਾਂ' ਚੁੱਕਣ ਜੋਗੇ ਹੋਏ ਹੋ,
ਇਹ ਰਾਹ ਸਾਡਾ ਹੀ ਬਣਾਇਆ ਹੋਇਆ ਹੈ।
ਅਤੇ ਜਿਸ 'ਨਕਸ਼ੇ' ਨੂੰ ਚੁੱਕ,
ਤੁਸੀਂ ਅੱਜ ਬਾਹਾਂ ਉਲਾਰ ਰਹੇ ਹੋ,
ਇਹ ਨਕਸ਼ਾ ਸਾਡਾ ਹੀ ਵਾਹਿਆ ਹੋਇਆ ਹੈ।
ਜਦੋਂ ਅਸੀਂ ਹਥਿਆਰ ਚੁੱਕੇ ਸੀ,
ਉਦੋਂ ਤੁਸੀਂ ਨੀਂਦ ਤੋਂ ਜਾਗੇ ਵੀ ਨਹੀਂ ਸੀ।
ਜਦੋਂ ਅਸੀਂ ਅਸਮਾਨਾਂ ਨੂੰ ਛੂਹ ਰਹੇ ਸੀ,
ਤੁਸੀਂ ਕਿਤੇ ਲਾਗੇ ਵੀ ਨਹੀਂ ਸੀ।

ਅੱਜ ਸਾਡੇ ਹੱਥਾਂ ਵਿਚ ਹੱਥਕੜੀਆਂ ਨੇ
ਏਸੇ ਲਈ ਹਥਿਆਰ ਨਹੀਂ।
ਕਲਮ ਤਾਂ ਹੈ,
ਕੀ ਹੋਇਆ ਜੇ ਤਲਵਾਰ ਨਹੀਂ।
ਅਸੀਂ ਤਾਂ ਹਰ ਹਾਲ ਵਿਚ ਜੰਗ ਲੜੀ ਹੈ,
ਕਦੇ ਕਲਮ ਨਾਲ, ਕਦੇ ਤਲਵਾਰ ਨਾਲ।
ਜੋ ਸਿਰ, ਤਲਵਾਰ ਦੇ ਵਾਰ ਨਾਲ ਨਹੀਂ ਲਹੇ,
ਅਸੀਂ ਉਹ ਵੀ ਲਾਹੇ ਨੇ ਕਲਮ ਦੇ ਵਾਰ ਨਾਲ।
ਪਰ ਕਿਤੇ ਇਹ ਨਾ ਸੋਚਿਓ,
ਕਿ ਸਾਨੂੰ ਤਲਵਾਰ ਚੁੱਕਣੀ ਭੁੱਲ ਗਈ ਹੈ।
ਵਕਤ ਆਣ ਦਿਓ,
ਤੁਹਾਡਾ ਇਹ ਭਰਮ ਮੁੜ ਲਾਹ ਦਿਆਂਗੇ।
ਕਲਮ ਤੋਂ ਤਲਵਾਰ ਕਿਵੇਂ ਬਣਦੀ ਹੈ,
ਦਿਖਾ ਦਿਆਂਗੇ।
ਇਹ ਵੀ ਸੁਣ ਲਓ, ਕਿ ਅਸੀਂ,
ਉਸ ਦਿਨ ਦੀ ਇੰਤਜ਼ਾਰ ਵਿਚ ਚੁੱਪ ਨਹੀਂ ਬਹਿਣਾ।
ਤੁਹਾਡੇ ਠੀਕ ਨੂੰ ਠੀਕ ਤਾਂ ਕਹਾਂਗੇ ਹੀ,
ਤੁਹਾਡੇ ਗਲਤ ਨੂੰ, ਗਲਤ ਵੀ ਹੈ ਕਹਿਣਾ।
ਜੰਗ ਸਿਰਫ 'ਕਲਾਸ਼ਨਕੋਫਾਂ' ਨਾਲ ਹੀ ਨਹੀਂ ਜਿੱਤੀ ਜਾਂਦੀ,
ਕਲਾਸ਼ਨਕੋਫਾਂ ਦਾ ਕੰਮ ਤਾਂ,
ਦੱਬੇ ਹੋਏ ਜਜ਼ਬਾਤਾਂ ਨੂੰ ਆਵਾਜ਼ ਦੇਣਾ ਹੈ।
ਜਾਂ ਫਿਰ ਜਾਬਰ ਦਾ ਮੂੰਹ ਸੀਣਾ ਹੈ।
ਜਿਹੜੀਆਂ ਕਲਾਸ਼ਨਕੋਫਾਂ,
ਔਰਤਾਂ, ਬੱਚਿਆਂ ਦਾ ਲਹੂ ਪੀਣ ਲੱਗ ਜਾਣ,
ਵਿਚਾਰਾਂ ਦੇ ਫਰਕ ਨੂੰ ਗੱਦਾਰੀ ਦਾ ਨਾਂ ਦੇ ਕੇ,
ਅਸਹਿਮਤ ਜ਼ੁਬਾਨਾਂ ਸੀਣ ਲੱਗ ਜਾਣ।
ਉਨ੍ਹਾਂ ਨਾਲ ਧਰਮ ਨਹੀਂ ਰਹਿੰਦਾ।
ਉਹ ਅਧਰਮ ਦੀ ਨਿਸ਼ਾਨੀ ਬਣ ਜਾਂਦੀਆਂ ਨੇ।
ਉਹ ਫਿਰ ਹੱਕਾਂ ਦੀਆਂ ਰਖਵਾਲੀਆਂ ਨਹੀਂ,
ਵਹਿਸ਼ੀਪੁਣੇ ਦਾ ਹਥਿਆਰ ਅਖਵਾਉਂਦੀਆਂ ਨੇ।
ਤੁਸੀਂ ਵੀਰ ਹੋ, ਮਿੱਤਰ ਹੋ,

ਆਪਣੇ ਹੀ ਹੋ!
ਇਸੇ ਲਈ ਕਹਿੰਦਾ ਹਾਂ,
ਵਿਚਾਰਾਂ ਦਾ ਪੱਲਾ ਨਾ ਛੱਡੋ!
ਜੋ ਮਿਠਾਸ, ਗੁਰੂ ਨੇ ਘੋਲ ਕੇ,
ਅੰਮ੍ਰਿਤ ਦੇ ਬਾਟੇ 'ਚ ਦਿੱਤੀ ਸੀ,
ਹਿਰਦੇ ਦੇ ਬਾਟੇ 'ਚੋਂ,
ਉਹ ਮਿਠਾਸ ਨਾ ਕੱਢੋ!

"ਸਿੱਖ ਗੁਰੂ ਸਾਹਿਬਾਂ ਨੂੰ ਰਾਮ ਚੰਦਰ ਜੀ ਦੀ ਔਲਾਦ ਵਿੱਚੋਂ ਸਾਬਤ ਕਰਕੇ ਅਸੀਂ ਕਿਤੇ 'ਵਿਸ਼ਵ ਹਿੰਦੂ ਪ੍ਰੀਸ਼ਦ' ਵਾਲਿਆਂ ਨੂੰ ਬਾਬਰੀ ਮਸਜਿਦ ਤੋਂ ਬਾਅਦ ਹਰਿਮੰਦਰ ਸਾਹਿਬ ਯਾਨੀ ਦਰਬਾਰ ਸਾਹਿਬ ਉਤੇ ਕਬਜ਼ਾ ਕਰਨ ਲਈ ਸੱਦਾ ਤਾਂ ਨਹੀਂ ਦੇ ਰਹੇ?"

ਬਿਪਰ ਸੰਸਕਾਰ

ਅੱਜ ਕੱਲ੍ਹ ਮੈਂ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ 'ਸਹਿਜੇ ਰਚਿਓ ਖਾਲਸਾ' ਪੜ੍ਹ ਰਿਹਾ ਹਾਂ। ਮਹਿਬੂਬ ਸਾਹਿਬ 'ਸਹਿਜੇ ਰਚਿਓ ਖਾਲਸਾ' ਦੇ ਸਫਾ 696 ਉਤੇ ਲਿਖਦੇ ਹਨ, "ਬਿਪਰ ਸੰਸਕਾਰ ਨੇ ਆਪਣੇ ਪੈਦਾ ਕੀਤੇ ਕਰਮ ਕਾਂਡ, ਦ੍ਰਿਸ਼ਟੀਕੋਣ ਅਤੇ ਇਤਿਹਾਸ ਰਾਹੀਂ ਸਿੱਖ ਜੀਵਨ ਨੂੰ ਇਸ ਹੱਦ ਤਕ ਜਕੜਿਆ ਹੋਇਆ ਹੈ ਕਿ ਸਿੱਖ ਚੇਤਨਾ ਦੀ ਧਾਰਾ ਪੁਰਾਣਿਕ ਪਦਾਰਥਵਾਦ ਅਤੇ ਉਸ ਉਤੇ ਬਣੇ ਹੋਰ ਵਹਿਮ, ਵਰਣ ਵੰਡ ਦੇ ਮਹੌਲ ਤੋਂ ਬਾਹਰ ਨਾ ਨਿਕਲ ਸਕੀ।" ਮਹਿਬੂਬ ਸਾਹਿਬ ਬਚਿੱਤਰ ਨਾਟਕ ਨੂੰ ਦਸਮ ਪਾਤਸ਼ਾਹ ਦੀ ਬਾਣੀ ਨਹੀਂ ਮੰਨਦੇ ਅਤੇ ਇਸ ਸਬੰਧੀ ਉਨ੍ਹਾਂ ਦਾ ਤਰਕ ਬਹੁਤ ਪ੍ਰਭਾਵਿਤ ਕਰਨ ਵਾਲਾ ਹੈ।

ਬਚਿਤਰ ਨਾਟਕ ਵਿੱਚ ਜਿਵੇਂ ਸਿੱਖ ਗੁਰੂ ਸਾਹਿਬਾਂ ਨੂੰ 'ਬੇਦੀ ਸੋਢੀ' ਕੁੱਲ

ਦੇ ਆਧਾਰ 'ਤੇ ਰਾਮ ਚੰਦਰ ਜੀ ਦੇ ਪੁੱਤਰਾਂ 'ਲਵ ਕੁਸ਼' ਨਾਲ ਜੋੜਿਆ ਗਿਆ ਹੈ, ਇਸ ਨਾਲ ਗੁਰੂ ਸਾਹਿਬਾਂ ਦੇ ਸਤਿਕਾਰ ਵਿਚ ਵਾਧਾ ਨਹੀਂ, ਸਗੋਂ ਅਪਮਾਨ ਕੀਤਾ ਗਿਆ ਮਹਿਸੂਸ ਹੁੰਦਾ ਹੈ। ਕੁਝ ਸਿੱਖ ਸੰਪਰਦਾਵਾਂ ਅੱਜ ਵੀ ਗੁਰੂ ਸਾਹਿਬਾਂ ਦੇ ਇਸ ਤਰ੍ਹਾਂ ਦੇ ਅਪਮਾਨ ਵਿੱਚ ਭਾਗੀਦਾਰ ਬਣ ਰਹੀਆਂ ਹਨ।

ਮਹਿਬੂਬ ਸਾਹਿਬ ਦੀ "ਬਿਪਰ ਸੰਸਕਾਰ" ਵਾਲੀ ਕਿਤਾਬ ਪੜ੍ਹਦਿਆਂ, 'ਇੰਡੋ ਕੈਨੇਡੀਅਨ ਟਾਈਮਜ਼' ਵਿਚ ਮਹੀਨਾ ਕੁ ਪਹਿਲਾਂ ਪੜਿਆ ਇਕ ਲੇਖ ਯਾਦ ਆ ਗਿਆ। 23 ਫਰਵਰੀ 1990 ਦੇ ਇਸ ਅੰਕ ਵਿਚ, "ਬਾਬਰੀ ਮਸਜਿਦ 'ਤੇ ਕਬਜ਼ਾ ਘੱਟ-ਗਿਣਤੀਆਂ ਨੂੰ ਹੜੱਪਣ ਦਾ ਢੰਗ" ਨਾਮੀ ਲੇਖ ਦੇ ਇਹ ਲਫਜ਼ ਸਿੱਖ ਜਗਤ ਦੇ ਧਿਆਨ ਦੀ ਮੰਗ ਕਰਦੇ ਹਨ, "ਅਗਰ ਮਾਮਲੇ ਉਪਰ ਗੌਰ ਨਾਲ ਝਾਤੀ ਮਾਰੀ ਜਾਵੇ ਤਾਂ ਪਤਾ ਲੱਗੇਗਾ ਕਿ ਸਰਕਾਰ ਇਸ ਮਸਲੇ ਨੂੰ ਹੌਲੀ-ਹੌਲੀ ਤਿਕੋਣਾ ਬਣਾਈ ਜਾ ਰਹੀ ਹੈ ਜਾਂ ਫਿਰ ਖ਼ੁਦ-ਬਖ਼ੁਦ ਇਹ ਮਸਲਾ ਤਿਕੋਣਾ ਬਣਦਾ ਜਾ ਰਿਹਾ ਹੈ। ਇਸ ਮਸਲੇ ਵਿਚ ਤੀਜੀ ਧਿਰ ਸਿੱਖਾਂ ਨੂੰ ਬਣਾਇਆ ਜਾ ਰਿਹਾ ਹੈ। ਦਿੱਲੀ ਦੇ ਇਕ ਸਿੱਖ ਪਾਰਲੀਮੈਂਟ ਮੈਂਬਰ ਦੇ ਬਿਆਨ ਨੂੰ ਬੜਾ ਉਛਾਲਿਆ ਜਾ ਰਿਹਾ ਹੈ ਕਿ ਇਸ ਮਸਲੇ ਵਿਚ (ਭਾਵ ਬਾਬਰੀ ਮਸਜਿਦ ਰਾਮ ਜਨਮ ਭੂਮੀ) ਸਿੱਖਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਸ ਨੇਤਾ ਦਾ ਬਿਆਨ ਹੈ ਕਿ ਸਿੱਖਾਂ ਦਾ ਸਬੰਧ ਲਵ-ਕੁਸ਼ ਨਾਲ ਮੰਨਿਆ ਜਾਂਦਾ ਹੈ, ਇਸ ਲਈ ਇਸ ਮਸਲੇ 'ਤੇ ਸਿੱਖਾਂ ਦੀ ਰਾਇ ਲੈਣੀ ਬਹੁਤ ਜ਼ਰੂਰੀ ਹੈ"।

ਕਿਸੇ ਸਿੱਖ ਪਾਰਲੀਮੈਂਟ ਮੈਂਬਰ ਦਾ ਇਹ ਬਿਆਨ ਆਪਣੇ-ਆਪ ਵਿਚ ਕੋਈ ਇਕੱਲੀ ਆਵਾਜ਼ ਨਹੀਂ। ਬਿਪਰ ਸੰਸਕਾਰਾਂ ਦੇ ਪ੍ਰਭਾਵ ਹੇਠ ਇਸ ਵਿਸ਼ਵਾਸ ਦੀਆਂ ਜੜ੍ਹਾਂ ਸਿੱਖਾਂ ਦੇ ਇਕ ਵਰਗ ਵਿੱਚ ਕਾਫੀ ਡੂੰਘੀਆਂ ਲੱਗੀਆਂ ਹੋਈਆਂ ਹਨ। ਇਸ ਵਿਸ਼ੇ 'ਤੇ ਮੈਂ ਇੱਥੇ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਣਾ, ਜਿਹੜੇ ਵੀਰ ਵਿਸਥਾਰ ਵਿੱਚ ਪੜ੍ਹਨਾ ਚਾਹੁੰਦੇ ਹੋਣ, ਮੈਂ ਉਨ੍ਹਾਂ ਨੂੰ ਪ੍ਰੋ. ਮਹਿਬੂਬ ਦੀ ਕਿਤਾਬ 'ਸਹਿਜੇ ਰਚਿਓ ਖਾਲਸਾ' ਦਾ 'ਬਿਪਰ ਸੰਸਕਾਰ' ਵਾਲਾ ਭਾਗ ਪੜ੍ਹਨ ਦੀ ਸਲਾਹ ਦਿਆਂਗਾ। ਮੈਂ ਤਾਂ ਇੱਥੇ ਇੰਨੀ ਹੀ ਅਰਜ਼ ਕਰਨੀ ਹੈ ਕਿ ਬਿਪਰ ਸੰਸਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਸਾਨੂੰ ਬਹੁਤ ਤਕੜਾ ਹੰਭਲਾ ਮਾਰਨ ਦੀ ਲੋੜ ਹੈ, ਨਹੀਂ ਤਾਂ ਕਿਤੇ ਇਹ ਨਾ ਹੋਵੇ ਕਿ 'ਬਹੁਸੰਮਤੀ ਹਿੰਦੂ ਭਾਰਤ' ਤੋਂ ਆਪਣੀ ਵਿਲੱਖਣ ਕੌਮੀ ਹੋਂਦ ਸਥਾਪਿਤ ਕਰਦੇ-ਕਰਦੇ ਅਸੀਂ ਕਿਸੇ ਨਵੀਂ 'ਬਹੁਸੰਮਤੀ ਹਿੰਦੂ ਰਿਆਸਤ' ਦੀ ਸਿਰਜਣਾ ਹੀ ਨਾ ਕਰ ਬੈਠੀਏ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਸਿੱਖ ਗੁਰੂ ਸਾਹਿਬਾਂ ਨੂੰ ਰਾਮ ਚੰਦਰ ਜੀ ਦੀ ਔਲਾਦ ਵਿੱਚੋਂ ਸਾਬਤ ਕਰਕੇ ਅਸੀਂ ਕਿਤੇ 'ਵਿਸ਼ਵ ਹਿੰਦੂ ਪ੍ਰੀਸ਼ਦ' ਵਾਲਿਆਂ ਨੂੰ ਬਾਬਰੀ ਮਸਜਿਦ ਤੋਂ ਬਾਅਦ ਹਰਿਮੰਦਰ ਸਾਹਿਬ ਯਾਨੀ ਦਰਬਾਰ ਸਾਹਿਬ ਉਤੇ ਕਬਜ਼ਾ ਕਰਨ ਲਈ ਸੱਦਾ ਤਾਂ ਨਹੀਂ ਦੇ ਰਹੇ?

"ਇਹ ਠੀਕ ਹੈ ਕਿ ਇਸ ਦੌਰ ਵਿਚ ਕੇਸਾਧਾਰੀ ਸਿੱਖਾਂ ਦੀ ਗਿਣਤੀ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। ਡੋਗਰਿਆਂ ਅਤੇ ਪੂਰਬੀਆਂ ਨੇ ਹੀ ਕੇਸ ਦਾੜ੍ਹੀ ਨਹੀਂ ਰੱਖੇ, ਸਗੋਂ ਰਾਜ ਦੇ ਯੂਰਪੀਅਨ ਮੁਲਾਜ਼ਮਾਂ ਨੇ ਵੀ ਹਾਕਮਾਂ ਦੀ ਖੁਸ਼ੀ ਹਾਸਿਲ ਕਰਨ ਲਈ ਦਾੜ੍ਹੀਆਂ ਰੱਖ ਲਈਆਂ, ਪਰ ਇਸਦੇ ਬਾਵਜੂਦ ਸਿੱਖ ਸਭਿਆਚਾਰ ਇਸ ਦੌਰ ਵਿਚ ਵਿਕਸਤ ਨਹੀਂ ਹੋ ਸਕਿਆ। ਹਿੰਦੂ ਰੀਤੀ-ਰਿਵਾਜ਼ਾਂ ਦਾ ਪ੍ਰਭਾਵ ਰਾਜ ਘਰਾਣੇ ਉਤੇ ਜ਼ਰੂਰਤ ਤੋਂ ਬਹੁਤ ਜ਼ਿਆਦਾ ਸੀ, ਜਿਸ ਦੀ ਇਸਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ, ਹਰ ਇਕ ਦੀ ਚਿਤਾ ਨਾਲ ਕਈ-ਕਈ ਔਰਤਾਂ ਸਤੀ ਹੁੰਦੀਆਂ ਰਹੀਆਂ, ਜਦੋਂਕਿ ਗੁਰਬਾਣੀ ਵਿਚ ਇਸ ਹਿੰਦੂ ਪ੍ਰੰਪਰਾ ਦੀ ਸਖਤ ਮੁਖਾਲਫਤ ਮਿਲਦੀ ਹੈ।"

29 ਮਾਰਚ 1849 ਇਕ ਸੂਰਜ ਡੁੱਬ ਗਿਆ

29 ਮਾਰਚ, 1849, ਇਕ ਸੂਰਜ ਡੁੱਬਣ ਦਾ ਦਿਨ ਹੈ। ਉਹ ਸੂਰਜ, ਜਿਸ ਦੇ ਡੁੱਬਣ ਨਾਲ ਸਿੱਖ ਇਤਿਹਾਸ ਦੇ ਰੌਸ਼ਨ ਵਰਕਿਆਂ ਉਤੇ ਹਨੇਰਾ ਛਾ ਗਿਆ ਸੀ। ਉਹ ਸੂਰਜ, ਜਿਸਦੇ ਡੁੱਬਣ ਨਾਲ ਸਰਦਾਰਾਂ ਦੀ ਇਕ ਕੌਮ, ਗ਼ੁਲਾਮੀ ਦੀਆਂ ਸੰਗਲਾਂ ਵਿਚ ਜਕੜੀ ਗਈ ਸੀ। ਇਸ ਦਿਨ ਡੁੱਬੇ ਸੂਰਜ ਨੂੰ ਰੌਸ਼ਨੀ ਦਾ ਪੁੰਜ ਬਣਨ ਤੋਂ ਪਹਿਲਾਂ ਲਹੂ ਦੇ ਅਨੇਕਾਂ ਦਰਿਆ ਤਰਨੇ ਪਏ ਸਨ ਅਤੇ ਇਸ ਨੇ ਵੇਲੇ ਦੀ ਲਾਲੀ ਵੀ ਸ੍ਰ. ਸ਼ਾਮ ਸਿੰਘ ਅਟਾਰੀ ਵਰਗੇ ਅਨੇਕਾਂ ਸਿੰਘਾਂ ਦੇ ਲਹੂ ਤੋਂ ਲਈ ਸੀ।

ਉਹ ਸੂਰਜ, ਜਿਸ ਨੂੰ ਚੜ੍ਹਨ ਲੱਗਿਆਂ 1699 ਤੋਂ 1799 ਤਕ, ਇਕ ਸੌ ਸਾਲ ਦਾ ਸਮਾਂ ਲੱਗਾ ਸੀ, ਜਿਸ ਦਾ ਤੇਜ ਚਾਲੀ ਸਾਲ ਦੇ ਸਮੇਂ (1799-1839) ਵਿਚ ਦੂਰ-ਦੂਰ ਤਕ ਫੈਲ ਗਿਆ ਸੀ, ਉਸਨੂੰ ਇਤਿਹਾਸ ਦੇ ਡੂੰਘੇ

ਹਨੇਰਿਆਂ ਵਿਚ ਗਰਕ ਹੋਣ ਲੱਗਿਆਂ ਕੇਵਲ ਦਸ ਸਾਲ (1839-1849) ਹੀ ਲੱਗੇ। ਇਤਨੇ ਤੇਜੱਸਵੀ ਸੂਰਜ ਦਾ ਇੰਨੇ ਥੋੜ੍ਹੇ ਸਮੇਂ ਵਿੱਚ ਹੀ ਗਰਕ ਹੋ ਜਾਣਾ, ਕੀ ਆਪਣੇ ਸਮੇਂ ਦੀ ਸੁਭਾਵਿਕ ਇਤਿਹਾਸਕ ਪ੍ਰਕਿਰਿਆ ਸੀ? ਕੀ ਇਹ ਅੰਗਰੇਜ਼ਾਂ ਦੀ ਕੂਟਲ ਨੀਤੀ ਸੀ? ਕੀ ਗ਼ੱਦਾਰਾਂ ਦੀ ਗ਼ਦਾਰੀ ਸੀ? ਕੀ ਸਿੱਖ ਲੀਡਰਸ਼ਿਪ ਦੀ ਕਮਜ਼ੋਰੀ ਸੀ? ਜਾਂ ਇਹ ਕੁਝ ਹੋਰ ਸੀ? ਆਓ ਇਸ ਦਿਨ ਨੂੰ ਇਨ੍ਹਾਂ ਸਵਾਲੀਆ ਚਿੰਨ੍ਹਾਂ ਵਿੱਚੋਂ ਲੰਘਾਉਂਦੇ ਹੋਏ ਯਾਦ ਕਰੀਏ।

ਕੁਝ ਵੀਰਾਂ ਦੀ ਇਹ ਰਾਏ ਹੈ ਕਿ ਪੁਰਾਤਨ ਸਿੱਖ ਇਤਿਹਾਸ ਦੀਆਂ ਸ਼ਖ਼ਸੀਅਤਾਂ ਉਤੇ ਕਿਸੇ ਕਿਸਮ ਦਾ ਕਿੰਤੂ ਨਹੀਂ ਕੀਤਾ ਜਾਣਾ ਚਾਹੀਦਾ। ਮੇਰੀ ਸੋਚ ਇਸ ਰਾਏ ਨਾਲ ਨਹੀਂ ਮਿਲਦੀ। ਮੇਰੇ ਖਿਆਲ ਵਿਚ ਪੁਰਾਤਨ ਅਤੇ ਨਵੀਨ ਸਿੱਖ ਇਤਿਹਾਸ ਦੀ ਹਰ ਸਿਰਜਣਾਤਮਕ ਸ਼ਖ਼ਸੀਅਤ ਦਾ ਪੂਰਾ-ਪੂਰਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਪਰ ਆਪਣੀਆਂ ਗ਼ਲਤੀਆਂ ਦੀ ਪੜਚੋਲ ਨਾ ਕਰਨਾ ਜਾਂ ਉਸ ਸਬੰਧੀ ਅੱਖਾਂ ਬੰਦ ਕਰਕੇ ਰੱਖਣਾ, ਕਿਸੇ ਤਰ੍ਹਾਂ ਵੀ ਕੌਮੀ ਹਿੱਤ ਵਿਚ ਨਹੀਂ ਹੋ ਸਕਦਾ। ਕੋਈ ਵੀ ਸ਼ਖ਼ਸੀਅਤ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦੀ, ਠੀਕ ਨੂੰ ਠੀਕ ਕਿਹਾ ਜਾਣਾ ਚਾਹੀਦਾ ਹੈ ਤੇ ਗ਼ਲਤ ਦੀ ਉਸਾਰੂ ਆਲੋਚਨਾ ਹੋਣੀ ਚਾਹੀਦੀ ਹੈ। ਗ਼ਲਤੀਆਂ ਦੀ ਨਿਸ਼ਾਨਦੇਹੀ, ਉਨ੍ਹਾਂ ਨੂੰ ਦਰੁੱਸਤ ਕਰਨ ਦੀ ਇੱਛਾ ਪੈਦਾ ਕਰਦੀ ਹੈ। ਤੇ ਇਹ ਇੱਛਾ ਹੀ ਆਉਣ ਵਾਲੇ ਵਕਤ ਦੀਆਂ ਸਫਲਤਾਵਾਂ ਦਾ ਆਧਾਰ ਬਣਦੀ ਹੈ। "ਭੁੱਲਣ ਅੰਦਰ ਸਭ ਕੋ ਅਭੁੱਲ ਗੁਰੂ ਕਰਤਾਰ"।

1699 ਦੀ ਵਿਸਾਖੀ ਨੂੰ ਦਸਮ ਪਾਤਿਸ਼ਾਹ ਵਲੋਂ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਿੱਖਾਂ ਨੂੰ ਸਿੰਘ ਬਣਾਉਣ ਨਾਲ ਖਾਲਸੇ ਦੇ ਰੂਪ ਵਿਚ ਇਕ ਨਵੀਂ ਕੌਮ ਦੀ ਸਿਰਜਣਾ ਸੰਪੂਰਨ ਹੁੰਦੀ ਹੈ। ਇਸ ਦਿਨ ਤੋਂ ਸਿੱਖ ਲਹਿਰ ਸੰਘਰਸ਼ ਦੇ ਇਕ ਨਵੇਂ ਦੌਰ ਵਿਚ ਦਾਖਲ ਹੁੰਦੀ ਹੈ। ਹੁਣ ਉਸਦਾ ਸੰਘਰਸ਼ ਅਕਾਲ ਪੁਰਖ ਦੀ ਫੌਜ ਦਾ ਸੰਘਰਸ਼ ਹੈ, ਅਕਾਲ ਪੁਰਖ ਦੀ ਖ਼ਲਕਤ ਉਤੇ ਜ਼ੁਲਮ ਢਾਹੁਣ ਵਾਲਿਆਂ ਦੇ ਵਿਰੁੱਧ। ਜ਼ੁਲਮ ਦੀ ਪ੍ਰਤੀਕ ਇੱਥੇ ਦਿੱਲੀ ਦੀ ਮੁਗ਼ਲੀਆ ਹਕੂਮਤ ਹੈ ਅਤੇ ਦਲ ਖਾਲਸਾ ਉਸ ਦੇ ਵਿਰੁੱਧ ਮਜ਼ਲੂਮ ਖ਼ਲਕਤ ਦੀਆਂ ਭਾਵਨਾਵਾਂ ਅਤੇ ਅਕਾਲ ਪੁਰਖ ਦੀ ਰਜ਼ਾ ਦਾ ਪ੍ਰਤੀਕ ਬਣ ਕੇ ਖੜ ਰਿਹਾ ਹੈ। ਇਹ ਸੰਘਰਸ਼ ਕੌਮੀ ਮੁਕਤੀ ਦਾ ਸੰਘਰਸ਼ ਹੈ। ਇਹ ਜੰਗ ਕੌਮੀ ਮੁਕਤੀ *(Liberation)* ਦੀ ਜੰਗ ਹੈ। ਇਕ ਸੌ ਸਾਲ ਦੇ ਲੰਮੇ ਦੌਰ ਵਿਚ ਫੈਲੀ ਆਜ਼ਾਦੀ ਦੀ ਜੰਗ।

12 ਮਈ 1710, 'ਚੱਪੜ ਚਿੜੀ' ਦੀ ਜੰਗ ਵਿੱਚ ਫਤਿਹ ਹਾਸਿਲ ਕਰਨ ਤੋਂ ਬਾਅਦ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਖਾਲਸੇ ਦਾ

ਸਰਹਿੰਦ ਉਤੇ ਕਬਜ਼ਾ ਹੁੰਦਾ ਹੈ ਅਤੇ ਬਾਜ ਸਿੰਘ ਸਰਹਿੰਦ ਪਹਿਲੇ ਸਿੱਖ ਗਵਰਨਰ ਥਾਪੇ ਜਾਂਦੇ ਹਨ। ਪੰਜਾਬ ਦੀ ਇਸ ਧਰਤੀ ਉਤੇ ਪਹਿਲੇ ਖਾਲਸਾ ਰਾਜ ਦੀ ਨੀਂਹ ਰੱਖ ਦਿੱਤੀ ਜਾਂਦੀ ਹੈ, ਜਿਸ ਦੀ ਰਾਜਧਾਨੀ ਸਢੌਰੇ ਨੇੜੇ 'ਮੁਖਲਿਸਪੁਰ' ਨੂੰ ਬਣਾਇਆ ਜਾਂਦਾ ਹੈ। ਗੁਰੂ ਦੇ ਨਾਂ ਦੀਆਂ ਮੋਹਰਾਂ ਤੇ ਸਿੱਕੇ ਜਾਰੀ ਹੁੰਦੇ ਹਨ।

ਮੋਹਰ ਉਪਰ ਉਕੱਰੇ ਸ਼ਬਦ ਸਨ-
"ਦੇਗੋ ਤੇਗੋ ਫ਼ਤਿਹ ਨੁਸਰਤ ਬੇ-ਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"

ਅਤੇ ਸਿੱਕੇ ਉਤੇ ਉਕਰੇ ਸ਼ਬਦ ਇਹ ਸਨ-
"ਸਿੱਕਾ ਜ਼ਦ ਬਰਹਰ ਦੋ ਆਲਮ
ਤੇਗਿ ਨਾਨਕ ਸਾਹਿਬ ਅਸਤ
ਫ਼ਤਿਹ ਗੋਬਿੰਦ ਸਿੰਘ ਸ਼ਾਹ ਸ਼ਾਹਾਨ
ਸੱਚਾ ਸਾਹਿਬ ਅਸਤ"

7 ਦਸੰਬਰ, 1715 ਨੂੰ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਸਣੇ ਗੁਰਦਾਸ ਨੰਗਲ ਦੇ ਕਿਲ੍ਹੇ 'ਚੋਂ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਅਤੇ ਪਹਿਲਾ ਖਾਲਸਾ ਰਾਜ ਆਪਣੇ ਪੰਜ ਸਾਲਾ ਦੌਰ ਦੀਆਂ ਅਨੇਕਾਂ ਲੋਕ ਭਲਾਈ ਦੀਆਂ ਯਾਦਾਂ ਛੱਡ ਕੇ ਸਮਾਪਤ ਹੋ ਜਾਂਦਾ ਹੈ। 9 ਜੂਨ, 1716 ਨੂੰ ਦਿੱਲੀ ਵਿਚ ਬੰਦਾ ਸਿੰਘ ਬਹਾਦਰ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪਹਿਲਾਂ ਉਸਦੇ ਨਾਲ ਗ੍ਰਿਫਤਾਰ ਕਰਕੇ ਲਿਆਂਦੇ ਗਏ ਉਸਦੇ 740 ਸਾਥੀਆਂ ਨੂੰ ਸ਼ਹੀਦ ਕੀਤਾ ਜਾਂਦਾ ਹੈ। ਪਰ ਲਹੂ ਦੇ ਦਰਿਆਵਾਂ ਨੂੰ ਚੀਰਦਾ ਖਾਲਸੇ ਦਾ ਸਫਰ ਜਾਰੀ ਰਹਿੰਦਾ ਹੈ।

ਜੁਝਾਰੂ ਸਿੰਘਾਂ ਦੇ ਜਥਿਆਂ ਦਾ ਉਭਾਰ, ਸਿੰਘਾਂ ਦੀਆਂ ਦੂਰ-ਦੂਰ ਤਕ ਮਾਰਾਂ ਅਤੇ ਲਾਹੌਰ ਦੇ ਹਾਕਮਾਂ ਦੀ ਨੀਂਦ ਹਰਾਮ ਕਰ ਦੇਣੀ, ਲਾਹੌਰ ਦੇ ਗਵਰਨਰ ਵਲੋਂ ਸਿੰਘਾਂ ਨੂੰ ਨਵਾਬੀ ਦੀ ਪੇਸ਼ਕਸ਼, ਨਵਾਬੀ ਦਾ ਪਹਿਲਾਂ ਠੁਕਰਾਇਆ ਜਾਣਾ ਤੇ ਫਿਰ ਕਬੂਲਿਆ ਜਾਣਾ ਅਤੇ ਕਪੂਰ ਸਿੰਘ ਦੀ ਅਗਵਾਈ ਵਿਚ ਸਿੰਘਾਂ ਦੇ ਵਧਦੇ ਹੋਏ ਕਦਮਾਂ ਨਾਲ ਸਿੱਖ ਇਤਿਹਾਸ ਅੱਗੇ ਵਧਦਾ ਹੈ।

"ਚਿੱਠੀ ਲਿਖੇ ਸਿੰਘ ਬੋਤਾ, ਹੱਥ ਹੈ ਸੋਟਾ ਵਿੱਚ ਰਾਹ ਖਲੋਤਾ

ਆਨਾ ਲਾਇਆ ਗੱਡੇ ਨੂੰ ਤੇ ਪੈਸਾ ਲਾਇਆ ਖੋਤਾ
ਆਖੋ ਭਾਈ ਖਾਨੋ ਨੂੰ ਯੂੰ ਕਹੇ ਹੈ ਸਿੰਘ ਬੋਤਾ"

ਇਹ ਵੀ ਇਕ ਉਦਾਹਰਣ ਹੈ, ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਵਲੋਂ ਸਰਾਏ ਨੂਰਦੀਨ ਦੇ ਕੋਲ ਜੀ. ਟੀ. ਰੋਡ ਉਤੇ ਸਥਾਪਿਤ ਕੀਤੀ ਗਈ ਇਕ ਚਿੰਨ੍ਹਾਤਮਕ ਖਾਲਸਾ ਹਕੂਮਤ ਦੀ, ਜੋ ਉਨ੍ਹਾਂ ਦੋਹਾਂ ਸੂਰਬੀਰਾਂ ਦੀ ਸ਼ਹਾਦਤ ਤਕ ਕਾਇਮ ਰਹੀ।

10 ਮਾਰਚ, 1746 ਨੂੰ ਲਾਹੌਰ ਦੇ ਗਵਰਨਰ ਯਹੀਆ ਖਾਨ ਅਤੇ ਦੀਵਾਨ ਲੱਖਪਤ ਰਾਏ ਦੇ ਦੌਰ ਵਿਚ ਸਿੱਖਾਂ ਦੇ ਕਤਲੇਆਮ ਦਾ ਹੁਕਮ। ਜੂਨ 1746 ਵਿੱਚ ਕਾਹਨੂਵਾਨ ਦੇ ਜੰਗਲਾਂ ਤੋਂ ਸ੍ਰੀ ਹਰਗੋਬਿੰਦਪੁਰ ਤਕ ਛੋਟਾ ਘੱਲੂਘਾਰਾ ਜਾਂ ਸਿੱਖਾਂ ਦੇ ਵਹਿ ਰਹੇ ਲਹੂ ਦੀ ਧਾਰਾ, ਕੁਝ ਵੀ ਕਹਿ ਲਵੋ ਅਰਥ ਉਹੀ ਰਹਿਣਗੇ।

1748 ਦੀ ਵਿਸਾਖੀ, ਸਿੱਖ ਸਰਦਾਰਾਂ ਦਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਠ, ਨਵਾਬ ਕਪੂਰ ਸਿੰਘ ਜੀ ਵਲੋਂ 65 ਜਥਿਆਂ ਨੂੰ ਗਿਆਰਾਂ ਮਿਸਲਾਂ ਦੇ ਰੂਪ ਵਿਚ ਨਵੇਂ ਸਿਰਿਓਂ ਜਥੇਬੰਦ ਕੀਤਾ ਜਾਣਾ। ਸਾਰੀਆਂ ਮਿਸਲਾਂ ਦੀ ਸਾਂਝੀ ਸ਼ਕਤੀ ਤੇ ਇਕੱਠ ਨੂੰ 'ਦਲ ਖਾਲਸਾ' ਦਾ ਨਾਂ ਦਿੱਤਾ ਜਾਣਾ ਅਤੇ ਦਲ ਖਾਲਸਾ ਦੀ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ ਜਾਣੀ। ਬਾਹਰਵੀਂ ਮਿਸਲ ਫੂਲਕੀਆਂ ਵਾਲੇ ਸਰਦਾਰਾਂ ਦੀ ਸੀ। ਸਿੱਖ ਸੰਘਰਸ਼ ਦੀ ਨਿਰੰਤਰਤਾ ਹਰ ਹਾਲਤ ਵਿਚ ਕਾਇਮ ਰਹਿੰਦੀ ਹੈ।

1748 ਤੋਂ 1768 ਤਕ ਅਹਿਮਦ ਸ਼ਾਹ ਅਬਦਾਲੀ ਵਲੋਂ ਪੰਜਾਬ ਉਤੇ ਦਸ ਹਮਲੇ, ਦਿੱਲੀ ਦੇ ਤਖਤ ਦਾ ਜੇਤੂ ਘੋੜਿਆਂ ਦੀਆਂ ਕਾਠੀਆਂ 'ਤੇ ਵਾਸ ਕਰਨ ਵਾਲੇ ਬਾਦਸ਼ਾਹਤ ਦੇ ਦਾਅਵੇਦਾਰ ਬਾਗੀਆਂ ਹੱਥੋਂ ਪ੍ਰੇਸ਼ਾਨ। ਅਬਦਾਲੀ ਦੇ ਛੇਵੇਂ ਹਮਲੇ ਦੌਰਾਨ, 5 ਫਰਵਰੀ, 1762 ਨੂੰ ਬਰਨਾਲੇ ਨੇੜੇ ਸਿੱਖਾਂ ਦਾ ਕਤਲੇਆਮ, ਜਿਸ ਨੂੰ ਇਤਿਹਾਸ ਨੇ ਵੱਡੇ ਘੱਲੂਘਾਰੇ ਦਾ ਨਾਂ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਗਈ, ਸਰੋਵਰ ਪੂਰ ਦਿੱਤਾ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ ਗਿਆ। ਇਸ ਸਭ ਕੁਝ ਦੇ ਬਾਵਜੂਦ ਸੰਘਰਸ਼ ਜਾਰੀ ਰਿਹਾ, ਜਾਰੀ ਹੀ ਨਹੀਂ ਰਿਹਾ, ਉਸ ਨੇ ਨਵੀਆਂ ਸਿਖਰਾਂ ਛੋਹੀਆਂ।

ਕੇਵਲ ਚੰਦ ਮਹੀਨੇ ਬਾਅਦ, 17 ਅਕਤੂਬਰ, 1762 ਨੂੰ 6,000 ਸਿੱਘਾਂ

ਦਾ ਦੀਵਾਲੀ ਦੇ ਮੌਕੇ ਫੇਰ ਅੰਮ੍ਰਿਤਸਰ ਵਿੱਚ ਇਕੱਠ ਅਤੇ ਅਹਿਮਦ ਸ਼ਾਹ ਅਬਦਾਲੀ ਤੋਂ ਬਦਲਾ ਲੈਣ ਦਾ ਫੈਸਲਾ। ਸਿੱਖਾਂ ਦੇ ਇਕੱਠ ਦੀ ਖਬਰ ਸੁਣ ਕੇ ਅਬਦਾਲੀ ਦਾ ਅੰਮ੍ਰਿਤਸਰ ਉਤੇ ਫਿਰ ਹਮਲਾ ਅਤੇ ਇਸ ਵਾਰ ਹਿੰਦ ਦੇ ਜੇਤੂ ਦਾ ਸਿੰਘਾਂ ਹੱਥੋਂ ਸ਼ਿਕਸਤ ਖਾ ਕੇ ਪਰਤਣਾ। ਦ੍ਰਿੜ੍ਹਤਾ ਦੇ ਇਸ ਦਲੇਰ ਮੁਜ਼ਾਹਰੇ ਦੀ ਮਿਸਾਲ ਜੇ ਅਸੰਭਵ ਨਹੀਂ ਤਾਂ ਔਖੀ ਜ਼ਰੂਰ ਹੈ।

ਇਸ ਦੌਰ ਵਿਚ ਵੀ ਲਾਹੌਰ ਸਿੰਘਾਂ ਦੀ ਮਾਰ ਤੋਂ ਬਾਹਰ ਨਹੀਂ ਰਿਹਾ। ਨਵੰਬਰ 1761 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਸਿੰਘਾਂ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸੁਲਤਾਨ-ਉਲ-ਕੌਮ ਦਾ ਖਿਤਾਬ ਹਾਸਿਲ ਕੀਤਾ ਤੇ ਨਾਨਕਸ਼ਾਹੀ ਸਿੱਕੇ ਜਾਰੀ ਕੀਤੇ।

1764 ਤੋਂ 1798 ਤਕ ਦੇ ਦੌਰ ਨੂੰ ਸਿੱਖ ਇਤਿਹਾਸ ਵਿੱਚ ਅਸੀਂ ਮਿਸਲਾਂ ਦੀ ਸਰਦਾਰੀ ਦਾ ਦੌਰ ਆਖ ਸਕਦੇ ਹਾਂ, ਜਦੋਂ ਜਮਨਾ ਤੋਂ ਜਿਹਲਮ ਤਕ ਦਾ ਇਲਾਕਾ 12 ਸਿੱਖ ਮਿਸਲਾਂ ਦੀ ਸਰਦਾਰੀ ਵਿੱਚ ਆ ਚੁੱਕਾ ਸੀ। 19 ਅਕਤੂਬਰ, 1797 ਨੂੰ ਕਾਬਲ ਦੇ ਤਖਤ ਉਤੇ ਅਬਦਾਲੀ ਦੇ ਵਾਰਿਸ ਸ਼ਾਹ ਜ਼ਮਾਨ ਨੇ ਸਿੱਖਾਂ ਨੂੰ ਆਪਣੀ ਅਧੀਨਗੀ ਵਿੱਚ ਲਿਆ ਕੇ ਪੰਜਾਬ ਉਤੇ ਆਪਣੀ ਪ੍ਰਭੂਸਤਾ ਕਾਇਮ ਕਰਨ ਲਈ ਆਖਰੀ ਹੱਲਾ ਕੀਤਾ। ਕਈ ਲੜਾਈਆਂ ਅਤੇ ਸਮਝੌਤਿਆਂ ਦੀ ਕੋਸ਼ਿਸ਼ ਤੋਂ ਬਾਅਦ, ਆਪਣੇ ਮਕਸਦ ਵਿਚ ਅਸਫਲ ਹੋ ਕੇ ਬਹੁਤ ਬੇਬਸੀ ਦੀ ਹਾਲਤ ਵਿਚ ਸ਼ਾਹ ਜ਼ਮਾਨ ਜਨਵਰੀ 1799 ਵਿਚ ਮੁੜ ਕਦੇ ਨਾ ਪਰਤਣ ਲਈ, ਪੰਜਾਬ ਤੋਂ ਕਾਬਲ ਲਈ ਰਵਾਨਾ ਹੋ ਗਿਆ। 5 ਜਨਵਰੀ, 1799 ਨੂੰ ਸਿੰਘ ਲਾਹੌਰ ਉਤੇ ਫਿਰ ਕਾਬਜ਼ ਹੋ ਗਏ ਅਤੇ ਇਸ ਤਰ੍ਹਾਂ ਫੈਸਲਾਕੁੰਨ ਰੂਪ ਵਿੱਚ ਪੰਜਾਬ ਉਤੇ ਸਿੱਖਾਂ ਦੀ ਸਰਦਾਰੀ ਸਥਾਪਿਤ ਹੋ ਗਈ।

ਇਸ ਤੋਂ ਬਾਅਦ ਸ਼ੁਕਰਚਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਦੀ ਚੜ੍ਹਤ ਦਾ ਦੌਰ ਸ਼ੁਰੂ ਹੁੰਦਾ ਹੈ। 6 ਜੁਲਾਈ, 1799 ਨੂੰ ਸਰਦਾਰ ਰਣਜੀਤ ਸਿੰਘ ਨੇ ਭੰਗੀ ਮਿਸਲ ਦੇ ਸਰਦਾਰਾਂ ਕੋਲੋਂ ਲਾਹੌਰ ਦਾ ਕਬਜ਼ਾ ਹਾਸਿਲ ਕੀਤਾ ਅਤੇ ਫਿਰ 1801 ਵਿਚ ਬਾਬਾ ਸਾਹਿਬ ਸਿੰਘ ਬੇਦੀ ਵਲੋਂ ਰਾਜਗੀ ਦਾ ਤਿਲਕ ਲਗਾਏ ਜਾਣ ਤੋਂ ਬਾਅਦ "ਮਹਾਰਾਜ" ਦਾ ਖਿਤਾਬ ਧਾਰਨ ਕੀਤਾ। ਇਸ ਦਿਨ ਸਥਾਪਤ ਹੋਈ ਹਕੂਮਤ ਨੂੰ 'ਸਰਕਾਰ ਖਾਲਸਾ' ਦਾ ਨਾਂ ਦਿੱਤਾ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਨੂੰ "ਸਰਕਾਰ" ਸ਼ਬਦ ਨਾਲ ਸੰਬੋਧਿਤ ਕੀਤਾ

ਜਾਣ ਲੱਗਾ ਅਤੇ ਇੰਝ ਪੰਜਾਬ ਦੀ ਧਰਤੀ ਉਤੇ ਨਾਨਕਸ਼ਾਹੀ ਸਿੱਕਿਆਂ ਦੀ ਮਾਲਕੀ ਸਥਾਪਿਤ ਹੋ ਗਈ। ਇਸਦੇ ਨਾਲ ਹੀ "ਸਰਕਾਰ ਖਾਲਸਾ" ਦੀਆਂ ਜਿੱਤਾਂ ਅਤੇ ਖਾਲਸਾ ਰਾਜ ਦੀਆਂ ਸਰਹੱਦਾਂ ਦੇ ਪਸਾਰ ਦਾ ਸਿਲਸਿਲਾ ਆਰੰਭ ਹੋ ਗਿਆ।

ਖਾਲਸਾ ਰਾਜ ਦੀਆਂ ਹੱਦਾਂ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਤੋਂ ਚਿੰਤਤ ਹੋ ਕੇ ਬਰਤਾਨਵੀ ਹਕੂਮਤ ਵਲੋਂ ਫਰਵਰੀ 1809 ਵਿਚ ਸਤਲੁਜ ਪਾਰ ਦੀਆਂ ਰਿਆਸਤਾਂ ਨੂੰ ਆਪਣੀ ਸੁਰੱਖਿਆ ਵਿਚ ਲੈਣ ਦਾ ਐਲਾਨ ਕੀਤਾ ਗਿਆ। 25 ਅਪ੍ਰੈਲ 1809 ਨੂੰ ਮਹਾਰਾਜਾ ਰਣਜੀਤ ਸਿੰਘ ਤੇ ਬਰਤਾਨਵੀ ਗਵਰਨਰ ਜਨਰਲ ਵਿਚਕਾਰ ਸੰਧੀ ਹੋਣ ਤੋਂ ਬਾਅਦ ਸਤਲੁੱਜ ਦਰਿਆ ਦੋਹਾਂ ਹਕੂਮਤਾਂ ਵਿੱਚ ਸਰਹੱਦ ਤਹਿ ਹੋ ਗਈ।

ਬਰਤਾਨਵੀ ਹਿੰਦ ਨਾਲ ਸਤਲੁਜ ਦਰਿਆ ਹੱਦ ਤਹਿ ਹੋਣ ਤੋਂ ਬਾਅਦ ਖਾਲਸਾ ਰਾਜ ਦਾ ਪਸਾਰ ਸਤਲੁਜ ਨੂੰ ਛੱਡ ਕੇ ਬਾਕੀ ਸਭ ਦਿਸ਼ਾਵਾਂ ਵਿਚ ਜਾਰੀ ਰਿਹਾ। 24 ਅਗਸਤ, 1809 ਨੂੰ ਨੈਪਾਲੀ ਜਰਨੈਲ ਅਮਰ ਸਿੰਘ ਥਾਪਾ ਨੂੰ ਹਰਾ ਕੇ ਕਾਂਗੜਾ ਉਤੇ ਫਤਿਹ ਹਾਸਲ ਕਰਨ ਉਪਰੰਤ ਸਿੱਖ ਫੌਜਾਂ ਖਰਾਜ ਲੈ ਕੇ ਵਾਪਸ ਪਰਤ ਆਈਆਂ ਅਤੇ ਫਰਵਰੀ 1818 ਵਿਚ ਮੁਲਤਾਨ ਨੂੰ ਇਕ ਵਾਰ ਫਿਰ ਫਤਿਹ ਕਰਕੇ ਪੂਰੀ ਤਰ੍ਹਾਂ ਖਾਲਸਾ ਰਾਜ ਵਿੱਚ ਸ਼ਾਮਿਲ ਕਰ ਲਿਆ ਗਿਆ। 4 ਜੁਲਾਈ, 1819 ਨੂੰ ਖਾਲਸਾ ਫੌਜਾਂ ਜੇਤੂ ਰੂਪ ਵਿਚ ਸ੍ਰੀਨਗਰ ਵਿੱਚ ਦਾਖਲ ਹੋਈਆਂ ਅਤੇ ਇਸ ਤਰ੍ਹਾਂ ਕਸ਼ਮੀਰ ਦੀ ਫਤਿਹ ਮੁਕੰਮਲ ਹੋਈ।

26 ਅਕਤੂਬਰ, 1831 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਹਿੰਦ ਦੇ ਬਰਤਾਨਵੀ ਗਵਰਨਰ ਜਨਰਲ ਵਿਲੀਅਮ ਬੈਂਟਿਕ ਨਾਲ ਰੋਪੜ ਦੇ ਮੁਕਾਮ 'ਤੇ ਮੁਲਾਕਾਤ ਹੋਈ। ਇਹ ਮੁਲਾਕਾਤ ਪੂਰਨ ਤੌਰ 'ਤੇ ਆਜ਼ਾਦ ਦੋ ਹਕੂਮਤਾਂ ਦੇ ਆਗੂਆਂ ਦੀ ਬਰਾਬਰੀ ਦੇ ਆਧਾਰ 'ਤੇ ਹੋਈ ਸੀ।

ਅਕਤੂਬਰ 1838 ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਬਰਤਾਨਵੀ ਹਿੰਦ ਦੇ ਗਵਰਨਰ ਜਨਰਲ ਲਾਰਡ ਆਕਲੈਂਡ ਵਿਚਕਾਰ ਮੁਲਾਕਾਤ ਹੋਈ। ਇਸ ਮੁਲਾਕਾਤ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਪ੍ਰਭੂਸਤਾ ਸੰਪਨ ਦੇਸ਼ ਦੇ ਹੁਕਮਰਾਨ ਵਜੋਂ ਰਵਾਇਤੀ ਮਾਣ ਸਤਿਕਾਰ ਦਿੱਤਾ ਗਿਆ ਸੀ। ਇਸ ਵੇਲੇ ਤਕ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖਾਲਸਾ ਰਾਜ ਦੀਆਂ ਹੱਦਾਂ ਸਤਲੁਜ ਤੋਂ ਜਮਰੋਦ ਤਕ ਤੇ ਲੱਦਾਖ ਤੋਂ ਸ਼ਿਕਾਰਪੁਰ ਸਿੰਧ ਤਕ ਫੈਲ ਚੁੱਕੀਆਂ ਸਨ।

ਪੂਰਨ ਤੌਰ 'ਤੇ ਸੰਗਠਿਤ, ਤਾਕਤਵਰ ਅਤੇ ਆਜ਼ਾਦ ਖਾਲਸਾ ਰਾਜ ਦਾ ਰਾਜ ਪ੍ਰਮੁੱਖ ਮਹਾਰਾਜਾ ਰਣਜੀਤ ਸਿੰਘ 27 ਜੂਨ, 1839 ਨੂੰ ਅਕਾਲ ਚਲਾਣਾ ਕਰ ਗਿਆ। ਇਕ ਸੌ ਸਾਲ ਦੇ ਖੂਨੀ ਸੰਘਰਸ਼ ਤੋਂ ਬਾਅਦ ਹਜ਼ਾਰਾਂ ਨਹੀਂ ਲੱਖਾਂ ਸਿੱਖਾਂ ਦੀਆਂ ਸ਼ਹਾਦਤਾਂ ਤੋਂ ਬਾਅਦ, ਕਾਇਮ ਹੋਇਆ ਖਾਲਸਾ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾ ਦੌਰ ਵਿਚ ਲਾਹੌਰ ਦੇ ਮੈਦਾਨਾਂ ਤੋਂ ਸ਼ੁਰੂ ਹੋ ਕੇ ਲੱਦਾਖ ਦੀਆਂ ਆਕਾਸ਼ ਨਾਲ ਛੂੰਹਦੀਆਂ ਚੋਟੀਆਂ ਤਕ ਅਪੜਨ ਵਾਲਾ ਖਾਲਸਾ ਰਾਜ, ਮਹਾਰਾਜੇ ਦੇ ਸਵਰਗਵਾਸ ਹੋਣ ਤੋਂ ਬਾਅਦ ਕੇਵਲ ਦਸ ਸਾਲ ਦੇ ਬਹੁਤ ਥੋੜ੍ਹੇ ਜਿਹੇ ਸਮੇਂ ਵਿਚ ਕਿਸੇ ਰੇਤ ਦੇ ਮਹਿਲ ਵਾਂਗ ਕਿਰ ਗਿਆ। ਇਸ ਦਸ ਸਾਲ ਦੇ ਸਮੇਂ ਵਿਚ ਖਾਲਸਾ ਰਾਜ ਦਾ ਅੰਤ ਨੇੜੇ ਲਿਆਉਣ ਲਈ ਇਕ ਤੋਂ ਬਾਅਦ ਦੂਜੀ ਘਟਨਾ ਕੁਝ ਇਸ ਤਰ੍ਹਾਂ ਵਾਪਰਦੀ ਰਹੀ, ਜਿਵੇਂ ਪਹਿਲਾਂ ਤੋਂ ਤਿਆਰ ਕੀਤੇ ਕਿਸੇ ਨਾਟਕ ਨੂੰ ਖੇਡਿਆ ਜਾ ਰਿਹਾ ਹੋਵੇ।

ਅੱਜ ਇਸ ਦੌਰ ਦੀਆਂ ਘਟਨਾਵਾਂ ਬਾਰੇ ਸੋਚਦੇ ਹੋਏ ਅਕਸਰ ਮਨ ਵਿਚ ਆਉਂਦਾ ਹੈ, "ਜੇ ਇੰਝ ਨਹੀਂ ਤੇ ਇੰਝ ਹੋ ਜਾਂਦਾ ਤਾਂ ਇਹ ਹੋ ਜਾਣਾ ਸੀ" ਅਤੇ ਇਸ ਤਰ੍ਹਾਂ ਸੋਚਦੇ ਹੋਏ ਆਪਣੇ ਆਪ ਵਿਚ ਕਚੀਚੀਆਂ ਵੱਟ ਕੇ ਰਹਿ ਜਾਈਦਾ ਹੈ। ਇਕ ਵਿਸ਼ਾਲ ਰਾਜ ਨੂੰ ਉਸਦੇ ਅੰਤ ਵੱਲ ਲਿਜਾਂਦਾ ਘਟਨਾਕ੍ਰਮ ਦੇਖੋ। ਮਹਾਰਾਜਾ ਖੜਕ ਸਿੰਘ ਦਾ ਤਖਤ ਨਸ਼ੀਨ ਹੋਣਾ, ਕੰਵਰ ਨੌਨਿਹਾਲ ਸਿੰਘ ਦਾ ਪਿਤਾ ਨੂੰ ਗੱਦੀ ਤੋਂ ਲਾਹ ਕੇ ਤਖਤ ਸਾਂਭਣਾ, ਮਹਾਰਾਜਾ ਖੜਕ ਸਿੰਘ ਦੀ ਮੌਤ, ਉਸਦੀ ਚਿਤਾ ਨੂੰ ਅੱਗ ਲਾ ਕੇ ਪਰਤਦੇ ਹੋਏ ਰਾਹ ਵਿਚ ਹੀ ਕੰਵਰ ਨੌਨਿਹਾਲ ਸਿੰਘ ਦੀ ਮੌਤ, ਰਾਣੀ ਚੰਦ ਕੌਰ ਤੇ ਮਹਾਰਾਜਾ ਸ਼ੇਰ ਸਿੰਘ ਦੀਆਂ ਹਾਮੀ ਫੌਜਾਂ ਵਿੱਚ ਲਾਹੌਰ 'ਤੇ ਕਬਜ਼ੇ ਲਈ ਖੂਨੀ ਲੜਾਈ, ਮਹਾਰਾਜਾ ਸ਼ੇਰ ਸਿੰਘ ਦਾ ਲਾਹੌਰ 'ਤੇ ਕਬਜ਼ਾ ਤੇ ਸੰਧਾਵਾਲੀਆ ਹੱਥੋਂ ਕਤਲ। ਧਿਆਨ ਸਿੰਘ ਡੋਗਰਾ ਸੰਧਾਵਾਲੀਆ ਹੱਥੋਂ ਕਤਲ ਅਤੇ ਸੰਧਾਵਾਲੀਏ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਹੱਥੋਂ ਕਤਲ। ਪੰਜ ਸਾਲ ਦੀ ਉਮਰ ਵਿਚ ਸ਼ਹਿਜ਼ਾਦਾ ਦਲੀਪ ਸਿੰਘ ਦੀ ਤਖਤ ਨਸ਼ੀਨੀ, ਸਿੱਖ-ਅੰਗਰੇਜ਼ ਜੰਗਾਂ ਅਤੇ 29 ਮਾਰਚ, 1849 ਨੂੰ ਗਿਆਰਾਂ ਸਾਲ ਦੀ ਉਮਰ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਤਖਤ ਤੋਂ ਲਾਹ ਕੇ ਅੰਗਰੇਜ਼ਾਂ ਵਲੋਂ ਪੰਜਾਬ ਉਤੇ ਮੁਕੰਮਲ ਕਬਜ਼ੇ ਦਾ ਐਲਾਨ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ

ਇੱਥੇ ਮੈਂ ਇਕ ਗੱਲ ਕਹਿਣੀ ਚਾਹਾਂਗਾ ਕਿ ਸੰਨ 1799 ਵਿਚ ਲਾਹੌਰ

ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਾਇਮ ਹੋਈ ਹਕੂਮਤ ਨੂੰ, ਮੈਂ ਮਹਾਰਾਜਾ ਰਣਜੀਤ ਸਿੰਘ ਦੀ ਜਾਤੀ ਮਲਕੀਅਤ ਨਹੀਂ ਸਮਝਦਾ। ਇਹ ਸਿੰਘਾਂ ਦੇ ਇਕ ਸੌ ਸਾਲਾ ਸੰਘਰਸ਼ ਤੋਂ ਬਾਅਦ ਕਾਇਮ ਹੋਈ "ਸਰਕਾਰ-ਖਾਲਸਾ" ਸੀ, ਜਿਸ ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਕਰ ਰਿਹਾ ਸੀ। ਇਹ ਸਿੱਖ ਕੌਮ ਦੇ ਅਜ਼ਾਦੀ ਸੰਘਰਸ਼ ਦੀ ਆਖਰੀ ਪੌੜੀ ਸੀ, ਇਸਨੂੰ ਬਾਬਾ ਬੰਦਾ ਸਿੰਘ ਬਹਾਦਰ, ਬੋਤਾ ਸਿੰਘ-ਗਰਜਾ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਦਲ ਖਾਲਸਾ ਦੀ ਕਮਾਂਡ ਹੇਠ ਸਿੱਖ ਮਿਸਲਾਂ ਦੇ ਸੰਘਰਸ਼ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ।

ਖਾਲਸਾ ਰਾਜ ਦੇ ਦੁਖਦਾਈ ਅੰਤ ਦੀ ਗੱਲ, ਇਕ ਸੱਚਾਈ ਹੈ। 18ਵੀਂ ਸਦੀ ਦੇ ਅੰਤ ਵਿਚ ਜਦੋਂ ਸਿੱਖ ਸੰਘਰਸ਼ ਆਪਣੀ ਸਫਲਤਾ ਨੂੰ ਮੁਕੰਮਲ ਅਤੇ ਪੱਕਿਆਂ ਕਰ ਰਿਹਾ ਸੀ, ਉਸ ਵੇਲੇ, 50 ਸਾਲ ਬਾਅਦ ਇਸਦਾ ਅੰਤ ਕਰਨ ਦਾ ਕਾਰਨ ਬਣਨ ਵਾਲੀਆਂ ਕੁਝ ਬੁਰਾਈਆਂ ਵੀ ਪਨਪਣੀਆਂ ਸ਼ੁਰੂ ਹੋ ਗਈਆਂ ਸਨ।

ਸਭ ਤੋਂ ਪਹਿਲੀ ਗੱਲ, ਇਹ ਹਕੂਮਤ ਖਾਲਸਈ ਹਕੂਮਤ ਸੀ --ਖ਼ਾਲਸਈ ਨਿਸ਼ਾਨ ਸਾਹਿਬ ਦੀ ਤਾਬਿਆ ਸੀ, ਨਾਨਕਸ਼ਾਹੀ ਸਿੱਕਿਆਂ ਦੀ ਮਾਲਕੀ ਸੀ, ਪਰ ਇਸਦੇ ਕਾਰ ਵਿਹਾਰ ਵਿਚ ਸਿੱਖ ਸਿਧਾਂਤਾਂ ਦਾ ਦਖਲ ਬਹੁਤ ਘੱਟ ਸੀ। ਸਿੱਖ ਸਿਧਾਂਤਾਂ 'ਤੇ ਆਧਾਰਿਤ ਰਾਜ ਪ੍ਰਣਾਲੀ ਨੂੰ ਵਿਕਸਤ ਕਰਨ ਦੀ ਕੋਈ ਸੰਜੀਦਾ ਕੋਸ਼ਿਸ਼ ਨਹੀਂ ਕੀਤੀ ਗਈ, ਸਗੋਂ ਮੁਗਲ ਦੌਰ ਦੇ ਹਿੰਦੂ ਰਿਆਸਤਾਂ ਦੀ ਰਾਜ ਪ੍ਰਣਾਲੀ ਨੂੰ ਹੀ ਜਾਰੀ ਰੱਖਿਆ ਗਿਆ। ਰਾਜ ਦੀ ਭਾਸ਼ਾ ਵੀ ਫਾਰਸੀ ਹੀ ਬਣੀ ਰਹੀ, ਗੁਰਮੁਖੀ ਦਾ ਆਦਰ ਜ਼ਰੂਰ ਸੀ ਪਰ ਰਾਜ-ਕਾਜ ਦੇ ਮਾਮਲਿਆਂ ਵਿੱਚ ਕੋਈ ਅਸਥਾਨ ਨਹੀਂ ਸੀ।

ਇਹ ਠੀਕ ਹੈ ਕਿ ਇਸ ਦੌਰ ਵਿਚ ਕੇਸਾਧਾਰੀ ਸਿੱਖਾਂ ਦੀ ਗਿਣਤੀ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। ਡੋਗਰਿਆਂ ਅਤੇ ਪੂਰਬੀਆਂ ਨੇ ਹੀ ਕੇਸ ਦਾੜ੍ਹੀ ਨਹੀਂ ਰੱਖੇ, ਸਗੋਂ ਰਾਜ ਦੇ ਯੂਰਪੀਅਨ ਮੁਲਾਜ਼ਮਾਂ ਨੇ ਵੀ ਹਾਕਮਾਂ ਦੀ ਖੁਸ਼ੀ ਹਾਸਿਲ ਕਰਨ ਲਈ ਦਾੜ੍ਹੀਆਂ ਰੱਖ ਲਈਆਂ, ਪਰ ਇਸਦੇ ਬਾਵਜੂਦ ਸਿੱਖ ਸਭਿਆਚਾਰ ਇਸ ਦੌਰ ਵਿਚ ਵਿਕਸਤ ਨਹੀਂ ਹੋ ਸਕਿਆ। ਹਿੰਦੂ ਰੀਤੀ-ਰਿਵਾਜ਼ਾਂ ਦਾ ਪ੍ਰਭਾਵ ਰਾਜ ਘਰਾਣੇ ਉਤੇ ਜ਼ਰੂਰਤ ਤੋਂ ਬਹੁਤ ਜ਼ਿਆਦਾ ਸੀ, ਜਿਸ ਦੀ ਇਸਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਤੇ ਮਹਾਰਾਜਾ ਸ਼ੇਰ

ਸਿੰਘ, ਹਰ ਇਕ ਦੀ ਚਿਤਾ ਨਾਲ ਕਈ-ਕਈ ਔਰਤਾਂ ਸਤੀ ਹੁੰਦੀਆਂ ਰਹੀਆਂ, ਜਦੋਂਕਿ ਗੁਰਬਾਣੀ ਵਿਚ ਇਸ ਹਿੰਦੂ ਪ੍ਰੰਪਰਾ ਦੀ ਸਖਤ ਮੁਖਾਲਫਤ ਮਿਲਦੀ ਹੈ। ਖਾਲਸਾ ਰਾਜ ਦੀ ਸਾਲਾਨਾ ਫੌਜੀ ਪਰੇਡ ਦੁਸਹਿਰੇ ਵਾਲੇ ਦਿਨ ਹੁੰਦੀ ਸੀ, ਜਦੋਂਕਿ ਇਸ ਦਿਨ ਦਾ ਸਿੱਖ ਇਤਿਹਾਸ ਨਾਲ ਕੋਈ ਦੂਰ ਦਾ ਰਿਸ਼ਤਾ ਵੀ ਨਹੀਂ ਹੈ। "ਸਰਕਾਰ-ਖਾਲਸਾ" ਦੇ ਪ੍ਰਮੁੱਖ ਵਲੋਂ "ਜਵਾਲਾ ਦੇਵੀ" ਦੇ ਦਰਬਾਰ ਦੀਆਂ ਹਾਜ਼ਰੀਆਂ ਭਰਨੀਆਂ ਅਤੇ "ਗੰਗਾ ਮਈਆ" ਦੇ ਇਸ਼ਨਾਨ, ਹਿੰਦੂ ਧਰਮ ਅਤੇ ਰੀਤੀ-ਰਿਵਾਜ਼ਾਂ ਦੇ ਕਬੂਲੇ ਗਏ ਪ੍ਰਭਾਵ ਦੀਆਂ ਹੀ ਉਦਾਹਰਣਾਂ ਹਨ। ਦੂਜੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਹੋਣੀ, ਉਨ੍ਹਾਂ ਦਾ ਸਤਿਕਾਰ ਕਰਨਾ ਤਾਂ ਇਕ ਚੰਗਿਆਈ ਹੋ ਸਕਦੀ ਹੈ, ਪਰ ਸਿੱਖ ਸਿਧਾਂਤਾਂ ਦੀ ਕੀਮਤ ਉਤੇ ਉਨ੍ਹਾਂ ਦਾ ਪ੍ਰਭਾਵ ਕਬੂਲਣਾ, ਕਿਸੇ ਖਾਤੇ ਵਿਚ ਨਹੀਂ ਆਉਂਦਾ।

ਰਾਜ ਦਾ ਪੂਰੀ ਤਰ੍ਹਾਂ ਇਕ ਸ਼ਖ਼ਸੀਅਤ ਦੁਆਲੇ ਕੇਂਦ੍ਰਿਤ ਹੋਣਾ ਅਤੇ ਇਕ ਸ਼ਖਸੀਅਤ ਉਤੇ ਨਿਰਭਰ ਹੋਣਾ ਵੀ ਇਸ ਵਿਸ਼ਾਲ ਖਾਲਸਾ ਰਾਜ ਨੂੰ ਬਹੁਤ ਤੇਜ਼ੀ ਨਾਲ ਤਬਾਹੀ ਵੱਲ ਲੈ ਜਾਣ ਦਾ ਕਾਰਨ ਬਣਿਆ। ਰਾਜ ਦਾ ਹਰ ਫੈਸਲਾ ਮਹਾਰਾਜਾ ਰਣਜੀਤ ਸਿੰਘ ਦੀ ਖੁਸ਼ੀ ਅਤੇ ਇੱਛਾ ਤਕ ਸੀਮਤ ਹੋਣ ਕਰਕੇ ਬਹੁਤ ਸਾਰੇ ਮੌਕਾਪ੍ਰਸਤ ਚਾਪਲੂਸ ਕਿਸਮ ਦੇ ਲੋਕ, ਬਹੁਤ ਥੋੜ੍ਹੇ ਸਮੇਂ ਵਿਚ ਹੀ ਇਤਨੇ ਤਾਕਤਵਰ ਹੋ ਗਏ ਕਿ ਕੌਮ ਦਾ ਦਰਦ ਰੱਖਣ ਵਾਲੇ ਸਿੱਖ ਸਰਦਾਰ ਉਨ੍ਹਾਂ ਸਾਹਮਣੇ ਬੇਵੱਸ ਹੋ ਕੇ ਰਹਿ ਗਏ ਸਨ। ਇਸ ਦੀ ਸਭ ਤੋਂ ਵੱਡੀ ਮਿਸਾਲ ਡੋਗਰੇ ਭਰਾ ਹਨ।

1819 ਵਿਚ ਕਸ਼ਮੀਰ ਦੀ ਮੁਹਿੰਮ ਦੌਰਾਨ ਜੰਮੂ ਦੇ ਤਿੰਨ ਡੋਗਰੇ ਭਰਾ ਗੁਲਾਬ ਸਿੰਘ, ਧਿਆਨ ਸਿੰਘ ਤੇ ਸੁਚੇਤ ਸਿੰਘ, ਖਾਲਸਾ ਦਰਬਾਰ ਦੀ ਫੌਜ ਵਿਚ ਸੱਤ ਰੁਪਏ ਮਹੀਨੇ ਉਤੇ ਸਿਪਾਹੀਆਂ ਵਜੋਂ ਭਰਤੀ ਹੋਏ ਸਨ। 1821 ਵਿੱਚ ਜਦ ਮਹਾਰਾਜਾ ਰਣਜੀਤ ਸਿੰਘ ਅਖਨੂਰ ਦੇ ਦੌਰੇ 'ਤੇ ਗਏ, ਉਦੋਂ ਧਿਆਨ ਸਿੰਘ ਡੋਗਰਾ ਉਸ ਦੇ ਜਾਤੀ ਅਮਲੇ ਵਿਚ ਸੀ। 1872 ਵਿਚ ਛਪੀ ਕਿਤਾਬ "ਸ਼ੇਰ-ਏ-ਪੰਜਾਬ" ਦਾ ਲੇਖਕ ਰਾਏ ਕਾਲੀ ਰਾਏ, ਡੋਗਰਾ ਖਾਨਦਾਨ ਦੇ ਤਰੱਕੀ ਕਰਨ ਸਬੰਧੀ ਇਸ ਤਰ੍ਹਾਂ ਲਿਖਦਾ ਹੈ, "ਜੰਮੂ ਵਿੱਚ ਮੀਆਂ ਧਿਆਨ ਸਿੰਘ ਬੇਤਕੱਲੁਫ ਹੋ ਕੇ ਮਹਾਰਾਜੇ ਨੂੰ ਆਪਣੇ ਘਰ ਲੈ ਗਿਆ ਤੇ ਉਸਨੇ ਆਪਣੇ ਘਰ ਦੀਆਂ ਸਭ ਛੋਟੀਆਂ ਵੱਡੀਆਂ ਇਸਤਰੀਆਂ ਨੂੰ ਮਹਾਰਾਜੇ ਨਾਲ ਮਿਲਾਇਆ"। ਤੇ ਇੱਥੋਂ ਇਸ ਖਾਨਦਾਨ ਉਤੇ ਬਖਸ਼ਿਸ਼ਾਂ ਦੀ ਬੁਛਾੜ ਸ਼ੁਰੂ ਹੋਈ ਅਤੇ ਦਿਨਾਂ ਵਿਚ ਹੀ ਤਿੰਨਾਂ ਭਰਾਵਾਂ ਨੂੰ ਰਾਜਗੀ ਦੇ ਖਿਤਾਬ ਤੇ ਜਾਗੀਰਾਂ ਮਿਲ ਗਈਆਂ।

1839 ਵਿਚ ਮਹਾਰਾਜੇ ਦੇ ਸਵਰਗਵਾਸ ਹੋਣ ਸਮੇਂ, ਮੀਆਂ ਧਿਆਨ ਸਿੰਘ ਡੋਗਰਾ ਖਾਲਸਾ ਦਰਬਾਰ ਦਾ ਪ੍ਰਧਾਨ ਮੰਤਰੀ ਸੀ ਅਤੇ ਬਾਕੀ ਦੇ ਭਰਾ ਵੀ ਉਚ ਅਹੁਦਿਆਂ ਤੇ ਵੱਡੀਆਂ ਜਾਗੀਰਾਂ ਦੇ ਮਾਲਿਕ ਸਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ 1819 ਵਿਚ ਸੱਤ ਰੁਪਏ ਮਹੀਨੇ ਉਤੇ ਖਾਲਸਾ ਦਰਬਾਰ ਦੀ ਫੌਜ ਵਿਚ ਨੌਕਰੀ ਕਰਨ ਵਾਲੇ ਧਿਆਨ ਸਿੰਘ ਡੋਗਰਾ ਦਾ ਛੋਟਾ ਭਰਾ ਸੁਚੇਤ ਸਿੰਘ ਡੋਗਰਾ 1844 ਵਿੱਚ ਜਦੋਂ ਆਪਣੇ ਹੀ ਭਤੀਜੇ ਹੀਰਾ ਸਿੰਘ ਹੱਥੋਂ ਕਤਲ ਹੋਇਆ, ਤਾਂ ਉਸਦੀ ਚਿਤਾ ਵਿਚ ਦਸ ਵਿਆਹੁਤਾ ਔਰਤਾਂ ਤੇ 300 ਰਖੇਲਾਂ ਸਤੀ ਹੋਈਆਂ। 1846 ਵਿੱਚ ਅੰਮ੍ਰਿਤਸਰ ਦੀ ਸੰਧੀ ਮੁਤਾਬਕ ਖਾਲਸਾ ਦਰਬਾਰ ਵਿਚ ਮੁਲਾਜ਼ਮਤ ਕਰਨ ਵਾਲਾ ਗੁਲਾਬ ਸਿੰਘ ਡੋਗਰਾ, ਖਾਲਸਾ ਦਰਬਾਰ ਉਪਰ ਪਾਏ ਗਏ ਜੰਗ ਦੇ ਖਰਚੇ ਵਿੱਚੋਂ 75 ਲੱਖ ਰੁਪਏ ਅਦਾ ਕਰਕੇ ਕਸ਼ਮੀਰ ਦੀ ਰਿਆਸਤ ਹਾਸਲ ਕਰਦਾ ਹੈ। ਕਿਹਾ ਇਹ ਜਾਂਦਾ ਹੈ ਕਿ ਖਾਲਸਾ ਦਰਬਾਰ ਇਹ ਰਕਮ ਅਦਾ ਕਰਨ ਦੀ ਸਥਿਤੀ ਵਿਚ ਨਹੀਂ। ਇਹ ਹਕੂਮਤ ਰਕਮ ਅਦਾ ਨਹੀਂ ਕਰ ਸਕਦੀ ਪਰ ਹਕੂਮਤ ਦਾ ਇਕ ਮੁਲਾਜ਼ਮ ਇਹ ਰਕਮ ਅਦਾ ਕਰ ਸਕਦਾ ਹੈ। ਇਤਿਹਾਸ ਦੇ ਇਨ੍ਹਾਂ ਪੰਨਿਆਂ ਉਤੇ ਧਾਹਾਂ ਮਾਰਕੇ ਰੋਣ ਨੂੰ ਜੀਅ ਕਰਦਾ ਹੈ।

ਇਤਿਹਾਸਕਾਰ ਮਹਾਰਾਜਾ ਰਣਜੀਤ ਸਿੰਘ ਦੀਆਂ 21 ਵਿਆਹੁਤਾ ਜਾਂ ਸਥਾਈ ਪਤਨੀਆਂ ਦੇ ਨਾਂ ਦਿੰਦੇ ਹਨ-

1) ਮਹਿਤਾਬ ਕੌਰ 2) ਰਾਜ ਕੌਰ 3) ਰਾਣੀ ਜਿੰਦਾਂ 4) ਰਤਨ ਕੌਰ 5) ਦਯਾ ਕੌਰ 6) ਮਹਿਤਾਬ ਦੇਵੀ 7) ਰਾਜ ਬੰਸੀ 8) ਬੀਬੀ ਮੋਰਾਂ 9) ਗੁੱਲ ਬੇਗਮ 10) ਰੂਪ ਕੌਰ 11) ਚੰਦ ਕੌਰ 12) ਲਛਮੀ 13) ਰਾਜ ਦੇਵੀ 14) ਹਰ ਦੇਵੀ 15) ਦੇਵਨੋ 16) ਰਾਮ ਦੇਵੀ 17) ਰਾਣੀ ਦੇਵੀ 18) ਸੁਮਨ ਕੌਰ 19) ਗੁਲਾਬ ਕੌਰ 20) ਬਨਤ 21) ਦਾਨੋ।

ਆਮ ਤੌਰ 'ਤੇ ਰਾਜਿਆਂ-ਮਹਾਰਾਜਿਆਂ ਦੇ ਮਾਮਲਿਆਂ ਵਿਚ ਬਹੁਤੀਆਂ ਔਰਤਾਂ ਰੱਖਣਾ ਕੋਈ ਬੁਰਾਈ ਨਹੀਂ ਸਮਝੀ ਜਾਂਦੀ। ਅਕਸਰ ਆਪਣੇ ਵੀਰਾਂ ਦੇ ਮੂੰਹੋਂ ਇਹ ਲਫ਼ਜ਼ ਸੁਣੇ ਹਨ, "ਰਾਜੇ-ਮਹਾਰਾਜੇ ਇੰਝ ਕਰਦੇ ਹੀ ਹੁੰਦੇ ਹਨ।" ਸਿੱਖੀ ਵਿਚ ਇਕ ਤੋਂ ਵੱਧ ਸ਼ਾਦੀਆਂ ਵੈਸੇ ਵੀ ਬਹਿਸ ਦਾ ਵਿਸ਼ਾ ਹੈ। ਇਹ ਗੱਲ ਮਹਾਰਾਜਾ ਰਣਜੀਤ ਸਿੰਘ ਤਕ ਹੀ ਸੀਮਤ ਨਹੀਂ, ਕੰਵਰ ਨੌਨਿਹਾਲ ਸਿੰਘ ਦੀ ਬਹੁਤ ਛੋਟੀ ਉਮਰ ਵਿਚ ਤਿੰਨ ਕੁੜੀਆਂ ਨਾਲ ਇਕੱਠਿਆਂ ਸ਼ਾਦੀ ਹੋਈ ਸੀ। ਬਹੁਤੀਆਂ ਰਾਣੀਆਂ ਮਹਿਲਾਤੀ ਸਾਜ਼ਿਸ਼ਾਂ ਦਾ ਮੁੱਢ ਬੰਨ੍ਹਣ ਦਾ ਕਾਰਨ

ਬਣਦੀਆਂ ਨੇ ਅਤੇ ਇਤਿਹਾਸ ਗਵਾਹ ਹੈ ਕਿ ਇਹ ਕਮਜ਼ੋਰੀ ਵੀ ਖਾਲਸਾ ਰਾਜ ਦੇ ਪਤਨ ਦੇ ਕਾਰਨਾਂ ਵਿਚ ਸ਼ਾਮਿਲ ਸੀ।

ਖਾਲਸਾ ਦਰਬਾਰ ਦੀ ਫੁੱਟ ਵੀ ਤੇਜ਼ੀ ਨਾਲ ਪਤਨ ਦਾ ਇਕ ਮੁੱਖ ਕਾਰਨ ਬਣੀ। ਸਿੱਖ ਸਰਦਾਰਾਂ ਦੇ ਆਪਸੀ ਵਿਰੋਧਾਂ ਕਾਰਨ ਹੀ ਦੁਸ਼ਮਣਾਂ ਨੂੰ ਆਪਣੇ ਮਨਸੂਬਿਆਂ ਵਿਚ ਕਾਮਯਾਬੀ ਮਿਲਦੀ ਰਹੀ। ਜਿਸ ਵੀ ਸਿੱਖ ਸਰਦਾਰ ਨੂੰ ਕੌਮ ਦੀ ਨਜ਼ਰ ਵਿੱਚ ਗਿਰਾਉਣਾ ਹੁੰਦਾ ਸੀ, ਉਸ ਬਾਰੇ 'ਅੰਗਰੇਜ਼ਾਂ ਦਾ ਏਜੰਟ' ਹੋਣ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਜਾਂਦਾ ਸੀ। ਅਜਿਹੇ ਪ੍ਰਚਾਰ ਕਰਕੇ ਹੀ ਮਹਾਰਾਜਾ ਖੜਕ ਸਿੰਘ ਆਪਣੇ ਪੁੱਤਰ ਦੇ ਹੱਥੋਂ ਕੈਦ ਹੋਇਆ। ਅਜਿਹੇ ਪ੍ਰਚਾਰ ਕਰਕੇ ਹੀ ਸੰਧਾਵਾਲੀਏ ਸਰਦਾਰ ਪੰਜਾਬ ਛੱਡ ਕੇ ਅੰਗਰੇਜ਼ਾਂ ਦੀ ਪਨਾਹ ਵਿਚ ਗਏ ਤੇ ਉਨ੍ਹਾਂ ਦੇ ਹੱਥੋਂ ਮਹਾਰਾਜਾ ਸ਼ੇਰ ਸਿੰਘ ਦਾ ਕਤਲ ਹੋਇਆ। ਇਸੇ ਫੁੱਟ ਕਾਰਨ ਭਰਾ ਦੇ ਹੱਥੋਂ ਭਰਾ ਤਾਂ ਮਰਦਾ ਰਿਹਾ ਪਰ ਅਸਲ ਦੁਸ਼ਮਣ ਅਖੀਰ ਤਕ ਲੁਕੇ ਰਹੇ।

ਮੇਰੀ ਕੌਮ ਇਹ ਨਾ ਸਮਝੇ ਕਿ ਮੈਂ ਮਹਾਰਾਜਾ ਰਣਜੀਤ ਸਿੰਘ ਦੇ ਗੁਣਾਂ ਦਾ ਕਦਰਦਾਨ ਨਹੀਂ ਹਾਂ। ਮਹਾਰਾਜਾ ਰਣਜੀਤ ਸਿੰਘ ਇਕ ਬਹੁਤ ਵੱਡੇ ਜੇਤੂ ਯੋਧਾ ਸਨ, ਰਣਨੀਤੀ ਵਿਚ ਨਿਪੁੰਨ ਸਨ ਅਤੇ ਹੋਰ ਬਹੁਤ ਸਾਰੇ ਗੁਣਾਂ ਦੇ ਮਾਲਿਕ ਸਨ। ਉਨ੍ਹਾਂ ਨੇ ਇਕ ਮਿਸਲ ਦੀ ਸਰਦਾਰੀ ਤੋਂ ਉੱਠ ਕੇ ਇਕ ਬਹੁਤ ਵਿਸ਼ਾਲ ਹਕੂਮਤ ਕਾਇਮ ਕੀਤੀ ਅਤੇ ਉਸਨੂੰ 'ਸਰਕਾਰ-ਖਾਲਸਾ' ਦਾ ਨਾਂ ਦਿੱਤਾ ਅਤੇ ਪੰਥ ਵੱਲ ਕਦੇ ਵੀ ਪਿੱਠ ਨਹੀਂ ਕੀਤੀ। ਪਰ ਮੇਰੇ ਇਸ ਲੇਖ ਦਾ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਦੀ ਜਾਤ ਨਹੀਂ, ਖਾਲਸਾ ਰਾਜ ਦੇ ਡੁੱਬੇ ਹੋਏ ਸੂਰਜ ਦੀ ਇਕ ਯਾਦ ਹੈ। ਇਹ ਯਾਦ ਸਾਡਾ ਕੌਮੀ ਸਰਮਾਇਆ ਹੈ। ਇਹ ਯਾਦ ਸੁਨਹਿਰੀ ਕੌਮੀ ਭਵਿੱਖ ਲਈ ਸਾਡੀ ਇੱਛਾ ਸ਼ਕਤੀ ਹੈ ਅਤੇ ਇਹ ਯਾਦ ਹੀ ਅੱਜ ਦੀ ਕੌਮੀ ਆਜ਼ਾਦੀ ਲਹਿਰ ਦਾ ਪ੍ਰੇਰਨਾ ਸ੍ਰੋਤ ਹੈ। ਅੱਜ ਫਿਰ ਸਿੱਖ ਕੌਮ ਗਵਾਚੀ ਹੋਈ ਪਛਾਣ, ਗਵਾਚੇ ਹੋਏ ਮਾਣ ਤੇ ਰਾਜ ਭਾਗ ਲਈ ਸੰਘਰਸ਼ ਕਰ ਰਹੀ ਹੈ। ਗੁਰੂ ਮਿਹਰ ਕਰੇ। ਅਸੀਂ ਆਪਣੀਆਂ ਪੁਰਾਣੀਆਂ ਗਲਤੀਆਂ ਨੂੰ ਫਿਰ ਨਾ ਦੁਹਰਾਈਏ।

"ਸਾਡੀ ਨਜ਼ਰ ਵਿਚ "ਇੰਦਰਾ, ਡਿਸਾਈ ਜਾਂ ਚਰਨ, ਵਾਜਪਈ" ਸਭ ਇਕ ਹਨ, ਇਕੋ ਥਾਲੀ ਦੇ ਚੱਟੇ-ਵੱਟੇ। ਅਸੀਂ ਨਾ ਕਦੇ ਇਨ੍ਹਾਂ 'ਚੋਂ ਕਿਸੇ ਤੋਂ ਭਲੇ ਦੀ ਉਮੀਦ ਕੀਤੀ ਹੈ ਨਾ ਕਰਦੇ ਹਾਂ।"

"ਅੱਜ ਪਾਕਿਸਤਾਨ ਉਹ ਪਾਕਿਸਤਾਨ ਨਹੀਂ ਹੈ ਜੋ 1947 ਵਿਚ ਬਣਿਆ ਸੀ। ਪਰ ਹਾਂ, ਉਹ ਭੂਟਾਨ, ਨਿਪਾਲ ਜਾਂ ਸ੍ਰੀਲੰਕਾ ਵੀ ਬਣਨ ਨੂੰ ਤਿਆਰ ਨਹੀਂ।"

"ਇਨ੍ਹਾਂ ਨੇ ਧੌਣਾਂ ਨਹੀਂ, ਜੜ੍ਹਾਂ ਵੱਢਣੀਆਂ ਹਨ। ਸਿੱਖ ਖਾਸ ਤੌਰ 'ਤੇ ਮਾਰ ਹੇਠਾਂ ਰਹਿਣਗੇ, ਕਿਉਂਕਿ ਬਾਦਲ ਜਾਂ ਛੋਟੇ ਬਾਦਲ ਤੋਂ ਇਹ ਉਮੀਦ ਕਰਨੀ ਕਿ ਉਹ ਬੀ ਜੇ ਪੀ ਦੇ ਸ਼ਾਤੁਰ ਘਾਗਾਂ ਦੀਆਂ ਮਾਰਾਂ ਨੂੰ ਸਮਝ ਕੇ ਕੌਮ ਨੂੰ ਉਨ੍ਹਾਂ ਤੋਂ ਸੁਰੱਖਿਅਤ ਰੱਖ ਸਕਣਗੇ, ਮੂਰਖਾਨਾ ਸੋਚ ਤੋਂ ਵੱਧ ਕੀ ਹੋ ਸਕਦਾ ਹੈ। ਅਸਲ ਲੜਾਈ ਅੱਜ ਵੀ ਆਜ਼ਾਦੀ ਪਸੰਦਾਂ ਦੀ ਤੇ ਦਿੱਲੀ ਤਖਤ ਦੇ ਹਾਕਮਾਂ ਵਿਚਕਾਰ ਹੈ।"

ਦਿੱਲੀ ਵਿਚ ਆਈ ਤਬਦੀਲੀ

ਅੰਗਰੇਜ਼ਾਂ ਦੇ ਭਾਰਤੀ ਉਪ-ਮਹਾਂਦੀਪ ਛੱਡ ਕੇ ਜਾਣ ਤੋਂ ਪੰਜਾਹ ਵਰ੍ਹੇ ਬਾਅਦ, ਉਸ ਸੋਚ ਦੇ ਵਾਰਸ ਦਿੱਲੀ ਤਖਤ ਦੇ ਹਾਕਮ ਬਣਨ ਵਿਚ ਕਾਮਯਾਬ ਹੋ ਗਏ ਹਨ, ਜਿਸ ਨੇ ਅਖੌਤੀ "ਰਾਸ਼ਟਰ-ਪਿਤਾ" ਮਹਾਤਮਾ ਗਾਂਧੀ ਦਾ ਕਤਲ ਕੀਤਾ ਸੀ। ਆਰ. ਐਸ੍. ਐਸ੍. ਤੇ ਹਿੰਦੂ ਮਹਾਂਸਭਾ ਦੇ ਸੰਗਮ 'ਚੋਂ ਨਿਕਲੀ "ਜਨ ਸੰਘ" ਜਨਤਾ ਦੌਰ ਵਿਚ ਜਨਤਾਕਰਣ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਮੌਜੂਦਾ ਰੂਪ ਵਿਚ ਸਾਹਮਣੇ ਆਈ ਅਤੇ ਦੋ ਪਾਰਲੀਮੈਂਟਰੀ ਸੀਟਾਂ ਤੋਂ ਦੋ ਸੌ ਦੇ ਕਰੀਬ ਸੀਟਾਂ ਤਕ ਪਹੁੰਚਣ ਵਿਚ ਕਾਮਯਾਬ ਹੋਈ। ਦਿੱਲੀ ਤਖਤ 'ਤੇ ਕਾਬਿਜ਼ ਹੋਣ ਲਈ ਭਾਵੇਂ ਬੀ ਜੇ ਪੀ ਨੂੰ ਕਈ ਰੰਗ-ਬਰੰਗੀਆਂ

ਸਿਆਸੀ ਪਾਰਟੀਆਂ ਤੇ ਵਿਅਕਤੀਆਂ ਦਾ ਸਹਾਰਾ ਲੈਣਾ ਪਿਆ ਹੈ ਤੇ ਇਹਦੇ ਲਈ ਉਨ੍ਹਾਂ ਨੂੰ ਆਪਣੇ ਅਸਲੀ ਚਿਹਰੇ ਨੂੰ ਕਾਫੀ ਤਬਦੀਲ ਕਰਨਾ ਪਿਆ ਹੈ, ਪਰ ਅੰਦਰਲਾ ਸੱਚ ਜਿਓਂ ਦਾ ਤਿਓਂ ਕਾਇਮ ਹੈ ਅਤੇ ਇਸ ਤੋਂ ਉਹ ਇਨਕਾਰੀ ਵੀ ਨਹੀਂ ਹਨ। ਬੀ ਜੇ ਪੀ ਦਾ ਮੈਨੀਫੈਸਟੋ ਤੇ ਉਸਦਾ ਆਰ ਐਸ ਐਸ ਨਾਲ ਰਿਸ਼ਤਾ ਅੰਦਰਲੇ ਸੱਚ ਦੇ ਰੂਪ ਵਿਚ ਕਾਇਮ ਹੈ ਅਤੇ "ਨੈਸ਼ਨਲ ਏਜੰਡਾ" ਤੇ ਨਵੇਂ ਸਹਿਯੋਗੀਆਂ ਨਾਲ ਰਿਸ਼ਤਾ ਉਨ੍ਹਾਂ ਦਾ ਮਜਬੂਰੀਆਂ ਤਹਿਤ ਤਬਦੀਲ ਕੀਤਾ ਚਿਹਰਾ ਹੈ।

ਦਿੱਲੀ ਦਰਬਾਰ ਦੇ ਸਿਆਸੀ ਨਕਸ਼ੇ ਵਿੱਚ ਆਈ ਇਹ ਤਬਦੀਲੀ ਦੂਰ-ਰਸ ਸਿਆਸੀ ਅਸਰਾਤ ਦੀ ਹਾਮਿਲ ਹੈ। ਇਸਦਾ ਅਸਰ ਕੇਵਲ ਭਾਰਤ ਦੇ ਅੰਦਰਵਾਰ ਹੀ ਨਹੀਂ ਰਹੇਗਾ ਸਗੋਂ ਆਲੇ-ਦੁਆਲੇ 'ਤੇ ਵੀ ਜ਼ਰੂਰ ਪਵੇਗਾ। 1947 ਦੀ ਵੰਡ ਤੇ ਅੰਗਰੇਜ਼ਾਂ ਦੇ ਛੱਡ ਕੇ ਜਾਣ ਵੇਲੇ ਉਪ-ਮਹਾਂਦੀਪ ਦੀ ਮਾਲਕੀ ਦੀਆਂ ਦਾਅਵੇਦਾਰ ਮੰਨੀਆਂ ਗਈਆਂ ਤਿੰਨ ਪ੍ਰਮੁੱਖ ਕੌਮਾਂ ਹਿੰਦੂ, ਮੁਸਲਮਾਨ ਤੇ ਸਿੱਖ ਅੱਜ ਵੀ ਆਪੋ-ਆਪਣੇ ਕਾਰਨਾਂ ਕਰਕੇ ਇਸ ਖਿੱਤੇ ਦੀ ਸਿਆਸੀ ਖੇਡ ਦੇ ਅਹਿਮ ਖਿਡਾਰੀ ਹਨ। ਸਿੱਖਾਂ ਦੀ ਲੀਡਰਸ਼ਿਪ 1947 ਵਿਚ ਵੀ ਅਕਾਲੀ ਦਲ ਕੋਲ ਸੀ ਤੇ ਅੱਜ ਵੀ ਅਕਾਲੀ ਦਲ ਕੋਲ ਹੈ। ਮੁਸਲਮਾਨਾਂ ਦੀ ਲੀਡਰਸ਼ਿਪ 1947 ਵਿਚ ਵੀ ਮੁਸਲਿਮ ਲੀਗ ਕੋਲ ਸੀ ਤੇ ਅੱਜ ਫਿਰ ਮੁਸਲਿਮ ਲੀਗ ਕੋਲ ਹੀ ਹੈ ਪਰ ਹਿੰਦੂ ਦੀ ਲੀਡਰਸ਼ਿਪ ਜੋ 1947 ਵਿਚ ਕਾਂਗਰਸ ਕੋਲ ਸੀ, ਅੱਜ ਬੀ ਜੇ ਪੀ ਕੋਲ ਹੈ। ਇਨ੍ਹਾਂ ਤਿੰਨਾਂ ਕੌਮਾਂ ਵਿਚ ਉਸ ਵੇਲੇ ਵੀ ਉਭਰਵੇਂ ਰੂਪ ਵਿਚ ਨਰਮ ਤੇ ਗਰਮ ਮੰਨੇ ਜਾਣ ਵਾਲੇ ਦੋ-ਦੋ ਧੜੇ ਸਨ ਤੇ ਅੱਜ ਵੀ ਦੋ-ਦੋ ਧੜੇ ਹੀ ਹਨ।

1947 ਦੀ ਵੰਡ ਵੇਲੇ ਹਿੰਦੂ ਬਹੁ-ਗਿਣਤੀ ਦੀ ਅਗਵਾਈ ਇੰਡੀਅਨ ਨੈਸ਼ਨਲ ਕਾਂਗਰਸ ਕੋਲ ਸੀ, ਜਿਸ ਨੇ ਧਰਮ ਨਿਰਪੱਖਤਾ ਦਾ ਮਖੌਟਾ ਚਾੜ੍ਹਿਆ ਹੋਇਆ ਸੀ, ਭਾਵੇਂ ਕਿ ਉਸ ਦੀ ਲੀਡਰਸ਼ਿਪ ਦੀ ਅਮਲੀ ਪਹੁੰਚ ਹਮੇਸ਼ਾਂ ਹੀ ਹਿੰਦੂ ਹਿੱਤਾਂ ਦੀ ਰਾਖੀ ਨੂੰ ਪਹਿਲ ਦੇਣ ਵਾਲੀ ਰਹੀ ਹੈ। ਧਰਮ ਨਿਰਪੱਖ ਦਾ ਮਖੌਟਾ ਚਾੜ੍ਹਨਾ ਗਾਂਧੀ, ਨਹਿਰੂ ਤੇ ਪਟੇਲ ਤਿੱਕੜੀ ਦੀ ਸਿਆਸੀ ਪੈਂਤੜੇਬਾਜ਼ੀ ਸੀ, ਜ਼ਰੂਰਤ ਸੀ ਤੇ ਮਜਬੂਰੀ ਸੀ। ਇਹ ਤਿੱਕੜੀ ਗ਼ੈਰ-ਹਿੰਦੂ ਧਾਰਮਿਕ ਇਕਾਈਆਂ ਤੇ ਕੌਮਾਂ ਪ੍ਰਤੀ ਕਦੇ ਵੀ ਇਮਾਨਦਾਰ ਨਹੀਂ ਰਹੀ। ਐਨ ਇਸੇ ਵੇਲੇ ਹਿੰਦੂ ਲੀਡਰਸ਼ਿਪ ਵਿਚ ਇਕ ਦੂਜਾ ਵਰਗ, ਆਪਣੀਆਂ ਹਿੰਦੂਵਾਦੀ ਨੀਤੀਆਂ ਵਿਚ ਵਧੇਰੇ ਨੰਗਾ ਤੇ ਵਧੇਰੇ ਗਰਮ ਵੀ ਮੌਜੂਦ ਸੀ ਜੋ ਆਰ ਐਸ ਐਸ ਤੇ ਹਿੰਦੂ ਮਹਾਂਸਭਾ ਦੇ ਨਾਵਾਂ ਹੇਠ ਸੰਗਠਤ ਸੀ।

ਇਹ ਉਹ ਲੋਕ ਸਨ, ਜਿਨ੍ਹਾਂ ਲਈ ਇਸ ਮਹਾਂਦੀਪ ਦੀਆਂ ਸਾਰੀਆਂ ਗ਼ੈਰ-ਹਿੰਦੂ ਧਾਰਮਿਕ ਇਕਾਈਆਂ, ਉਨ੍ਹਾਂ ਦੇ ਮੁਤਾਬਕ, ਹਿੰਦੂਆਂ ਵਿੱਚੋਂ ਉਪਜੀਆਂ ਹੋਈਆਂ ਹੋਣ ਕਰਕੇ ਵਿਲੱਖਣ ਧਾਰਮਿਕ ਵਜੂਦ ਵਜੋਂ ਨਾਕਾਬਿਲੇ ਬਰਦਾਸ਼ਤ ਸਨ। ਜਿਹੜੇ ਲੋਕ ਗ਼ੈਰ-ਹਿੰਦੂ ਧਾਰਮਿਕ ਇਕਾਈਆਂ ਦਾ ਵੱਖਰਾ ਵਜੂਦ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ, ਉਹ ਕਿਸੇ ਗ਼ੈਰ-ਹਿੰਦੂ ਭਾਈਚਾਰੇ ਦੀਆਂ ਵਿਲੱਖਣ ਕੌਮੀ ਉਮੰਗਾਂ ਭਲਾ ਕਿਵੇਂ ਬਰਦਾਸ਼ਤ ਕਰ ਸਕਦੇ ਹਨ। ਇਸ ਸੋਚ ਦੇ ਧਾਰਨੀਆਂ ਵਲੋਂ "ਮਹਾਤਮਾ ਗਾਂਧੀ" ਦਾ ਕਤਲ ਉਸ ਦੇ ਪਾਕਿਸਤਾਨ ਪ੍ਰਤੀ ਅਖੌਤੀ "ਨਰਮ" ਰਵਈਏ ਕਰਕੇ ਹੀ ਕੀਤਾ ਗਿਆ ਸੀ। ਇਸ ਸੋਚ ਦਾ ਹੀਰੋ ਨੱਥੂ ਰਾਮ ਗੌਡਸੇ ਫਾਂਸੀ ਲੱਗਣ ਤੋਂ ਪਹਿਲਾਂ ਇਹ ਵਸੀਅਤ ਕਰਕੇ ਛੱਡ ਕੇ ਗਿਆ ਕਿ ਉਸ ਦੀਆਂ ਅਸਥੀਆਂ ਸਿੰਧੂ ਦਰਿਆ ਵਿੱਚ ਉਦੋਂ ਵਹਾਈਆਂ ਜਾਣ, ਜਦੋਂ ਭਾਰਤ ਵਰਸ਼ ਮੁੜ ਤੋਂ ਅਖੰਡ ਹੋ ਜਾਏ, ਭਾਵ ਜਿਸ ਦਿਨ ਪਾਕਿਸਤਾਨ ਨੂੰ ਮੁੜ ਭਾਰਤ ਵਿਚ ਜਜ਼ਬ ਕਰ ਲਿਆ ਜਾਵੇ। ਵਾਜਪਈ ਸਾਹਿਬ ਆਪਣੇ ਸਹਿਯੋਗੀਆਂ ਨੂੰ ਆਪਣੇ ਨਾਲ ਰੱਖਣ ਲਈ ਅੱਜ ਮਜਬੂਰੀ ਵੱਸ ਕੀ ਕਹਿੰਦੇ ਹਨ ਜਾਂ ਉਨ੍ਹਾਂ ਦਾ ਨੈਸ਼ਨਲ ਏਜੰਡਾ ਕੀ ਕਹਿੰਦਾ ਹੈ, ਇਹ ਕੋਈ ਖਾਸ ਅਹਿਮੀਅਤ ਨਹੀਂ ਰੱਖਦਾ। ਅਹਿਮੀਅਤ ਰੱਖਣ ਵਾਲੀ ਗੱਲ ਇਹ ਹੈ ਕਿ ਦਿੱਲੀ ਦਰਬਾਰ ਦੀ ਹਾਕਮੀਅਤ ਅੱਜ ਨੱਥੂ ਰਾਮ ਗੌਡਸੇ ਦੇ ਵਾਰਸਾਂ ਕੋਲ ਹੈ, ਜਿਨ੍ਹਾਂ ਲਈ ਸਾਰੀਆਂ ਗ਼ੈਰ-ਹਿੰਦੂ ਧਾਰਮਿਕ ਤੇ ਕੌਮੀ ਇਕਾਈਆਂ "ਹਿੰਦੂ ਪਰਿਵਾਰ" ਦਾ ਅੰਗ ਹਨ ਤੇ ਉਨ੍ਹਾਂ ਦੇ ਵਿਲੱਖਣ ਵਜੂਦ ਉਨ੍ਹਾਂ ਲਈ ਨਾ-ਕਾਬਿਲੇ ਕਬੂਲ ਹਨ।

1947 ਦੀ ਵੰਡ ਵੇਲੇ ਉਪ-ਮਹਾਂਦੀਪ ਦੇ ਮੁਸਲਮਾਨਾਂ ਦੀ ਅਗਵਾਈ ਮੁਸਲਿਮ ਲੀਗ ਕੋਲ ਸੀ ਤੇ ਮੁਸਲਿਮ ਲੀਗ ਦੀ ਅਗਵਾਈ ਇਕ ਬਹੁਤ ਹੀ ਸੁਲਝੇ ਹੋਏ ਤੇ ਲਿਬਰਲ ਮੁਸਲਮਾਨ ਕਾਇਦੇ ਆਜ਼ਮ ਮੁਹੰਮਦ ਅਲੀ ਜਿੱਨਾਹ ਕੋਲ ਸੀ ਤੇ ਪੰਜਾਹ ਸਾਲਾਂ ਵਿਚ ਕਈ ਨਰਮ-ਗਰਮ ਦੌਰ ਹੰਢਾਉਣ ਤੋਂ ਬਾਅਦ ਅੱਜ ਫਿਰ ਮੁਸਲਿਮ ਲੀਗ ਕੋਲ ਹੈ। ਇਨ੍ਹਾਂ ਪੰਜਾਹ ਸਾਲਾਂ ਵਿਚ, ਪਾਕਿਸਤਾਨ ਵਿਚ ਜਦੋਂ ਵੀ ਲੋਕਾਂ ਰਾਹੀਂ ਕੋਈ ਸਰਕਾਰ ਬਣੀ ਹੈ ਤਾਂ ਲਿਬਰਲ ਸੋਚ ਦੇ ਧਾਰਨੀਆਂ ਦੀ ਹੀ ਬਣੀ ਹੈ, ਚਾਹੇ ਉਹ ਮੁਸਲਿਮ ਲੀਗ ਦੀ ਸੀ ਜਾਂ ਪੀਪਲਜ਼ ਪਾਰਟੀ ਦੀ। ਪਾਕਿਸਤਾਨ ਬਣਿਆ ਹੀ ਇਸਲਾਮ ਦੇ ਨਾਂ 'ਤੇ ਹੈ, ਇਸ ਲਈ ਇਸਲਾਮ ਇੱਥੇ ਸਿਆਸੀ ਜਮਾਤਾਂ ਵਿਚ ਵਿਵਾਦ ਦਾ ਵਿਸ਼ਾ ਨਹੀਂ ਹੈ ਪਰ ਇਸਦੇ ਬਾਵਜੂਦ ਅੱਜ ਤਕ ਕਦੇ ਕੋਈ ਮਜ਼ਬੀ ਜਮਾਤ ਇੱਥੇ ਤਾਕਤ ਵਿਚ ਨਹੀਂ ਆਈ। ਇਸਦਾ ਸ਼ਾਇਦ ਵੱਡਾ ਕਾਰਨ ਇਹ ਹੈ ਕਿ ਇੱਥੇ ਲੋਕਾਂ ਦੀ

ਇਸਲਾਮ ਨਾਲ ਜਜ਼ਬਾਤੀ ਵਾਬਸਤਗੀ ਤਾਂ ਹੈ ਪਰ ਆਮ ਜ਼ਿੰਦਗੀ ਵਿਚ ਉਨ੍ਹਾਂ ਦੀ ਪਹੁੰਚ ਧਾਰਮਿਕ ਤੰਗ-ਨਜ਼ਰੀਏ ਵਾਲੀ ਨਹੀਂ। ਮਜ਼ਬ ਪਸੰਦੀ ਤੇ ਮਜ਼ਬੀ ਤੰਗ ਨਜ਼ਰੀਏ ਵਿਚ ਇਕ ਵੱਡਾ ਫਰਕ ਹੁੰਦਾ ਹੈ।

ਪਾਕਿਸਤਾਨ ਵਿਚ ਮੌਲਵੀ ਦਾ ਲੋਕਾਂ ਉਤੇ ਧਾਰਮਿਕ ਪ੍ਰਭਾਵ ਤਾਂ ਹੈ, ਪਰ ਲੋਕਾਂ ਨੇ ਮੌਲਵੀ ਨੂੰ ਕਦੇ ਸਿਆਸੀ ਰੰਗਤ ਦੇਣੀ ਪਸੰਦ ਨਹੀਂ ਕੀਤੀ। ਪਾਕਿਸਤਾਨ ਆਪਣੀ ਹੋਂਦ ਤੋਂ ਲੈ ਕੇ ਅੱਜ ਤਕ ਅੰਦਰੋਂ-ਬਾਹਰੋਂ ਬਹੁਤ ਮਾਰ ਹੇਠਾਂ ਰਿਹਾ ਹੈ। ਅੰਦਰ ਦੀ ਮਾਰ ਪਾਕਿਸਤਾਨ ਨੂੰ ਹਮੇਸ਼ਾਂ ਇਹ ਰਹੀ ਹੈ ਕਿ ਕਾਇਦੇ-ਆਜ਼ਮ ਤੇ ਲਿਆਕਤ ਅਲੀ ਖਾਂ ਤੋਂ ਬਾਅਦ ਪਾਕਿਸਤਾਨ ਨੂੰ ਕੋਈ ਸਰਬ-ਪ੍ਰਵਾਨਿਤ ਲੀਡਰ ਨਹੀਂ ਮਿਲ ਸਕਿਆ ਤੇ ਨਾ ਹੀ ਇਨ੍ਹਾਂ ਦੋਹਾਂ ਲੀਡਰਾਂ ਨੂੰ ਇੰਨਾ ਵਕਤ ਮਿਲ ਸਕਿਆ ਕਿ ਇਹ ਪਾਕਿਸਤਾਨ ਨੂੰ ਕੋਈ ਐਸਾ ਸਿਸਟਮ ਦੇ ਕੇ ਜਾ ਸਕਦੇ, ਜੋ ਗਰਮ-ਸਰਦ ਮੌਸਮਾਂ ਦਾ ਭਾਰ ਝੱਲ ਸਕਦਾ।

ਬਾਹਰੋਂ ਉਸਨੂੰ ਹਿੰਦੁਸਤਾਨ ਦੇ ਰੂਪ ਵਿਚ ਇਕ ਐਸਾ ਦੁਸ਼ਮਣ ਤਕਦੀਰ ਦੇ ਹਿੱਸੇ ਵਾਂਗ ਮਿਲਿਆ ਹੋਇਆ ਸੀ, ਜਿਸ ਕੋਲ ਪਾਕਿਸਤਾਨ ਦੇ ਹਿੱਸੇ ਆਈਆਂ ਦੋਵੇਂ ਕਮੀਆਂ ਵੀ ਸਨ ਤੇ ਨਾਲ ਹੀ ਕਈ ਵਾਧੇ ਵੀ ਸਨ। ਜਿਸ ਅਸੂਲ ਤਹਿਤ ਭਾਰਤੀ ਲੀਡਰਸ਼ਿਪ ਨੇ ਹੈਦਰਾਬਾਦ, ਜੂਨਾਗੜ੍ਹ ਤੇ ਮੁਨਰਵਾ ਦੀਆਂ ਰਿਆਸਤਾਂ 'ਤੇ ਕਬਜ਼ੇ ਕੀਤੇ, ਉਸੇ ਅਸੂਲ ਤਹਿਤ ਉਨ੍ਹਾਂ ਕਸ਼ਮੀਰ ਪਾਕਿਸਤਾਨ ਕੋਲ ਨਹੀਂ ਜਾਣ ਦਿੱਤਾ। ਤੇ ਕਸ਼ਮੀਰ ਲੈਣ ਦੀ ਕੋਸ਼ਿਸ਼ ਕਰਦੇ-ਕਰਦੇ ਪਾਕਿਸਤਾਨ ਨੂੰ ਹਿੰਦੁਸਤਾਨ ਦੀਆਂ "ਮਿਹਰਬਾਨੀਆਂ" ਸਦਕਾ ਬੰਗਲਾਦੇਸ਼ ਤੋਂ ਵੀ ਹੱਥ ਧੋਣੇ ਪੈ ਗਏ। ਅੱਜ ਪਾਕਿਸਤਾਨ ਉਹ ਪਾਕਿਸਤਾਨ ਨਹੀਂ ਹੈ ਜੋ 1947 ਵਿਚ ਬਣਿਆ ਸੀ। ਪਰ ਹਾਂ, ਉਹ ਭੂਟਾਨ, ਨਿਪਾਲ ਜਾਂ ਸ੍ਰੀਲੰਕਾ ਵੀ ਬਣਨ ਨੂੰ ਤਿਆਰ ਨਹੀਂ।

ਸਿੱਖ ਸਿਆਸਤ 1947 ਤੋਂ ਬਾਅਦ ਕਈ ਛੋਟੇ ਤੇ ਇਕ ਬਹੁਤ ਵੱਡੇ ਦੁਖਾਂਤ ਵਿੱਚੋਂ ਨਿਕਲਣ ਤੋਂ ਬਾਅਦ, ਇਕ ਬਹੁਤ ਵੱਡੀ ਇਨਕਲਾਬੀ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਕੇ ਹੁਣੇ-ਹੁਣੇ ਪਿੱਛੇ ਨੂੰ ਮੁੜੀ ਹੈ। ਛੋਟੇ-ਛੋਟੇ ਦੁਖਾਂਤ ਤਾਂ ਸਿੱਖ ਕੌਮ ਨੂੰ 1947 ਤੋਂ 1978 ਤਕ ਵਾਰ-ਵਾਰ ਤੇ ਲਗਾਤਾਰ ਹੀ ਹੰਢਾਉਣੇ ਪੈਂਦੇ ਰਹੇ ਹਨ, ਪਰ ਜੂਨ 1984 ਦਾ ਸ੍ਰੀ ਦਰਬਾਰ ਸਾਹਿਬ ਉਤੇ ਭਾਰਤੀ ਫੌਜੀ ਹਮਲਾ, ਹਜ਼ਾਰਾਂ ਸਿੰਘਾਂ ਦੀ ਸ਼ਹਾਦਤ, ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਉਡਾਇਆ ਜਾਣਾ ਇਕ ਅਜਿਹਾ ਦੁਖਾਂਤ ਸੀ, ਜਿਸ ਨੇ ਇਕ ਵਾਰ, ਇਕੋ ਰਾਤ ਵਿਚ, ਸਾਰੀ ਕੌਮ ਨੂੰ ਹੀ, ਮਾਨਸਿਕ ਤੌਰ 'ਤੇ ਭਾਰਤ

ਨਾਲੋਂ ਤੋੜ ਕੇ ਖ਼ਾਲਿਸਤਾਨ ਨਾਲ ਜੋੜ ਦਿੱਤਾ ਸੀ। ਅਕਾਲੀ ਲੀਡਰਸ਼ਿਪ ਕੋਲ ਖਾਲਿਸਤਾਨ ਲਹਿਰ ਦੇ ਪਿੱਛੇ ਖੜਨ ਜਾਂ ਘਰ ਬਹਿ ਜਾਣ ਬਿਨਾਂ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ।

ਇਸੇ ਦੌਰ ਵਿਚ ਸਮੂਹ ਪੰਥਕ ਜਥੇਬੰਦੀਆਂ ਵਲੋਂ ਖਾਲਿਸਤਾਨੀ ਜੁਝਾਰੂਆਂ ਨੂੰ "ਪੰਥ ਦੀ ਮੁੱਖ ਧਿਰ" ਮੰਨਣ ਦਾ ਮਤਾ ਪਾਸ ਕੀਤਾ ਗਿਆ। ਖਾਲਿਸਤਾਨੀ ਧਿਰ ਦੇ ਨੁਮਾਇੰਦੇ ਸਮਝੇ ਜ਼ਾਣ ਵਾਲੇ ਸ੍ਰ. ਸਿਮਰਨਜੀਤ ਸਿੰਘ ਮਾਨ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਅਤੇ ਖਾਲਿਸਤਾਨ ਪੱਖੀ ਉਮੀਦਵਾਰਾਂ ਨੂੰ ਭਾਰਤੀ ਪਾਰਲੀਮੈਂਟ ਦੀਆਂ ਚੋਣਾਂ ਵਿਚ ਲੋਕਾਂ ਨੇ ਭਾਰੀ ਹਮਾਇਤ ਦੇ ਕੇ ਜਿਤਾਇਆ। ਇਸ ਤਰ੍ਹਾਂ ਸਿੱਖ ਸਿਆਸਤ ਤੇ ਪੰਜਾਬ ਦੀ ਸਿਆਸੀ ਸਰਦਾਰੀ ਇਕ ਵਾਰ ਮੁਕੰਮਲ ਤੌਰ 'ਤੇ ਖਾਲਿਸਤਾਨੀ ਧਿਰ ਕੋਲ ਆਈ। ਖਾਲਿਸਤਾਨੀ ਧਿਰ ਦੀ ਲੀਡਰਸ਼ਿਪ ਦੀਆਂ ਗ਼ਲਤੀਆਂ ਤੇ ਭਾਰਤੀ ਏਜੰਸੀਆਂ ਦੀ ਸਫਲ ਘੁਸਪੈਠ, ਭਾਰਤੀ ਹਕੂਮਤ ਦਾ ਅੰਨ੍ਹਾ ਜੁਲਮ ਤੇ ਆਲਮੀ ਬਰਾਦਰੀ ਦੀ ਬੇਹਿੱਸੀ, ਸਭ ਨੇ ਰਲ-ਮਿਲ ਕੇ ਖਾਲਿਸਤਾਨ ਲਹਿਰ ਨੂੰ ਇਕ ਵਾਰ ਤਾਂ ਅਰਸ਼ੋਂ ਫਰਸ਼ 'ਤੇ ਲਿਆ ਬਿਠਾਇਆ ਹੈ। ਅੱਜ ਸਿੱਖ ਸਿਆਸਤ ਉਤੇ ਉਸੇ ਪੁਰਾਣੀ ਅਕਾਲੀ ਲੀਡਰਸ਼ਿਪ ਦੀ ਫਿਰ ਸਰਦਾਰੀ ਹੈ, ਜਿਸ ਦੀ ਜਨ-ਸੰਘੀਆਂ ਨਾਲ ਬੇਅਸੂਲੀ ਤੇ ਸਿੱਖ ਵਿਰੋਧੀ ਭਿਆਲੀ ਹੈ।

ਭਾਰਤੀ ਜਨਤਾ ਪਾਰਟੀ ਦਾ ਵੱਡਾ ਸੁਪਨਾ "ਸਾਰੇ ਭਾਰਤੀਆਂ ਦਾ ਭਾਰਤੀਕਰਣ ਜਾਂ ਹਿੰਦੂਕਰਣ" ਕਰਨ ਦਾ ਹੈ, ਜਿਸ ਦੇ ਦਾਇਰੇ ਵਿਚ ਸਭ ਵਿਲੱਖਣ ਭਾਈਚਾਰਿਆਂ ਦੀ ਵਿਲੱਖਣਤਾ "ਹਿੰਦੂ ਸਾਗਰ" ਵਿੱਚ ਲੀਨ ਕਰਨ ਵਜੋਂ ਆਉਂਦਾ ਹੈ। ਅੱਜ ਦੇ ਹਾਲਾਤ ਵਿਚ ਜਦੋਂ ਉਨ੍ਹਾਂ ਦੀ ਹਕੂਮਤ ਕਈ ਵੱਖੋ-ਵੱਖਰੇ ਹਿੱਤ ਰੱਖਣ ਵਾਲੇ ਬਾਹਰੀ ਸਹਾਰਿਆਂ 'ਤੇ ਟਿਕੀ ਹੈ, ਕੀ ਉਹ ਆਪਣੇ ਅਜਿਹੇ ਸੁਪਨੇ ਸਾਕਾਰ ਕਰ ਸਕਣਗੇ? ਕੀ ਉਹ ਆਪਣੇ ਸੁਪਨੇ ਤਿਆਗ ਦੇਣਗੇ? ਇਹ ਉਹ ਸਵਾਲ ਹਨ, ਜੋ ਹਰ ਸਬੰਧਿਤ ਸੋਚਵਾਨ ਦੇ ਦਿਮਾਗ ਵਿਚ ਗਰਦਿਸ਼ ਕਰ ਰਹੇ ਹਨ।

ਕੁਝ ਦੋਸਤਾਂ ਦਾ ਖਿਆਲ ਹੈ ਕਿ ਬੀ.ਜੇ.ਪੀ ਦਾ ਤਾਕਤ ਵਿਚ ਆਉਣਾ ਤੇ ਉਨ੍ਹਾਂ ਦਾ ਗ਼ੈਰ-ਹਿੰਦੂਆਂ ਵਿਰੁੱਧ ਆਪਣੀ ਸੋਚ ਨੂੰ ਅਮਲੀ ਜਾਮਾ ਪਹਿਨਾਉਣਾ, ਵੱਖ-ਵੱਖ ਭਾਈਚਾਰਿਆਂ ਵਿਚ ਟਕਰਾਓ ਦੀ ਅਜਿਹੀ ਸਥਿਤੀ ਨੂੰ ਜਨਮ ਦੇ ਸਕਦਾ ਹੈ, ਜਿਹੜੀ ਬੀ.ਜੇ.ਪੀ. ਸਬੰਧੀ ਨਰਮ ਗੋਸ਼ਾ ਰੱਖਣ ਵਾਲੇ "ਬਾਦਲਾਂ" ਦੇ ਭਰਮਜਾਲ ਤੋੜ ਕੇ, ਖ਼ਿੱਤੇ ਦੀਆਂ ਆਜ਼ਾਦੀ ਪਸੰਦ ਕੌਮਾਂ ਲਈ ਰਾਹ ਹਮਵਾਰ

ਕਰ ਸਕਦਾ ਹੈ। ਪਰ ਚਾਣਕਿਆ ਕੂਟਲਨੀਤੀ ਦੇ ਪੈਰੋਕਾਰ ਤੋਂ ਤਾਕਤ ਵਿਚ ਆਉਣ ਤੋਂ ਬਾਅਦ ਖੁੱਲ੍ਹੀ ਜਾਹਰੀਅਤ ਦੀ ਨੀਤੀ ਧਾਰਨ ਕਰਨ ਦੀ ਬੇਵਕੂਫੀ ਦੀ ਉਮੀਦ ਮੈਂ ਘੱਟ ਹੀ ਰੱਖਦਾ ਹਾਂ।

ਇਹ ਇੰਨੇ ਸ਼ਾਤੁਰ ਹਨ ਕਿ ਤਾਕਤ ਵਿਚ ਆਉਣ ਲਈ ਇਨ੍ਹਾਂ ਨੇ "ਵਾਜਪਈ" ਦਾ ਚਿਹਰਾ ਚੁਣਿਆ ਹੈ। ਤਾਕਤ ਦੇ ਕਬਜ਼ੇ ਨੂੰ ਪੱਕਿਆਂ ਕਰਨ ਦਾ ਕੰਮ ਅਡਵਾਨੀ ਨੂੰ ਸੌਂਪਿਆ ਹੈ ਤੇ ਆਂਢੀਆਂ-ਗੁਆਂਢੀਆਂ ਨੂੰ ਭਰਮਾਈ ਰੱਖਣ ਲਈ ਜਾਰਜ ਫਰਨਾਂਡੇਜ਼ ਦਾ ਚਿਹਰਾ ਸਾਹਮਣੇ ਲਿਆਂਦਾ ਹੈ। ਇਨ੍ਹਾਂ ਨੇ ਨੀਤੀ ਇਹ ਰੱਖਣੀ ਹੈ ਕਿ ਆਪਣੀਆਂ ਅੰਦਰੂਨੀ ਨੀਤੀਆਂ 'ਤੇ ਅਮਲ ਵੀ ਕਰਨਾ ਹੈ ਤੇ ਕਿਸੇ ਸਬੰਧਤ ਧਿਰ ਨੂੰ ਅਹਿਸਾਸ ਵੀ ਨਹੀਂ ਹੋਣ ਦੇਣਾ।

ਇਨ੍ਹਾਂ ਨੇ ਧੌਣਾਂ ਨਹੀਂ, ਜੜ੍ਹਾਂ ਵੱਢਣੀਆਂ ਹਨ। ਸਿੱਖ ਖਾਸ ਤੌਰ 'ਤੇ ਮਾਰ ਹੇਠਾਂ ਰਹਿਣਗੇ, ਕਿਉਂਕਿ ਬਾਦਲ ਜਾਂ ਛੋਟੇ ਬਾਦਲ ਤੋਂ ਇਹ ਉਮੀਦ ਕਰਨੀ ਕਿ ਉਹ ਬੀ ਜੇ ਪੀ ਦੇ ਸ਼ਾਤੁਰ ਘਾਗਾਂ ਦੀਆਂ ਮਾਰਾਂ ਨੂੰ ਸਮਝ ਕੇ ਕੌਮ ਨੂੰ ਉਨ੍ਹਾਂ ਤੋਂ ਸੁਰੱਖਿਅਤ ਰੱਖ ਸਕਣਗੇ, ਮੂਰਖਾਨਾ ਸੋਚ ਤੋਂ ਵੱਧ ਕੀ ਹੋ ਸਕਦਾ ਹੈ। ਅਸਲ ਲੜਾਈ ਅੱਜ ਵੀ ਆਜ਼ਾਦੀ ਪਸੰਦਾਂ ਦੀ ਤੇ ਦਿੱਲੀ ਤਖਤ ਦੇ ਹਾਕਮਾਂ ਦੀ ਹੈ। ਦਿੱਲੀ ਤਖਤ ਦੇ ਨਵੇਂ ਹਾਕਮ ਪਹਿਲਿਆਂ ਨਾਲੋਂ ਵੀ ਜ਼ਿਆਦਾ ਚਤੁਰਾਈ ਨਾਲ ਅਕਾਲੀ ਦਲ ਨੂੰ ਆਜ਼ਾਦੀ ਪਸੰਦਾਂ ਦੇ ਖਿਲਾਫ਼ ਵਰਤਣਾ ਚਾਹੁੰਦੇ ਹਨ ਤੇ ਅਸੀਂ ਇਨ੍ਹਾਂ ਨੂੰ ਉਨ੍ਹਾਂ ਦੇ ਇਰਾਦਿਆਂ ਤੋਂ ਸੁਚੇਤ ਰੱਖਣਾ ਚਾਹੁੰਦੇ ਹਾਂ। ਸਾਡੀ ਨਜ਼ਰ ਵਿਚ "ਇੰਦਰਾ", ਡਿਸਾਈ ਜਾਂ ਚਰਨ, ਵਾਜਪਈ" ਸਭ ਇਕ ਹਨ, ਇਕੋ ਥਾਲੀ ਦੇ ਚੱਟੇ-ਵੱਟੇ ਹਨ। ਅਸੀਂ ਨਾ ਕਦੇ ਇਨ੍ਹਾਂ 'ਚੋਂ ਕਿਸੇ ਤੋਂ ਭਲੇ ਦੀ ਉਮੀਦ ਕੀਤੀ ਹੈ ਨਾ ਕਰਦੇ ਹਾਂ।

"ਖਾਲਿਸਤਾਨ ਤਹਿਰੀਕ ਕਾਰਨ ਸਿੱਖ ਕੌਮ ਦੀ ਹਿੰਦੂਆਂ ਤੋਂ ਵੱਖਰੀ ਪਛਾਣ ਉਜਾਗਰ ਹੋਣ ਤੋਂ ਬਾਅਦ ਪਾਕਿਸਤਾਨ ਵਿੱਚ ਸਿੱਖਾਂ ਲਈ ਹਾਲਾਤ ਕਾਫੀ ਬਿਹਤਰ ਹੋਏ ਹਨ।"

•

ਗਿਆਨੀ ਪ੍ਰਤਾਪ ਸਿੰਘ
ਇਕ ਸਮਰਪਿਤ ਸ਼ਖ਼ਸੀਅਤ

ਮਿਤੀ 1997-98

"ਨਨਕਾਣਾ" ਇਕ ਅਜਿਹਾ ਸ਼ਬਦ ਹੈ, ਜੋ ਹਰ ਸਿੱਖ ਦੇ ਹਿਰਦੇ ਵਿਚ ਵੱਸਦਾ ਹੈ। ਇਕ ਅਜਿਹਾ ਸ਼ਹਿਰ, ਜਿਸਦੇ ਦਰਸ਼ਨ ਦੀਦਾਰਿਆਂ ਨੂੰ ਹਰ ਸਿੱਖ ਹਿਰਦਾ ਤਰਸਦਾ ਹੈ ਤੇ ਜਿਸਦੀ ਧੂੜ ਮੱਥੇ 'ਤੇ ਲਾਉਣੀ ਹਰ ਸਿੱਖ ਆਪਣੇ ਧੰਨਭਾਗ ਸਮਝਦਾ ਹੈ। ਇਹ ਸਭ ਇਸ ਲਈ ਹੈ ਕਿ ਧਰਤੀ ਦੇ ਇਸ ਟੁਕੜੇ ਨੂੰ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਹੋਣ ਦਾ ਮਾਣ ਹਾਸਿਲ ਹੈ। ਉਹ ਸਮਰਪਿਤ ਸ਼ਖ਼ਸੀਅਤ, ਜਿਸਨੇ ਗੁਰੂ ਨਾਨਕ ਸਾਹਿਬ ਦੇ ਇਸ ਜਨਮ ਅਸਥਾਨ 'ਤੇ ਸੁਸ਼ੋਭਿਤ, ਗੁਰਦਵਾਰਾ ਜਨਮ ਅਸਥਾਨ ਦੀ 32

ਵਰ੍ਹੇ ਨਿਰੰਤਰ ਸੇਵਾ ਸੰਭਾਲ ਕੀਤੀ, ਉਹ ਅੱਜ ਸਾਡੇ ਵਿਚ ਨਹੀਂ ਰਹੀ। ਜੀ ਹਾਂ, ਗਿਆਨੀ ਪ੍ਰਤਾਪ ਸਿੰਘ ਜੀ ਹੁਣ ਸਾਡੇ ਵਿਚ ਨਹੀਂ ਰਹੇ। ਗਿਆਨੀ ਜੀ 15 ਮਈ ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰਕੇ ਸਵੇਰੇ ਦਸ ਵਜੇ ਲਾਹੌਰ ਦੇ "ਮੀਓ ਹਸਪਤਾਲ" ਵਿਚ ਅਕਾਲ ਚਲਾਣਾ ਕਰ ਗਏ ਤੇ ਉਸੇ ਸ਼ਾਮ 5.30 ਵਜੇ ਨਨਕਾਣਾ ਸਾਹਿਬ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਨਨਕਾਣਾ ਸਾਹਿਬ ਦੀਆਂ ਸਿੱਖ ਸੰਗਤਾਂ ਤੋਂ ਇਲਾਵਾ ਖਾਲਿਸਤਾਨੀ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਿਲ ਹੋਏ।

1947 ਦੀ ਵੰਡ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਇਕ ਸਮਝੌਤੇ ਅਨੁਸਾਰ, ਪਾਕਿਸਤਾਨ ਵਿਚ ਰਹਿ ਗਏ ਗੁਰਦਵਾਰਿਆਂ ਦੀ ਸੇਵਾ-ਸੰਭਾਲ ਲਈ ਸੇਵਾਦਾਰ ਭੇਜਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਗਈ ਸੀ। ਸ਼ੁਰੂ-ਸ਼ੁਰੂ ਵਿਚ ਸੇਵਾਦਾਰਾਂ ਦੀ ਇਕ ਵੱਡੀ ਗਿਣਤੀ ਨਨਕਾਣਾ ਸਾਹਿਬ ਵਿਖੇ ਸੇਵਾ ਨਿਭਾਉਂਦੀ ਰਹੀ ਹੈ। ਨਨਕਾਣਾ ਸਾਹਿਬ ਦੇ ਕੁਝ ਪੁਰਾਤਨ ਬਾਸ਼ਿੰਦਿਆਂ ਦੇ ਮੁਤਾਬਕ 1955 ਤਕ, ਗੁਰਦਵਾਰਾ ਜਨਮ ਅਸਥਾਨ ਵਿਖੇ ਸੇਵਾਦਾਰਾਂ ਦੀ ਗਿਣਤੀ 25 ਹੁੰਦੀ ਸੀ। 1964-65 ਵਿੱਚ ਸੇਵਾਦਾਰਾਂ ਦੀ ਗਿਣਤੀ ਘੱਟ ਕੇ 5 ਰਹਿ ਗਈ ਸੀ, ਜਿਨ੍ਹਾਂ ਦੇ ਨਾਂ ਭਾਈ ਤਾਰਾ ਸਿੰਘ, ਭਾਈ ਊਧਮ ਸਿੰਘ, ਭਾਈ ਪਿਆਰਾ ਸਿੰਘ, ਭਾਈ ਘਸੀਟਾ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ ਹੁੰਦੇ ਸਨ। ਭਾਈ ਘਸੀਟਾ ਸਿੰਘ ਗੁਰਦਵਾਰਾ ਜਨਮ ਅਸਥਾਨ ਦੇ ਮੈਨੇਜਰ ਵਜੋਂ ਸੇਵਾ ਨਿਭਾਇਆ ਕਰਦੇ ਸਨ।

1965 ਦੀ ਭਾਰਤ-ਪਾਕਿ ਜੰਗ ਤੋਂ ਬਾਅਦ ਦੋਹਾਂ ਮੁਲਕਾਂ ਦੇ ਸਬੰਧਾਂ ਵਿਚ ਜੋ ਤਬਦੀਲੀ ਆਈ, ਉਸਦਾ ਗੁਰਦਵਾਰਿਆਂ ਦੀ ਸੇਵਾ ਸੰਭਾਲ 'ਤੇ ਬਹੁਤ ਮਾੜਾ ਅਸਰ ਪਿਆ। ਗੁਰਦਵਾਰਾ ਜਨਮ ਅਸਥਾਨ ਵਿਚ ਰਹਿ ਗਏ 5 ਸੇਵਾਦਾਰਾਂ ਵਿੱਚੋਂ ਚਾਰ ਵਾਪਸ ਚਲੇ ਗਏ ਤੇ ਪਿੱਛੇ ਇਕੱਲੇ ਗਿਆਨੀ ਪ੍ਰਤਾਪ ਸਿੰਘ ਹੀ ਰਹਿ ਗਏ। ਕੁਝ ਲੋਕਾਂ ਦਾ ਖਿਆਲ ਹੈ ਕਿ ਗਿਆਨੀ ਜੀ ਆਪਣੀ ਮਰਜ਼ੀ ਨਾਲ ਰਹੇ ਤੇ ਕੁਝ ਦਾ ਖਿਆਲ ਹੈ ਕਿ ਉਨ੍ਹਾਂ ਨੂੰ ਕਿਸੇ ਮਜਬੂਰੀ ਕਰਕੇ ਰਹਿਣਾ ਪਿਆ। ਜਿਵੇਂ ਵੀ ਹੋਵੇ ਪਰ ਇਹ ਸੱਚ ਹੈ ਕਿ ਗਿਆਨੀ ਜੀ ਉਦੋਂ ਤੋਂ ਆਪਣੇ ਅਕਾਲ ਚਲਾਣੇ ਤਕ 32-33 ਸਾਲ ਇੱਥੇ ਹੀ ਰਹੇ ਤੇ ਗੁਰੂ ਘਰ ਦੀ ਸੇਵਾ ਨਿਭਾਉਂਦੇ ਰਹੇ।

1947 ਦੀ ਵੰਡ ਤੋਂ ਬਾਅਦ ਪਹਿਲਾ ਪਰਿਵਾਰ ਜੋ ਗੁਰਦਵਾਰਾ ਜਨਮ ਅਸਥਾਨ ਦੀ ਲੋਕਲ ਸੰਗਤ ਬਣਿਆ, ਉਹ ਬੀਬੀ ਗਿਆਨ ਦੇਵੀ ਦਾ ਪਰਿਵਾਰ

ਕਰਕੇ ਜਾਣਿਆ ਜਾਂਦਾ ਹੈ, ਜਿਹੜਾ 1952-53 ਵਿਚ ਇੱਥੇ ਆ ਕੇ ਵੱਸਿਆ। ਇਹ ਗੁਰੂ ਘਰ ਨਾਲ ਜੁੜਿਆ ਇਕ "ਸਹਿਜਧਾਰੀ" ਪਰਿਵਾਰ ਹੈ। ਇਸ ਤੋਂ ਬਾਅਦ 1965 ਵਿਚ ਨਨਕਾਣਾ ਸਾਹਿਬ ਵਿਚ ਆ ਕੇ ਵੱਸਿਆ ਗੁਰੂ ਘਰ ਦਾ ਪ੍ਰੇਮੀ, ਦੂਜਾ ਪਰਿਵਾਰ, ਸਾਈਂਦਾਸ ਦਾ ਪਰਿਵਾਰ ਹੈ, ਜਿਸ ਵਿਚ ਤਿੰਨ ਭਰਾ ਤੇ ਇਕ ਭੈਣ ਹੈ। ਸਾਈਂਦਾਸ ਦੇ ਵੱਡੇ ਭਰਾ ਦੀ ਪਤਨੀ ਬੀਬੀ ਸੁਮਿੱਤਰ ਇਕ ਚੰਗੀ ਪਠਾਣ ਔਰਤ ਵਜੋਂ ਜਾਣੀ ਜਾਂਦੀ ਹੈ। ਪਸ਼ਤੋ ਬੋਲਣ ਵਾਲੇ ਸਿੱਖ ਪਰਿਵਾਰਾਂ ਦਾ ਵਸੇਬਾ ਇੱਥੇ 1972-73 ਵਿਚ ਸ਼ੁਰੂ ਹੋਇਆ। ਤਿੰਨ ਭਰਾਵਾਂ 'ਤੇ ਆਧਾਰਿਤ ਪਹਿਲਾ ਸਿੱਖ ਕੁਨਬਾ, ਜੋ ਇੱਥੇ ਆਕੇ ਵੱਸਿਆ, ਉਹ ਸਰਦਾਰ ਆਇਆ ਸਿੰਘ, ਸਰਦਾਰ ਈਸ਼ਰ ਸਿੰਘ ਤੇ ਸਰਦਾਰ ਕਾਹਨ ਸਿੰਘ 'ਤੇ ਆਧਾਰਿਤ ਸੀ। ਅੱਜ ਨਨਕਾਣਾ ਸਾਹਿਬ ਵਿਚ ਕੋਈ 4-5 ਸੌ ਸਿੱਖ ਪਰਿਵਾਰ ਵੱਸਦਾ ਹੈ। ਗਿਆਨ ਦੇਵੀ ਤੇ ਬੀਬੀ ਸੁਮਿੱਤਰ ਦੇਵੀ ਦੇ ਪਰਿਵਾਰ ਤੋਂ ਇਲਾਵਾ।

ਖਾਲਿਸਤਾਨ ਤਹਿਰੀਕ ਕਾਰਨ ਸਿੱਖ ਕੌਮ ਦੀ ਹਿੰਦੂਆਂ ਤੋਂ ਵੱਖਰੀ ਪਛਾਣ ਉਜਾਗਰ ਹੋਣ ਤੋਂ ਬਾਅਦ ਪਾਕਿਸਤਾਨ ਵਿੱਚ ਸਿੱਖਾਂ ਲਈ ਹਾਲਾਤ ਕਾਫੀ ਬਿਹਤਰ ਹੋਏ ਹਨ।

ਗਿਆਨੀ ਪ੍ਰਤਾਪ ਸਿੰਘ ਸਵੇਰੇ ਤਿੰਨ ਵਜੇ ਉਠ ਕੇ, ਇਸ਼ਨਾਨ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਤੇ ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲਾ ਤੋਂ ਬਾਅਦ ਗੁਰੂ ਮਹਾਰਾਜ ਦੇ ਸੁੱਖ ਆਸਣ ਤਕ ਗੁਰੂ ਘਰ ਦੀ ਪੂਰੀ ਮਰਯਾਦਾ ਨਿਭਾਉਂਦੇ। ਇਹ ਸਿਲਸਿਲਾ ਉਨ੍ਹਾਂ ਨੇ ਕਦੇ ਟੁੱਟਣ ਨਹੀਂ ਸੀ ਦਿੱਤਾ, ਸਿਰਫ ਉਨ੍ਹਾਂ ਦਿਨਾਂ ਨੂੰ ਛੱਡ ਕੇ ਜਦੋਂ ਉਹ ਆਪਣੀ ਜੀਵਨ ਯਾਤਰਾ ਦੇ ਅੰਤਲੇ ਦਿਨਾਂ ਵਿਚ ਹਸਪਤਾਲ ਵਿੱਚ ਦਾਖਲ ਰਹੇ। ਪਰ ਇਸ ਵੇਲੇ ਤਕ ਉਨ੍ਹਾਂ ਦੀ ਪੈਰਵਾਈ ਕਰਨ ਵਾਲੇ ਇੰਨੇ ਕੁ ਲੋਕ ਪੈਦਾ ਹੋ ਚੁੱਕੇ ਸਨ ਕਿ ਗੁਰੂ ਘਰ ਦੀ ਮਰਿਯਾਦਾ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਵੀ ਨਿਭਾਈ ਜਾਂਦੀ ਰਹੀ। ਨਵੰਬਰ 1994 ਵਿਚ ਉਮਰ ਕੈਦ ਕੱਟ ਕੇ ਜੇਲ੍ਹ ਤੋਂ ਰਿਹਾਈ ਬਾਅਦ ਮੈਂ ਕਾਫੀ ਸਮਾਂ ਗੁਰਦਵਾਰਾ ਜਨਮ ਅਸਥਾਨ ਵਿਚ ਰਹਿੰਦਾ ਰਿਹਾ ਹਾਂ ਤੇ ਇਨ੍ਹਾਂ ਦਿਨਾਂ ਵਿਚ ਮੈਨੂੰ ਗਿਆਨੀ ਜੀ ਨੂੰ ਕੁਝ ਨੇੜਿਉਂ ਦੇਖਣ ਤੇ ਉਨ੍ਹਾਂ ਬਾਰੇ ਕਾਫੀ ਕੁਝ ਸੁਣਨ ਦਾ ਮੌਕਾ ਮਿਲਦਾ ਰਿਹਾ। ਮੇਰੇ ਇਕ ਸਾਥੀ ਸ੍ਰ. ਜਸਬੀਰ ਸਿੰਘ ਕਦੇ-ਕਦੇ ਉਨ੍ਹਾਂ ਕੋਲ ਜਾ ਕੇ ਬੈਠਿਆ ਕਰਦੇ ਸਨ ਤੇ ਗਿਆਨੀ ਜੀ ਨਾਲ ਹੋਈਆਂ ਉਨ੍ਹਾਂ ਦੀਆਂ ਗੱਲਾਂ-ਬਾਤਾਂ ਦਾ ਕੁਝ ਨਾ ਕੁਝ ਹਿੱਸਾ ਮੇਰੇ ਤਕ ਵੀ ਅੱਪੜ ਹੀ ਜਾਂਦਾ ਸੀ। ਇਸ ਤਰ੍ਹਾਂ ਮਿਲੀ ਜਾਣਕਾਰੀ ਦੇ ਹਵਾਲੇ ਨਾਲ, ਗਿਆਨੀ ਜੀ ਪਿਛੋਂ ਜ਼ਿਲਾ ਗੁਜਰਾਂਵਾਲਾ ਦੇ ਰਹਿਣ ਵਾਲੇ ਸਨ ਤੇ 1947 ਤੋਂ ਬਾਅਦ ਜ਼ਿਲਾ ਕਰਨਾਲ ਵਿਚ ਜਾ ਆਬਾਦ

ਹੋਏ ਸਨ। ਸੇਵਾ ਨਿਭਾਉਣ ਲਈ ਨਨਕਾਣਾ ਸਾਹਿਬ ਆਉਣ ਵੇਲੇ ਉਹ ਪਿੱਛੇ ਇਕ ਬੀਵੀ ਤੇ ਬੱਚੀ ਛੱਡ ਕੇ ਆਏ ਸਨ। ਨਨਕਾਣਾ ਸਾਹਿਬ ਦੇ ਹੀ ਹੋ ਕੇ ਰਹਿ ਜਾਣ ਕਰਕੇ, ਪਿੱਛੇ ਪਰਿਵਾਰ ਨਾਲ ਉਨ੍ਹਾਂ ਦਾ ਰਾਬਤਾ ਹੌਲੀ-ਹੌਲੀ ਬਿਲਕੁਲ ਖਤਮ ਹੋ ਕੇ ਰਹਿ ਗਿਆ ਸੀ। ਉਨ੍ਹਾਂ ਦੀ ਰੋਟੀ-ਪਾਣੀ ਦੀ ਸੇਵਾ ਪਹਿਲਾਂ ਬੀਬੀ ਗਿਆਨ ਦੇਵੀ ਦਾ ਪਰਿਵਾਰ ਕਰਦਾ ਸੀ ਤੇ ਹੁਣ ਸਾਈਂਦਾਸ ਦਾ ਪਰਿਵਾਰ ਕਰਦਾ ਸੀ। ਨਨਕਾਣਾ ਸਾਹਿਬ ਹੀ ਨਹੀਂ ਸਗੋਂ ਸਾਰੇ ਪਾਕਿਸਤਾਨ ਦੀ ਸਿੱਖ ਤੇ ਸਹਿਜਧਾਰੀ ਸੰਗਤ ਗਿਆਨੀ ਜੀ ਦਾ ਬਹੁਤ ਸਤਿਕਾਰ ਕਰਦੀ ਸੀ ਅਤੇ ਉਨ੍ਹਾਂ ਪ੍ਰਤੀ ਸ਼ਰਧਾ ਭਾਵਨਾ ਰੱਖਦੀ ਸੀ ਤੇ ਹਰ ਦੁੱਖ-ਸੁੱਖ ਵੇਲੇ ਉਨ੍ਹਾਂ ਤੋਂ ਅਰਦਾਸਾਂ ਕਰਵਾਉਂਦੀ ਸੀ। ਗੁਰਦਵਾਰਾ ਜਨਮ ਅਸਥਾਨ ਦੀ ਸਮਰਪਿਤ ਸੇਵਾ ਨੇ ਉਨ੍ਹਾਂ ਦਾ ਰੁਤਬਾ ਲੋਕਾਂ ਦੀ ਨਜ਼ਰ ਵਿਚ ਬਹੁਤ ਬੁਲੰਦ ਕਰ ਦਿੱਤਾ ਸੀ।

ਗਿਆਨੀ ਜੀ ਦੀ ਸੇਵਾ ਦੀ ਇਕ ਖਾਸ ਗੱਲ ਇਹ ਸੀ ਕਿ ਉਨ੍ਹਾਂ ਨੇ ਗੁਰੂ ਘਰ ਦੀ ਮਰਿਯਾਦਾ ਦਾ ਨਿਬਾਹ ਜੀਵਨ ਭਰ ਅਕਾਲ ਤਖਤ ਸਾਹਿਬ ਦੀ ਪੰਥ ਪ੍ਰਵਾਨਤ ਮਰਿਯਾਦਾ ਅਨੁਸਾਰ ਨਿਭਾਇਆ। ਆਪਣੀ ਇਸ ਦ੍ਰਿੜ੍ਹਤਾ ਕਰਕੇ ਆਖਰੀ ਸਮੇਂ ਵਿਚ ਗਿਆਨੀ ਜੀ ਨੂੰ ਕਾਫੀ ਔਖਿਆਈਆਂ ਦਾ ਸਾਹਮਣਾ ਵੀ ਕਰਨਾ ਪਿਆ। ਪਿਛਲੇ ਕੁਝ ਸਮੇਂ ਵਿਚ ਸੰਪਰਦਾਈ ਤੰਗ ਨਜ਼ਰੀਏ ਦੇ ਰੁਝਾਨ ਦੀ ਜੋ ਵਕਤੀ ਚੜ੍ਹਤ ਹੋਈ, ਉਸਦੇ ਪ੍ਰਭਾਵ ਵਿਚ ਆਏ ਕੁਝ ਲੋਕਾਂ ਨੇ ਗੁਰਦਵਾਰਾ ਜਨਮ ਅਸਥਾਨ ਦੀ ਮਰਿਜਾਦਾ ਬਦਲਣ ਲਈ ਗਿਆਨੀ ਜੀ ਉਤੇ ਕਈ ਵਾਰੀ ਨਜਾਇਜ਼ ਦਬਾਓ ਵੀ ਪਾਇਆ, ਪਰ ਉਹ ਹਮੇਸ਼ਾਂ ਦ੍ਰਿੜ੍ਹ ਰਹੇ। ਅਜਿਹੇ ਵਿਅਕਤੀ ਗਿਆਨੀ ਜੀ ਦੀ ਦ੍ਰਿੜ੍ਹਤਾ ਸਾਹਮਣੇ ਕਦੇ ਕਾਮਯਾਬ ਤਾਂ ਨਾ ਹੋਏ, ਪਰ ਉਨ੍ਹਾਂ ਨੇ ਗਿਆਨੀ ਜੀ ਦੇ ਦੁੱਖਾਂ ਵਿਚ ਯਕੀਨਨ ਵਾਧਾ ਕੀਤਾ। ਗੁਰਦਵਾਰਿਆਂ ਦੀ ਸੰਭਾਲ ਲਈ ਜ਼ਿੰਮੇਵਾਰ ਪਾਕਿਸਤਾਨ ਦੇ ਮਹਿਕਮਾ ਔਕਾਫ ਨੇ ਵੀ ਜੇ ਕੋਈ ਅਜਿਹੀ ਗੱਲ ਕਰਨੀ ਚਾਹੀ, ਜੋ ਗਿਆਨੀ ਜੀ ਨੇ ਗੁਰੂ ਘਰ ਦੇ ਹਿੱਤਾਂ ਲਈ ਠੀਕ ਨਾ ਸਮਝੀ, ਤਾਂ ਗਿਆਨੀ ਜੀ ਨੇ ਸਟੈਂਡ ਲੈ ਕੇ ਕਦੇ ਹੋਣ ਨਾ ਦਿੱਤੀ। ਗਿਆਨੀ ਜੀ ਸਹੀ ਅਰਥਾਂ ਵਿਚ ਇੱਥੇ ਆਪਣੇ ਆਖਰੀ ਸਮੇਂ ਤਕ ਪੰਥ ਦੀ "ਧਾਰਮਿਕ ਪਾਰਲੀਮੈਂਟ" ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਬਣ ਕੇ ਰਹੇ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਗਿਆਨੀ ਜੀ ਤੋਂ ਬਾਅਦ ਗੁਰਦਵਾਰਾ ਜਨਮ ਅਸਥਾਨ ਸਮੇਤ ਸਾਰੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਲਈ ਸੂਝਵਾਨ ਤੇ ਉਚੇ ਇਖ਼ਲਾਕ ਦੇ ਮਾਲਿਕ ਸੇਵਾਦਾਰ ਭੇਜਣ ਦਾ ਪ੍ਰਬੰਧ ਕਰਨ ਵੱਲ ਫੌਰੀ ਧਿਆਨ ਦੇਵੇ।

"ਨਿੱਤ ਅਰਦਾਸ ਵਿਚ 'ਰਾਜ ਕਰੇਗਾ ਖ਼ਾਲਸਾ' ਦਾ ਦੋਹਰਾ ਪੜ੍ਹਨ ਵਾਲੀ ਕੌਮ ਇਸ ਨਿਸ਼ਾਨੇ ਤੋਂ ਕੁਝ ਅਰਸੇ ਲਈ ਅਵੇਸਲੀ ਤਾਂ ਹੋ ਸਕਦੀ ਹੈ ਪਰ ਇਸਨੂੰ ਛੱਡ ਨਹੀਂ ਸਕਦੀ। ਅਜਿਹੇ ਹਾਲਾਤ ਵਿਚ ਸਿੱਖ ਰਾਸ਼ਟਰ ਦੀ ਗੱਲ ਨਿਖੜਵੇਂ ਤੇ ਖੁੱਲ੍ਹੇ ਰੂਪ ਵਿਚ ਸੰਜੀਦਗੀ ਨਾਲ ਅਪਣਾਉਣ ਵਾਲੀ ਪਾਰਟੀ ਹੀ ਪੰਥ ਨੂੰ ਮੰਜ਼ਿਲ ਤੱਕ ਲੈ ਜਾ ਸਕਦੀ ਹੈ।"

ਸਿੱਖ ਸਿਆਸਤ-ਸਾਡਾ ਦ੍ਰਿਸ਼ਟੀਕੋਣ

ਅਕਤੂਬਰ 2003

ਸਿੱਖ ਸਿਆਸਤ ਅੱਜ ਇੰਨੀ ਖਿੰਡੀ ਅਤੇ ਦਿਸ਼ਾਹੀਣ ਹੈ, ਜਿੰਨੀ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ। ਸਿੱਖ ਸਿਆਸਤ ਦੀ ਨੁਮਾਇੰਦਗੀ ਪਿਛਲੇ ਪੰਜਾਹ ਕੁ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਕੋਲ ਚਲੀ ਆ ਰਹੀ ਹੈ। ਹਾਲਤ ਇਸ ਹੱਦ ਤਕ ਵੀ ਪਹੁੰਚ ਚੁੱਕੇ ਹਨ ਕਿ ਸਿੱਖਾਂ ਦੀ ਬਹੁ-ਗਿਣਤੀ ਪੇਂਡੂ ਵੱਸੋਂ ਅਕਾਲੀ ਦਲ ਅਤੇ ਪੰਥ ਦਾ ਫਰਕ ਹੀ ਭੁੱਲ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਭਾਵੇਂ ਕਿੰਨੀ ਵੀ ਅਹਿਲ ਕਿਉਂ ਨਾ ਰਹੀ ਹੋਵੇ ਪਰ ਉਸਨੇ ਭੋਲੀ ਭਾਲੀ ਸਿੱਖ ਜਨਤਾ ਦੀ ਇਸ ਨਾ-ਸਮਝੀ ਦਾ ਭਰਪੂਰ ਲਾਭ ਉਠਾਇਆ ਹੈ। ਪੰਥ ਦੇ ਨਾਂ 'ਤੇ ਵੋਟਾਂ ਲੈ ਕੇ ਰਾਜ ਭਾਗ

ਦੇ ਮਾਲਿਕ ਬਣਨ ਵਾਲੇ ਪੰਥ ਨੂੰ ਵੇਚ-ਵੇਚ ਖਾਂਦੇ ਰਹੇ ਹਨ। ਜਿਹੜੇ ਪੰਥ ਨੇ ਇਨ੍ਹਾਂ ਨੂੰ ਸਰਦਾਰੀਆਂ ਬਖਸ਼ੀਆਂ ਉਸੇ ਪੰਥ ਦੀਆਂ ਜੜ੍ਹਾਂ 'ਤੇ ਆਰੀ ਚਲਾਉਣ ਵਾਲੀ ਭਾਜਪਾ ਨਾਲ ਇਨ੍ਹਾਂ ਭਾਈਵਾਲੀ ਪਾਈ ਹੋਈ ਹੈ। ਪਰ ਪੰਥ ਇਕ ਖਾਮੋਸ਼ ਦਰਸ਼ਕ ਵਾਂਗ ਬੈਠਾ ਇਹ ਸਭ ਕੁਝ ਤੱਕਦਾ ਆ ਰਿਹਾ ਹੈ।

ਅੱਜ ਅਸੀਂ ਇਸ ਮੋੜ ਉੱਤੇ ਪੁੱਜ ਗਏ ਹਾਂ ਕਿ ਸਾਡੀ ਸਿਧਾਂਤਕ ਸੋਚ ਵਿਚੋਂ ਸਾਡੀ ਪਰੰਪਰਾ, ਇਤਿਹਾਸ, ਧਾਰਮਿਕ ਹਸਤੀ ਤੇ ਵੱਖਰੇ ਪਹਿਚਾਣ ਦਾ ਅਹਿਸਾਸ ਖਤਮ ਕਰਨ ਲਈ ਰਾਜਸੀ ਚਾਲ ਚੱਲੀ ਜਾ ਰਹੀ ਹੈ। ਸ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਇਸ ਸਾਜ਼ਿਸ਼ ਦਾ ਸ਼ਿਕਾਰ ਹੋ ਚੁੱਕਾ ਹੈ। ਅਜਿਹੀ ਅਵਸਥਾ ਵਿਚ ਪੰਥਕ ਧਿਰਾਂ ਵਲੋਂ ਅਵੇਸਲੇ ਹੋਣਾ ਆਪਣੀ ਕੌਮੀ ਹਸਤੀ ਨੂੰ ਅਜਾਈਂ ਗੁਆਉਣ ਅਤੇ ਮੌਤ ਨੂੰ ਆਵਾਜ਼ਾਂ ਮਾਰਨਾ ਹੈ।

ਸਾਡੀ ਪਹਿਲੀ ਲੋੜ ਸਿੱਖ ਰਾਜਨੀਤੀ ਦੀ ਬੁਨਿਆਦੀ ਪਰਿਭਾਸ਼ਾ ਨੂੰ ਸਪੱਸ਼ਟ ਕਰਨਾ ਤੇ ਉਸ ਉੱਤੇ ਦ੍ਰਿੜ੍ਹ ਵਿਸ਼ਵਾਸ ਕਰਨਾ ਹੈ। ਮੇਰੇ ਵਿਚਾਰ ਅਨੁਸਾਰ ਸਿੱਖਾਂ ਦਾ ਰਾਜਸੀ ਨਿਸ਼ਾਨਾ ਕੌਮ ਦੀ ਅੱਡਰੀ ਤੇ ਵੱਖਰੀ ਹਸਤੀ ਨੂੰ ਸੁਰੱਖਿਅਤ ਰੱਖਣ ਲਈ ਅਜਿਹੇ ਦੇਸ਼-ਕਾਲ ਅਥਵਾ 'ਖਾਲਿਸਤਾਨ' ਦੀ ਸਥਾਪਨਾ ਕਰਨਾ ਹੈ ਜਿਥੇ ਖ਼ਾਲਸਾ ਜੀ ਦੇ ਬੋਲਬਾਲੇ ਹੋ ਸਕਣ ਅਤੇ ਸਿੱਖੀ ਵਧ-ਫੁੱਲ ਸਕੇ।

ਭਾਵੇਂ ਸਿੱਖ ਸਿਆਸਤ ਉਤੇ ਪਿਛਲੇ ਪੰਜਾਹ ਸਾਲਾਂ ਤੋਂ ਮੁੱਖ ਤੌਰ 'ਤੇ ਅਕਾਲੀ ਦਲ ਹੀ ਹਾਵੀ ਰਿਹਾ ਹੈ ਪਰ ਇਸਦੇ ਬਾਵਜੂਦ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਅਕਾਲੀ ਦਲ ਵਿੱਚੋਂ ਟੁੱਟੇ ਹੋਏ ਵਿਰੋਧੀ ਧੜੇ ਅਤੇ ਦਲ ਖਾਲਸਾ ਸਮੇਂ-ਸਮੇਂ ਕਿਸੇ ਨਾ ਕਿਸੇ ਰੂਪ ਵਿਚ ਅਸਰ ਅੰਦਾਜ਼ ਹੁੰਦੇ ਰਹੇ ਹਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪੜ੍ਹਿਆ ਲਿਖਿਆ ਤਬਕਾ ਰਾਜਨੀਤੀ ਵਿਚ ਨਿਪੁੰਨ ਕਰਕੇ ਅਕਾਲੀ ਦਲ ਨੂੰ ਦਿੱਤਾ ਹੈ। ਸਿੱਖ ਨੌਜਵਾਨਾਂ ਵਿਚ ਅੱਜ ਜਿੰਨੀ ਕੁ ਵੀ ਜਾਗ੍ਰਿਤੀ ਪੰਥਕ ਮਸਲਿਆਂ ਪ੍ਰਤੀ ਹੈ, ਉਸ ਵਿਚ ਇਸ ਸੰਸਥਾ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਸੰਸਥਾ ਅਕਾਲੀ ਦਲ ਦੀ ਇਕ ਸਾਖ ਵਾਂਗ ਵੀ ਚਲਦੀ ਰਹੀ ਹੈ ਅਤੇ ਸਮੇਂ-ਸਮੇਂ ਉਸਦਾ ਵਿਰੋਧ ਵੀ ਕਰਦੀ ਰਹੀ ਹੈ। ਇਹ ਸੰਸਥਾ ਅੱਜ ਸਿੱਧੇ ਤੌਰ ਉੱਤੇ ਅਕਾਲੀ ਦਲ ਦੀ ਧੜੇਬੰਦੀ ਦਾ ਸ਼ਿਕਾਰ ਹੋ ਚੁਕੀ ਹੈ। ਸ਼ੁਰੂ ਤੋਂ ਅਕਾਲੀ ਦਲ ਦੀ ਧੜੇਬੰਦੀ ਇਸ ਸੰਸਥਾ ਨੂੰ ਆਪਣੇ-ਆਪਣੇ ਮੁਫ਼ਾਦਾਂ ਲਈ ਵਰਤਣ ਦੀ ਕੋਸ਼ਿਸ਼ ਕਰਦੀ


ਰਹੀ ਹੈ। ਅਕਾਲੀ ਦਲ ਦੇ ਸਾਰੇ ਧੜਿਆਂ ਨੇ ਇਸ ਸੰਸਥਾ ਨੂੰ ਕਈ ਵੱਖੋ-ਵੱਖਰੇ ਗਰੁੱਪਾਂ ਵਿਚ ਵੰਡ ਦਿੱਤਾ ਹੈ।

ਫੈਡਰੇਸ਼ਨ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਇਕ ਮੁੱਠ ਹੋ ਕੇ ਕੌਮ ਦੀ ਨੌਜਵਾਨ ਸ਼ਕਤੀ ਨੂੰ ਤਾਕਤ ਦੇ ਰੂਪ ਵਿਚ ਉਭਾਰਨ ਦੀ ਕੋਸ਼ਿਸ਼ ਕਰਨ ਤਾਂ ਜੋ ਅੰਤਰਰਾਸ਼ਟਰੀ ਪੱਧਰ 'ਤੇ ਚਲ ਰਹੀਆਂ ਕੌਮੀ ਅਜ਼ਾਦੀ ਦੀਆਂ ਲਹਿਰਾਂ ਦੇ ਹਾਣ ਦੀ ਲਹਿਰ ਪੈਦਾ ਕੀਤੀ ਜਾਵੇ ਅਤੇ ਕੌਮ ਦੀ ਬਜ਼ੁਰਗ ਆਗੂ ਜਮਾਤ ਨੂੰ ਮਜਬੂਰ ਕੀਤਾ ਜਾ ਸਕੇ ਕਿ ਉਹ ਨੌਜਵਾਨਾਂ ਦੇ ਜਜ਼ਬਾਤਾਂ ਨੂੰ ਸਮਝਦੇ ਹੋਏ ਸਹੀ ਰਾਹ ਅਪਨਾਉਣ।

ਸਮੇਂ-ਸਮੇਂ ਅਕਾਲੀ ਦਲ ਵਿਚੋਂ ਟੁੱਟੇ ਹੋਏ ਧੜੇ ਆਪਣੇ ਆਪ ਨੂੰ ਅਕਾਲੀ ਦਲ ਦੇ ਨਾਂ ਉੱਤੇ ਹੀ ਇਕੱਤਰ ਕਰਕੇ ਸਿੱਖ ਸਿਆਸਤ ਉੱਤੇ ਅਸਰ ਪਾਉਂਦੇ ਰਹੇ ਹਨ। ਇਕ ਧੜਾ ਸ਼੍ਰੋਮਣੀ ਅਕਾਲੀ ਦਲ (ਜਮਹੂਰੀ) ਸ੍ਰ. ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਹੇਠ ਕੰਮ ਕਰ ਰਿਹਾ ਹੈ ਅਤੇ ਦੂਜੇ ਅਕਾਲੀ ਦਲ ਦੀ ਅਗਵਾਈ ਰਵੀਇੰਦਰ ਸਿੰਘ ਕਰ ਰਹੇ ਹਨ। ਇਨ੍ਹਾਂ ਦੋਹਾਂ ਅਕਾਲੀ ਦਲਾਂ ਦਾ ਆਮ ਸਿੱਖ ਸਿਆਸਤ ਉੱਤੇ ਕੋਈ ਖਾਸ ਪ੍ਰਭਾਵ ਅਜੇ ਨਹੀ ਪਿਆ। ਇਨ੍ਹਾਂ ਦੋਹਾਂ ਨਾਲੋਂ ਵਧੇਰੇ ਤਾਕਤਵਰ ਅਤੇ ਪ੍ਰਭਾਵ ਵਾਲਾ ਅਕਾਲੀ ਦਲ ਸ੍ਰ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਸਿੱਖ ਸਿਆਸਤ ਵਿਚ ਸਰਗਰਮ ਹੈ।

ਪੁੰਡਰੀ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਵਾਪਰੇ ਸਾਕਿਆਂ ਦੇ ਪ੍ਰਤੀਕਰਮ ਵਜੋਂ 6 ਅਗਸਤ 1978 ਨੂੰ ਜਨਮਿਆ ਦਲ ਖ਼ਾਲਸਾ ਦਾ ਅਜੋਕਾ ਸਰੂਪ ਆਪਣੇ 25 ਸਾਲਾਂ ਦੇ ਬਿਖੜੇ ਪੈਂਡਿਆਂ ਨੂੰ ਤੈਅ ਕਰਦਾ ਹੋਇਆ ਅੱਜ ਵੀ ਕਾਇਮ-ਦਾਇਮ ਹੈ। ਭਾਵੇਂ ਦਲ ਖ਼ਾਲਸਾ ਇਨ੍ਹਾਂ ਕੁਝ ਸਾਲਾਂ ਅੰਦਰ ਕੋਈ ਵੱਡੀ ਮੱਲ ਤਾਂ ਨਹੀਂ ਮਾਰ ਸਕਿਆ ਪਰ ਸਿੱਖ ਰਾਜ ਦੀ ਕਾਇਮੀ ਲਈ ਆਪਣੇ ਨਿਰੰਤਰ ਉਪਰਾਲਿਆਂ ਨਾਲ ਉਸ ਦੇ ਆਗੂ ਸਿੱਖ ਮਾਨਸਿਕਤਾ ਨੂੰ ਟੁੰਬਣ ਵਿਚ ਜ਼ਰੂਰ ਕਾਮਯਾਬ ਹੋਏ ਹਨ।


ਨਿੱਤ ਅਰਦਾਸ ਵਿਚ 'ਰਾਜ ਕਰੇਗਾ ਖ਼ਾਲਸਾ' ਦਾ ਦੋਹਰਾ ਪੜ੍ਹਨ ਵਾਲੀ ਕੌਮ ਇਸ ਨਿਸ਼ਾਨੇ ਤੋਂ ਕੁਝ ਅਰਸੇ ਲਈ ਅਵੇਸਲੀ ਤਾਂ ਹੋ ਸਕਦੀ ਹੈ ਪਰ ਇਸਨੂੰ ਛੱਡ ਨਹੀਂ ਸਕਦੀ। ਅਜਿਹੇ ਹਾਲਾਤ ਵਿਚ ਸਿੱਖ ਰਾਸ਼ਟਰ ਦੀ ਗੱਲ ਨਿਖੜਵੇਂ ਤੇ ਖੁੱਲ੍ਹੇ ਰੂਪ ਵਿਚ ਸੰਜੀਦਗੀ ਨਾਲ ਅਪਣਾਉਣ ਵਾਲੀ ਪਾਰਟੀ ਹੀ ਪੰਥ ਨੂੰ ਮੰਜ਼ਿਲ ਤੱਕ ਲੈ ਜਾ ਸਕਦੀ ਹੈ।




ਸ. ਜਸਬੀਰ ਸਿੰਘ (ਮੰਡੀ ਗੋਬਿੰਦਗੜ)



ਸ. ਸਤਨਾਮ ਸਿੰਘ (ਪਾਉਂਟਾ ਸਾਹਿਬ)



ਸ. ਗਜਿੰਦਰ ਸਿੰਘ ਆਪਣੇ ਉਹਨਾਂ ਚਾਰ ਸਾਥੀਆਂ ਨਾਲ ਜਿਨ੍ਹਾਂ ਨੇ 29 ਸਤੰਬਰ 1981 ਨੂੰ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਭਾਰਤੀ ਜਹਾਜ ਅਗਵਾ ਕੀਤਾ ਸੀ।




ਸ. ਤਜਿੰਦਰਪਾਲ ਸਿੰਘ (ਜਲੰਧਰ)



ਸ. ਕਰਨ ਸਿੰਘ (ਜੰਮੂ)



ਸ. ਗਜਿੰਦਰ ਸਿੰਘ ਆਪਣੀ ਪਤਨੀ ਮਨਜੀਤ ਕੌਰ, ਬੇਟੀ ਬਿਕਰਮਜੀਤ ਕੌਰ ਅਤੇ ਸਾਥੀ ਜਸਬੀਰ ਸਿੰਘ ਨਾਲ ਨਨਕਾਣਾ ਸਾਹਿਬ ਵਿਖੇ




ਇਕ ਪੁਰਾਣੀ ਤਸਵੀਰ ਜਿਸ ਵਿੱਚ ਸ. ਗਜਿੰਦਰ ਸਿੰਘ ਆਪਣੇ ਭੈਣਾਂ-ਭਰਾਵਾਂ ਨਾਲ

ਮਾਵਾਂ ਠੰਡੀਆਂ ਛਾਂਵਾਂ



ਸ. ਗਜਿੰਦਰ ਸਿੰਘ ਜੀ ਦੀ ਮਾਤਾ ਸਵ: ਰਣਜੀਤ ਕੌਰ



ਸ. ਗਜਿੰਦਰ ਸਿੰਘ ਆਪਣੀ ਪਤਨੀ ਬੀਬੀ ਮਨਜੀਤ ਕੌਰ ਅਤੇ ਸਾਥੀ ਸ. ਜਤਿੰਦਰ ਸਿੰਘ ਨਾਲ ਨਨਕਾਣਾ ਸਾਹਿਬ ਵਿਖੇ